'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 21 ਪੁਸਤਕ ਲੜੀ : 84 ਜੁਲਾਈ-ਸਤੰਬਰ, 2021

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਬਲਬੀਰ ਪਰਵਾਨਾ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | | |
|---|---|---|
| India | Rs. 75 Per Issue | |
| | Rs. 300 Per Year | |
| | Rs.1500 Per 5 Years | |
| U.K. | £4 Per issue | |
| | £15 Per Year | |
| | £75 Per 5 Years | |
| U.S.A./ | $30 Per Year | |
| Canada | $30 Per Year | |
| | $150 Per 5 Years. | |

## ਅੰਦਰ ਪੜ੍ਹੋ


- ਸੰਪਾਦਕੀ: ਕਿਸਾਨੀ ਸੰਕਟ ਅਤੇ ਸੰਭਾਵੀ ਬਿਰਤਾਂਤਕਾਰੀ ਦੇ ਅਧਾਰ ............... 2
- ਪੰਜਾਬੀ ਰਸਮਾਂ ਦਾ ਬਦਲਦਾ ਮੁਹਾਂਦਰਾ
  **-ਸੁਖਜਿੰਦਰ ਰਿਸ਼ੀ** ..................... 10
- ਉਪਭੋਗਤਾਵਾਦੀ ਵਰਤਾਰੇ ਦੀ ਅਸਲ ਤਸਵੀਰ: ਨਾਵਲ ਸ਼ੋਅਰੂਮ
  **-ਪ੍ਰੋ. ਰਮਨਪ੍ਰੀਤ ਕੌਰ ਚੌਹਾਨ** ........... 15
- ਦਾਗਿਸਤਾਨੀ ਲੋਕ ਧਾਰਾ ਅਤੇ ਸਭਿਆਚਾਰ
  **-ਡਾ. ਮਨਦੀਪ ਕੌਰ** .................... 21
- ਕਹਾਣੀ-ਬਾਲੋ
  **-ਪਰਵੇਜ਼ ਸੰਧੂ** ........................... 31
- ਕਹਾਣੀ-ਤੂੰ ਆਪ ਸਮਝ
  **-ਬਲਦੇਵ ਸਿੰਘ ਢੀਂਡਸਾ** ................ 46
- ਕਹਾਣੀ-ਬੂਟ
  **-ਅਰਵਿੰਦਰ ਕੌਰ ਧਾਲੀਵਾਲ** ........... 66
- ਪੰਜਾਬੀ ਕਹਾਣੀ ਦੀ ਪ੍ਰਤੀਰੋਧੀ ਧੁਨੀ ਦੀ ਕਥਾਕਾਰੀ 'ਆਪਣੇ-ਆਪਣੇ ਮਰਸੀਏ'
  **-ਰਜਨੀਸ਼ ਬਹਾਦਰ ਸਿੰਘ** .............. 72
- ਕਵਿਤਾਵਾਂ: ਵਨੀਤਾ, ਵਿਪਨ ਗਿੱਲ, ਹਰਸਿਮਰਤ ਕੌਰ .................. 84-99
- ਸਮਕਾਲੀ ਸਾਹਿਤ ਨੂੰ ਵਾਚਦਿਆਂ
  **-ਕੁਲਵੰਤ ਸਿੰਘ ਸੰਧੂ** ................. 100
- ਪਾਠਕ ਪ੍ਰਤੀਕਿਰਿਆ ................ 104


☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।
☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

**ਸੰਪਾਦਕੀ:**

# ਕਿਸਾਨ ਸੰਕਟ ਅਤੇ ਸੰਭਾਵੀ ਬਿਰਤਾਂਤਕਾਰੀ ਦੇ ਅਧਾਰ

ਕਿਸਾਨੀ ਸੰਘਰਸ਼ ਦਾ ਇਤਿਹਾਸ ਮਨੁੱਖ ਦੇ ਖੇਤੀ ਕਰਨ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਪੁਰਾਤਨ ਕਾਲ ਤੋਂ ਹੀ ਇਹ ਬਹੁਤਾ ਕਰਕੇ ਸਥਾਨਕ ਨਾਲ ਜੁੜਿਆ ਹੋਇਆ ਸੀ। ਸਨਅਤੀਕਰਨ ਅਤੇ ਫਿਰ ਬਸਤੀਵਾਦ ਦੇ ਵਰਤਾਰੇ ਨੇ ਇਸ ਨੂੰ ਸੰਗਠਿਤ ਸੰਘਰਸ਼, ਰਾਜਸੀ ਚੇਤਨਾ ਅਤੇ ਕੌਮਾਂਤਰੀ ਬਣਾ ਦਿੱਤਾ। ਭਾਰਤ ਵਿਚ ਸਮਾਜਿਕ, ਆਰਥਿਕ ਮਸਲਿਆਂ ਦਾ ਰਾਜਸੀ ਸੰਗਠਿਤ ਵਿਰੋਧ ਬਸਤੀਕਾਰਾਂ ਦੀਆਂ ਅਮਾਨਵੀ ਨੀਤੀਆਂ ਦੇ ਵਿਰੋਧ ਵਿਚ ਹੋਣਾ ਸ਼ੁਰੂ ਹੋਇਆ। ਮੱਧਕਾਲੀ ਪੈਦਾਵਾਰੀ ਵਿਧੀਆਂ ਦੀ ਮੂਲ ਚੂਲ ਜਗੀਰਦਾਰੀ ਪ੍ਰਬੰਧ ਸੀ। ਇਸ ਦੌਰ ਵਿਚ ਪੈਦਾਵਾਰ ਦੀ ਅਜ਼ਾਦ ਇਕਾਈ ਪਿੰਡ ਸੀ। ਇਸ ਵਿਵਸਥਾ ਵਿਚ ਰਾਜ ਪ੍ਰਬੰਧ ਅਤੇ ਪੈਦਾਵਾਰ ਦੀ ਵੰਡ ਹੇਠਾਂ ਤੋਂ ਉਪਰ ਵਲ ਜਾਂਦੀ ਸੀ। ਸਿਖ਼ਰ ਉਤੇ ਰਾਜਾ ਸੀ। ਇਹ ਕਿਤੇ ਬਾਦਸ਼ਾਹ ਅਤੇ ਕਿਤੇ ਸੁਲਤਾਨ ਦੇ ਰੂਪ ਵਿਚ ਆਪਣੇ ਅਧਿਕਾਰੀਆਂ ਅਤੇ ਕਰਿੰਦਿਆਂ ਰਾਹੀਂ ਸੱਤਾ ਚਲਾਉਂਦੇ ਸਨ। ਆਮ ਤੌਰ 'ਤੇ ਪਿੰਡ ਆਰਥਿਕ ਅਤੇ ਰਾਜਸੀ ਇਕਾਈ ਦੇ ਤੌਰ 'ਤੇ ਲਗਭਗ ਸੁਤੰਤਰ ਸਨ। ਮਾਸਤੀ ਵੈਂਕਟੇਸਵਰ ਆਇੰਗਰ ਦੇ ਕੰਨੜ ਨਾਵਲ 'ਚੀਨਾ ਬਸੱਵਾ ਨਾਇਕਾ' ਵਿਚ ਇਸ ਸਥਿਤੀ ਦਾ ਵਿਸਤ੍ਰਿਤ ਚਿੱਤਰ ਪੇਸ਼ ਕੀਤਾ ਗਿਆ। ਇਸ ਵਿਵਸਥਾ ਅਧੀਨ ਪਿੰਡ ਦੀ ਸਾਰੀ ਜ਼ਮੀਨ ਦਾ ਮਾਲਕ ਜਗੀਰਦਾਰ ਸੀ। ਇਥੇ ਕਿਸਾਨ ਜਗੀਰਦਾਰ ਦੇ ਖੇਤ ਵਿਚ ਮਜ਼ਦੂਰੀ ਹੀ ਨਹੀਂ ਸੀ ਕਰਦਾ, ਸਗੋਂ ਉਸ ਦੇ ਸਮਾਜਿਕ ਅਧਿਕਾਰ ਵੀ ਜਗੀਰਦਾਰ ਕੋਲ ਸਨ। ਪਹਿਲਾਂ ਸੰਘਰਸ਼ ਰਿਸ਼ਤਿਆਂ ਦੀ ਆਜ਼ਾਦੀ ਤੋਂ ਹੀ ਸ਼ੁਰੂ ਹੁੰਦਾ ਹੈ। ਇਹ ਨਾਵਲ ਇਹਨਾਂ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ। ਬਸਤੀਵਾਦੀ ਵਰਤਾਰੇ ਨੇ ਇਸ ਇਕਾਈ ਨੂੰ ਭੰਗ ਕਰ ਦਿੱਤਾ। ਪਹਿਲੀ ਵਾਰੀ ਮੰਡੀ ਦੇ ਰਿਸ਼ਤੇ ਬਸਤੀਵਾਦੀ ਦੌਰ ਵਿਚ ਹੀ ਪੇਂਡੂ ਸਮਾਜਚਾਰੇ ਵਿਚ ਪ੍ਰਵੇਸ਼ ਕਰਦੇ ਹਨ। ਮੰਡੀ ਫਸਲਾਂ ਦੀ ਕੀਮਤਾਂ ਤੈਅ ਕਰਨ ਲੱਗ ਪਈ। ਅੰਤਰਰਾਸ਼ਟਰੀ ਮੰਡੀ ਸਥਾਨਕ ਮੰਡੀ ਤੋਂ ਲੈ ਕੇ ਪਿੰਡ ਦੀ ਵਿਵਸਥਾ ਨੂੰ ਪ੍ਰਭਾਵਿਤ ਕਰਨ ਲੱਗ ਪਈ। ਇਸ ਵਿਵਸਥਾ ਨੇ ਕਿਸਾਨੀ ਨੂੰ ਤਬਾਹੀ ਵੱਲ ਧੱਕ ਦਿੱਤਾ। ਨੀਲ ਦੀ ਖੇਤੀ ਦੀਆਂ ਬਗ਼ਾਵਤਾਂ ਇਹਨਾਂ ਨੀਤੀਆਂ ਦਾ ਹੀ ਸਿੱਟਾ ਸਨ। ਕਣਕ ਅਤੇ ਕਪਾਹ ਦੀਆਂ ਸਥਾਨਕ ਕੀਮਤਾਂ ਉਤੇ ਕੌਮਾਂਤਰੀ ਮੰਡੀ ਦਾ ਪ੍ਰਭਾਵ ਪੈਣਾ ਸ਼ੁਰੂ ਹੋਇਆ। ਇੰਗਲੈਂਡ ਵਿਚ ਮਾਨਚੈਸਟਰ ਦੀਆਂ ਕੱਪੜਾ ਮਿੱਲਾਂ ਲਈ ਕਪਾਹ ਭਾਰਤ ਤੋਂ ਜਾਂਦੀ ਸੀ। ਇਸ ਤਰ੍ਹਾਂ ਕਪਾਹ ਪੈਦਾ ਕਰਨ ਲਈ ਖ਼ਾਸ ਇਲਾਕਿਆਂ ਦੀ ਪਛਾਣ ਕੀਤੀ ਗਈ। ਅਜਿਹੀਆਂ ਫਸਲਾਂ ਦਾ ਮੁੱਲ ਨਿਰਧਾਰਿਤ ਕਰਨ ਲਈ ਕੋਈ ਸਰਕਾਰੀ ਨੀਤੀ ਨਹੀਂ ਸੀ। ਇਸ ਤਰ੍ਹਾਂ ਕਿਸਾਨ ਦਿਨ ਪ੍ਰਤੀ ਦਿਨ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਿਹਾ ਸੀ। ਇਸੇ ਲਈ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅੰਦੋਲਨ ਉਠ ਰਹੇ ਸਨ। ਇਹ ਸਾਰੇ ਵਿਰੋਧ ਸਥਾਨਕ ਪੱਧਰ ਉਤੇ ਉਠ ਰਹੇ ਸਨ। ਇਹਨਾਂ ਨੂੰ ਸਰਕਾਰ ਆਮ ਤੌਰ 'ਤੇ ਜਬਰ ਕਰਕੇ ਦਬਾ ਦਿੰਦੀ। ਕਿਸਾਨ ਤੀਹਰੇ ਸੰਕਟ ਦਾ ਸ਼ਿਕਾਰ ਹੋ ਰਹੇ ਸਨ। ਇਕ ਪਾਸੇ ਸਥਾਨਕ ਵਪਾਰੀ, ਦੂਜਾ ਜਗੀਰਦਾਰ ਅਤੇ ਉਸਦੇ ਕਰਿੰਦੇ ਅਤੇ ਤੀਜੇ ਪਾਸੇ ਅੰਗਰੇਜ਼ ਸਾਮਰਾਜ।

ਪੰਜਾਬ ਵਿਚ ਇਹ ਸਾਰੇ ਸੰਕਟ ਥੋੜ੍ਹਾ ਪੱਛੜ ਕੇ ਆਏ। ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣਿਆ। ਵੈਸੇ ਤਾਂ ਸਮੁੱਚਾ ਭਾਰਤ ਹੀ ਖੇਤੀ ਪ੍ਰਧਾਨ ਦੇਸ਼ ਸੀ, ਪਰੰਤੂ ਪੰਜਾਬ ਦੀ ਕਿਸਾਨੀ ਦਾ ਸੁਭਾਅ ਧਾਰਮਿਕ ਅਵਚੇਤਨ ਅਤੇ ਸਭਿਆਚਾਰਕ ਵਿਲੱਖਣਤਾਵਾਂ ਕਾਰਨ ਵੱਖਰਾ ਸੀ। ਉਹ ਪੰਜਾਬ ਜਿਹੜਾ ਰਣਜੀਤ ਸਿੰਘ ਅਤੇ ਬਾਕੀ ਰਿਆਸਤਾਂ ਮਿਲਾ ਕੇ ਇਕ ਵੱਡਾ ਭੂਗੋਲਿਕ ਖਿੱਤਾ ਸੀ, ਇਥੇ ਸਿੱਖ, ਮੁਸਲਮਾਨ ਅਤੇ ਹਿੰਦੂ ਕਿਸਾਨੀ ਦੇ ਕਿੱਤੇ ਨਾਲ ਜੁੜੇ ਹੋਏ ਸਨ। ਇਸ ਵਿਚ ਜੱਟ ਸਿੱਖ ਕਿਸਾਨੀ ਵੱਡੀ ਗਿਣਤੀ ਵਿਚ ਸੀ। ਮੁਸਲਮਾਨਾਂ ਵਿਚ ਬਹੁ-ਗਿਣਤੀ ਮੁਜ਼ਾਰਿਆਂ ਜਾਂ ਸਬਜ਼ੀ ਦਾ ਕੰਮ ਕਰਨ ਵਾਲੇ ਕਿਸਾਨਾਂ ਦੀ ਸੀ। ਉਤਰੀ ਅਤੇ ਪੂਰਬੀ ਹਿੱਸੇ ਵਿਚ ਹਿੰਦੂ ਜਾਟ ਅਤੇ ਰਾਜਪੂਤ ਵੱਡੇ ਹਿੱਸੇ ਵਿਚ ਫੈਲੇ ਹੋਏ ਸਨ। ਇਹੀ ਹਿੱਸਾ ਜੀ ਜਿਥੋਂ ਫੌਜ ਵਿਚ ਵੱਡੀ ਭਰਤੀ ਹੁੰਦੀ ਸੀ। ਇਸ ਸਮਾਜਿਕ ਸ਼ਕਤੀ ਨੂੰ ਧਿਆਨ ਵਿਚ ਰੱਖਦੇ ਹੋਏ ਅੰਗਰੇਜ਼ਾਂ ਤੇ ਮਾਰਸ਼ਲ ਕੌਮਾਂ, ਦਾ ਸੰਕਲਪ ਵੀ ਪਰਚਾਰਿਆ। ਪੱਛਮੀ ਪੰਜਾਬ ਵਿਚ ਬਾਰਾਂ ਵਸਾਈਆਂ, ਨਹਿਰਾਂ ਕੱਢੀਆਂ। ਇਸ ਦਾ ਲਾਭ ਕਿਸਾਨੀ ਦੇ ਛੋਟੇ ਹਿੱਸੇ ਨੂੰ ਮਿਲਿਆ। ਅੰਗਰੇਜ਼ਾਂ ਨੇ ਜਦੋਂ-ਜਦੋਂ ਖੇਤੀ ਨਾਲ ਸੰਬੰਧਿਤ ਕਾਨੂੰਨ ਬਣਾਏ, ਪੰਜਾਬ ਦੇ ਕਿਸਾਨਾਂ ਨੇ ਬਗ਼ਾਵਤ ਕੀਤੀ। ਪੰਜਾਬ ਵਿਚ ਉੱਠੀਆਂ ਸਾਰੀਆਂ ਲਹਿਰਾਂ ਦਾ ਕੇਂਦਰ ਕਿਸਾਨੀ ਸਮਾਜ ਰਿਹਾ ਹੈ। ਭਾਵੇਂ ਗ਼ਦਰ ਲਹਿਰ, ਕਿਰਤੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਇਹਨਾਂ ਸਾਰੀਆਂ ਲਹਿਰਾਂ ਦਾ ਖ਼ਾਸਾ ਸਾਮਰਾਜ ਵਿਰੋਧੀ ਸੀ। ਇਹ ਸਾਰੀਆਂ ਲਹਿਰਾਂ ਸੰਗਠਿਤ ਲਹਿਰਾਂ ਸਨ। ਇਹ ਸਾਰੀਆਂ ਲਹਿਰਾਂ ਪੰਜਾਬ ਦੇ ਜਨ-ਮਾਨਸ ਖ਼ਾਸ ਕਰਕੇ ਕਿਸਾਨੀ ਦੇ ਅਸੰਤੋਸ਼ ਵਿਚੋਂ ਪੈਦਾ ਹੋਈਆਂ ਸਨ। ਇਸੇ ਦੌਰ ਵਿਚ ਕਿਸਾਨੀ ਲੀਡਰਸ਼ਿਪ ਸਾਹਮਣੇ ਆਈ। ਕਿਸਾਨ ਰਾਜਸੀ ਖੇਤਰ ਵਿਚ ਇਕ ਰਾਜਸੀ ਤਾਕਤ ਬਣਕੇ ਉਭਰੇ। ਇਸੇ ਦਬਾਅ ਕਰਕੇ 1901 ਈ. ਵਿਚ ਪੰਜਾਬ ਵਿਚ ਸਰ ਸਿਕੰਦਰ ਹਯਾਤ ਖ਼ਾਨ ਟਿਵਾਣਾ ਦੀ ਸਰਕਾਰ ਨੇ ਲੈਂਡ ਅਲਾਇਨੇਸ਼ਨ ਐਕਟ ਪਾਸ ਕੀਤਾ, ਜਿਸ ਨੇ ਕਿਸਾਨੀ ਸ਼ਾਹੂਕਾਰੇ ਦੀ ਮਾਰ ਤੋਂ ਬਚਾਉਣ ਲਈ ਕਈ ਕਦਮ ਚੁਕੇ। ਇਸ ਦੌਰ ਵਿਚ ਸਰ ਛੋਟੂ ਰਾਮ ਪੰਜਾਬ ਦਾ ਵੱਡਾ ਕਿਸਾਨ ਨੇਤਾ ਬਣਕੇ ਉਭਰਿਆ। ਉਸ ਸਮੇਂ ਪੰਜਾਬ ਦੇ ਆਮ ਕਿਸਾਨ ਦੀ ਚਾਹਤ ਭੂਮੀ ਦੀ ਮਾਲਕੀ ਅਤੇ ਆਪਣੀ ਔਲਾਦ ਨੂੰ ਖੇਤੀ ਦੇ ਕਿੱਤੇ ਵਿਚ ਪ੍ਰਵੇਸ਼ ਕਰਨ ਤੋਂ ਰੋਕਣਾ ਸੀ। ਖੇਤੀ ਦਾ ਧੰਦਾ ਉਸ ਲਈ ਕਦੇ ਵੀ ਲਾਹੇਵੰਦ ਨਹੀਂ ਰਿਹਾ। ਇਸੇ ਲਈ ਉਸ ਲਈ ਹਮੇਸ਼ਾਂ ਸਰਕਾਰੀ ਨੌਕਰੀ ਆਦਰਸ਼ ਰਿਹਾ ਹੈ।

ਇਹ ਵੀਹਵੀਂ ਸਦੀ ਦੇ ਪਹਿਲੇ ਅੱਧ ਦੀ ਸਥਿਤੀ ਆਧੁਨਿਕ ਪੰਜਾਬੀ ਬਿਰਤਾਂਤਕਾਰੀ ਦਾ ਅਧਾਰ ਰਹੀ ਹੈ। ਆਧੁਨਿਕ ਪੰਜਾਬੀ ਬਿਰਤਾਂਤਕਾਰੀ ਦੇ ਸਿਰਜਕੀ ਵਰਤਾਰੇ ਦਾ ਅਧਾਰ ਮੂਲ ਰੂਪ ਵਿਚ ਕਿਸਾਨੀ ਪਰਤਾਂ ’ਚੋਂ ਉਭਰਿਆ ਮੱਧ-ਵਰਗ ਰਿਹਾ ਹੈ। ਜਿਹੜਾ ਸ਼ਹਿਰੀ ਮੱਧ-ਵਰਗ ਸੀ, ਉਹ ਵੀ ਪੇਂਡੂ ਸੰਸਕ੍ਰਿਤੀ ਦੇ ਆਧਾਰਾਂ ਨਾਲ ਹੀ ਜੁੜਿਆ ਹੋਇਆ ਸੀ। ਇਹ ਉਹ ਹੱਟਬਾਣੀਆਂ ਵਰਗ ਸੀ ਜਿਹੜਾ ਕਸਬਈ (ਛੋਟੇ ਸ਼ਹਿਰ) ਸਾਂਸਕ੍ਰਿਤੀ ਨਾਲ ਜੁੜਿਆ ਹੋਇਆ ਸੀ। ਪੰਜਾਬੀ ਨਾਵਲ ਦੀ ਸਿਰਜਣਕਾਰੀ ਵਿਚ ਕਿਸਾਨੀ ਦੀ ਮੂਲ ਚਾਹਤ ਦਾ ਬਿਰਤਾਂਤ ਸੰਤ ਸਿੰਘ ਸੇਖੋਂ ਦੇ ਨਾਵਲ ‘ਲਹੂ ਮਿੱਟੀ’ ਵਿਚੋਂ ਉਭਰਦਾ ਹੈ। ਮੇਰੇ ਹਿਸਾਬ ਨਾਲ ਇਹ ਬਰਤਾਨਵੀ ਸਾਮਰਾਜ ਅਧੀਨ ਆਪਣੀ ਹੋਂਦ ਲਈ ਸੰਘਰਸ਼ ਕਰ ਰਹੀ ਕਿਸਾਨੀ ਦਾ ਪ੍ਰਮਾਣਿਕ

ਚਿੱਤਰ ਹੈ। ਇਸ ਤੋਂ ਬਾਅਦ ਸੁਰਿੰਦਰ ਸਿੰਘ ਨਰੂਲਾ ਦੇ 'ਨੀਲੀ ਬਾਰ', 'ਲੋਕ ਦੁਸ਼ਮਣ' ਗੁਰਚਰਨ ਸਿੰਘ ਦਾ, ਵਗਦੀ ਸੀ ਰਾਵੀ ਅਤੇ ਫਿਰ ਸੋਹਣ ਸਿੰਘ ਸੀਤਲ ਦਾ 'ਯੁੱਗ ਬਦਲ ਗਿਆ' ਪ੍ਰਮੁੱਖ ਨਾਵਲ ਹਨ। ਆਜ਼ਾਦੀ ਤੋਂ ਬਾਅਦ ਕਿਸਾਨੀ ਸੰਘਰਸ਼ ਨਵੇਂ ਦੌਰ ਵਿਚ ਦਾਖ਼ਲ ਹੁੰਦਾ ਹੈ। ਭਾਰਤ ਦੀ ਆਜ਼ਾਦੀ ਸਮੇਂ ਪੰਜ ਸੌ ਤੋਂ ਵੱਧ ਰਿਆਸਤਾਂ ਦੁਆਰਾ ਸੰਚਾਲਤ ਵੱਡਾ ਭੂਗੋਲਿਕ ਖਿੱਤਾ ਸੀ। ਅਵਿਕਸਤ ਸਨਅਤ, ਜਗੀਰਦਾਰੀ ਦੇ ਜੜ ਮੁੱਲਾਂ ਵਿਚ ਗ੍ਰਸਿਆ ਸਮਾਜ, ਦੇਸ਼ ਵੰਡ ਕਾਰਨ ਉਜਾੜੇ ਦੀ ਸਮੱਸਿਆ ਨਾਲ ਬਦਹਾਲ ਲੋਕ ਅਤੇ ਫਿਰਕੂ ਫਸਾਦਾਂ ਦੇ ਅੱਲ੍ਹੇ ਜ਼ਖ਼ਮ ਅਰਥਾਤ ਆਜ਼ਾਦ ਭਾਰਤ ਬੁਰੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਇਹਨਾਂ ਰਿਆਸਤਾਂ ਨੂੰ ਮਿਲਾ ਕੇ ਭਾਰਤ ਇਕ ਸੁਤੰਤਰ ਗਣਰਾਜ ਬਣ ਗਿਆ। ਸਖ਼ਤ ਮਿਹਨਤ ਅਤੇ ਵਿਚਾਰ-ਚਰਚਾ ਤੋਂ ਬਾਅਦ ਭਾਰਤੀ ਸੰਵਿਧਾਨ ਹੋਂਦ ਵਿਚ ਆਇਆ। ਪੱਛੜੀ ਖੇਤੀ ਉਤੋਂ ਜਗੀਰਦਾਰੀ ਪੈਦਾਵਾਰੀ ਰਿਸ਼ਤੇ ਕਿਸਾਨੀ ਦੀ ਮੰਦਹਾਲੀ ਦਾ ਕਾਰਨ ਬਣੇ ਹੋਏ ਸਨ। ਪੰਜਾਬ ਵਿਚ ਪੈਪਸੂ ਇਲਾਕੇ ਵਿਚ ਮੁਜ਼ਾਰਾ ਲਹਿਰ ਜਲਦੀ ਹੀ ਜ਼ੋਰ ਫੜ ਗਈ। ਮਾਲਵਾ ਖੇਤਰ ਜਗੀਰਦਾਰੀ ਦੀ ਜਕੜ ਵਿਚ ਸੀ। ਪੰਜਾਬ ਵਿਚ ਆਜ਼ਾਦੀ ਤੋਂ ਬਾਅਦ ਇਹ ਕਿਸਾਨੀ ਦੀ ਪਹਿਲੀ ਜਥੇਬੰਦ ਲਹਿਰ ਸੀ। ਇਸ ਲਹਿਰ ਨੇ ਕਿਸਾਨਾਂ ਨੂੰ ਲਾਮਬੰਦ ਹੀ ਨਹੀਂ ਕੀਤਾ, ਸਗੋਂ ਇਸ ਨੂੰ ਅੰਜ਼ਾਮ ਤਕ ਪਹੁੰਚਾਇਆ। ਮੁਜ਼ਾਰਿਆਂ ਨੂੰ ਉਸ ਜ਼ਮੀਨ ਦੀ ਮਾਲਕੀ ਦਾ ਹੱਕ ਮਿਲਿਆ। ਇਸ ਨਾਲ ਕਿਸਾਨ ਸਭਾ ਮਜ਼ਬੂਤ ਹੀ ਨਹੀਂ ਹੋਈ, ਸਗੋਂ ਇਸ ਲਹਿਰ ਵਿਚੋਂ ਲੋਕ ਭਰੋਸੇ ਵਾਲੇ ਆਗੂ ਪੈਦਾ ਹੋਏ। ਜਿਹਨਾਂ ਵਿਚੋਂ ਕਈ ਅਸੰਬਲੀ ਅਤੇ ਪਾਰਲੀਮੈਂਟ ਵਿਚ ਲੋਕਾਂ ਦੀ ਅਗਵਾਈ ਕਰਦੇ ਰਹੇ। ਇਸ ਸੰਘਰਸ਼ ਨੂੰ ਸੰਬੋਧਿਤ ਜਸਵੰਤ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਸੀ। ਇਹ ਨਾਵਲ ਹੁਣ ਤਕ ਇਕ ਪੀੜ੍ਹੀ ਦੇ ਅਵਚੇਤਨ ਵਿਚ ਵਸਿਆ ਹੋਇਆ ਹੈ। ਨਾਵਲਕਾਰਾਂ ਦੇ ਨਾਲ ਦੂਜੀ ਪੀੜ੍ਹੀ ਦੇ ਕਹਾਣੀਕਾਰਾਂ ਵਿਚ ਵੀ ਕਿਸਾਨੀ ਸੰਕਟ ਨੂੰ ਲੈ ਕੇ ਦਸਤਾਵੇਜ਼ੀ ਕਹਾਣੀਆਂ ਲਿਖੀਆਂ। ਇਸ ਵਿਚ ਕੁਲਵੰਤ ਸਿੰਘ ਵਿਰਕ ਅਤੇ ਸੰਤ ਸਿੰਘ ਸੇਖੋਂ ਪ੍ਰਮੁੱਖ ਸਨ। ਵੀਹਵੀਂ ਸਦੀ ਦੇ ਸੱਠਵਿਆਂ ਤੱਕ ਦਾ ਸਮਾਂ ਕਿਸਾਨੀ ਸੰਘਰਸ਼ਾਂ ਅਤੇ ਸਾਹਿਤ ਵਿਚ ਕਿਸਾਨੀ ਸੰਕਟਾਂ ਦੀ ਪੇਸ਼ਕਾਰੀ ਦਾ ਸਮਾਂ ਸੀ। ਇਹੀ ਸਮਾਂ ਸੀ ਜਦੋਂ ਕਿਸਾਨੀ ਅੰਦਰ ਇਕ ਪੜ੍ਹਿਆ-ਲਿਖਿਆ ਤਬਕਾ ਪੈਦਾ ਹੋ ਰਿਹਾ ਸੀ। ਉਧਰ ਭਾਰਤ ਰਾਜਾਂ ਦੇ ਪੁਨਰ-ਗਠਨ ਦੇ ਪੜਾਅ ਵਿਚੋਂ ਲੰਘ ਰਿਹਾ ਸੀ। ਭਾਸ਼ਾ ਦੇ ਆਧਾਰ ਉਤੇ ਰਾਜਾਂ ਦਾ ਪੁਨਰ-ਗਠਨ ਹੋ ਰਿਹਾ ਸੀ। ਸਥਾਨਕਤਾ ਦੇ ਅਵਚੇਤਨ ਨਾਲ ਲਬਰੇਜ਼ ਰਾਜਾਂ ਦੀ ਖ਼ੁਦਮੁਖਤਿਆਰੀ ਦਾ ਮਸਲਾ ਵੀ ਬਹਿਸ ਤਲਬ ਸੀ। ਇਸ ਸਮੇਂ ਪੰਜਾਬ ਜਟਿਲ ਸਥਿਤੀ ਵਿਚੋਂ ਲੰਘ ਰਿਹਾ ਸੀ। ਇਸ ਦੇ ਕਾਰਨ ਪੰਜਾਬ ਦੇ ਧਰਮ ਅਧਾਰਿਤ ਮਸਲਿਆਂ ਵਿਚ ਮੌਜੂਦ ਸਨ। ਪੰਜਾਬ ਵਿਚ ਇਹ ਪਹਿਲੀ ਵਾਰ ਹੋਇਆ ਕਿ ਸਰਮਾਏਦਾਰੀ ਮਜ਼ਹਬੀ/ ਖੰਡਾਂ ਵਿਚ ਵੰਡੀ ਹੀ ਨਹੀਂ ਗਈ, ਸਗੋਂ ਕੇਂਦਰ ਨਾਲ ਸੰਬੰਧਾਂ ਨੂੰ ਲੈ ਕੇ ਆਪਣੇ-ਆਪਣੇ ਪੈਂਤੜੇ ਅਪਣਾਉਣ ਲੱਗ ਪਈ। ਕੌਮੀ ਸਰਮਾਏਦਾਰੀ ਵੀ ਸੱਤ੍ਹਾ ਦੇ ਲਾਲਚ ਵਿਚ ਇਸ ਵੰਡ ਨੂੰ ਹਵਾ ਦੇਣ ਲੱਗ ਪਈ। ਜਿਸ ਦਾ ਸਿੱਟਾ ਪੰਜਾਬ ਦੀ ਵੰਡ-ਦਰ-ਵੰਡ ਹੋਈ।

ਹਰੇ ਇਨਕਲਾਬ ਨੇ ਪੰਜਾਬ ਦੀ ਮੰਡੀ ਦਾ ਵਿਕਾਸ ਹੀ ਨਹੀਂ ਕੀਤਾ, ਸਗੋਂ ਖੇਤੀ ਦਾ ਮਸ਼ੀਨੀਕਰਨ ਵੀ ਤੇਜ਼ੀ ਨਾਲ ਕੀਤਾ। ਕੁਲ ਜਿਣਸ ਦੀ ਪੈਦਾਵਾਰ ਕਿਸਾਨੀ ਦਾ ਵੱਡਾ ਹਿੱਸਾ

ਰਾਜਸੀ ਪਾਰਟੀਆਂ ਦੇ ਵਿੰਗ ਵਜੋਂ ਕੰਮ ਕਰ ਰਿਹਾ ਸੀ। ਇਹਨਾਂ ਦਾ ਮੁੱਖ ਏਜੰਡਾ ਰਾਜਸੀ ਪਾਰਟੀਆਂ ਦੀ ਰਾਜਨੀਤੀ ਅਨੁਸਾਰ ਤੈਅ ਹੁੰਦਾ ਸੀ। ਕੁਝ ਸਮੇਂ ਬਾਅਦ ਇਹ ਰਾਜਸੀ ਪਾਰਟੀਆਂ ਦੇ ਕਿਸਾਨ ਵਿੰਗ ਗੈਰ-ਪ੍ਰਸੰਗਿਕ ਹੋ ਕੇ ਰਹਿ ਗਏ। ਇਸ ਸਮੇਂ ਧਨੀ ਕਿਸਾਨੀ ਦਾ ਇਕ ਵਰਗ ਸਾਹਮਣੇ ਆਇਆ। ਇਹਨਾਂ ਦੀਆਂ ਮੁੱਖ ਮੰਗਾਂ, ਜਿਣਸਾਂ ਦੇ ਵੱਧ ਭਾਅ, ਬੈਂਕਾਂ ਦੇ ਸਸਤੇ ਅਤੇ ਸੰਸਥਾਈ ਕਰਜ਼ੇ, ਮੰਡੀ ਦੇ ਸੁਧਾਰ ਸ਼ਾਮਲ ਹੋ ਗਏ। ਜਿਹੜੇ ਅੱਗੇ ਚਲ ਕੇ ਬਿਜਲੀ ਦੇ ਬਿੱਲਾਂ ਦੀ ਮੁਆਫੀ ਅਤੇ ਕਰਜ਼ਾ ਮੁਆਫੀ ਤਕ ਪਹੁੰਚ ਗਏ। ਇਹਨਾਂ ਦੇ ਘੋਲ ਧਨੀ ਕਿਸਾਨੀ ਤੋਂ ਲੈ ਕੇ ਮੱਧ ਕਿਸਾਨੀ ਤਕ ਹੀ ਫੈਲੇ। ਛੋਟੀ ਕਿਸਾਨੀ ਸਿਰਫ਼ ਜਾਤੀ ਅਤੇ ਧਾਰਮਿਕ ਸਾਂਝ ਕਰਕੇ ਰਾਜਸੀ ਪੱਧਰ ਉਤੇ ਨਾਲ ਤੁਰਦੀ ਰਹੀ। ਪਰੰਤੂ ਉਸਨੂੰ ਆਰਥਿਕ ਪੱਧਰ 'ਤੇ ਕਿਸਾਨ ਸੰਗਠਨਾਂ ਦੀਆਂ ਇਹਨਾਂ ਮੰਗਾਂ ਦਾ ਬਹੁਤਾ ਫਾਇਦਾ ਨਹੀਂ ਹੋਇਆ। ਇਸ ਦਾ ਨੁਕਸਾਨ ਇਹ ਹੋਇਆ ਕਿ ਖੇਤ ਮਜ਼ਦੂਰ ਇਹਨਾਂ ਸੰਗਠਨਾਂ ਤੋਂ ਦੂਰ ਹੋ ਗਏ। ਧਨੀ ਕਿਸਾਨੀ ਰਾਜਸੀ ਖੇਤਰ ਵਿਚ ਆਪਣੀ ਮਜ਼ਬੂਤ ਪਕੜ ਬਣਾਉਂਦੀ ਗਈ। ਅੱਤਵਾਦ ਦੇ ਦੌਰ ਨੇ ਸਮਾਜਚਾਰੇ ਲਈ ਝੁਰਚਿਰੀ ਸੰਕਟ ਖੜ੍ਹੇ ਕਰ ਦਿੱਤੇ। ਇਸ ਸਮੇਂ ਵੀ ਕਿਸਾਨ ਸੰਗਠਨ ਸਰਗਰਮ ਰਹੇ। ਇਸ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਦੀਆਂ ਦੋ ਮੰਗਾਂ, ਕਰਜ਼ਾ ਮੁਆਫੀ ਅਤੇ ਟਿਊਬਵੈਲਾਂ ਦੀ ਬਿਜਲੀ ਨੂੰ ਮੁਫ਼ਤ ਕਰਨਾ, ਉਭਰ ਕੇ ਸਾਹਮਣੇ ਹੀ ਨਹੀਂ ਆਈਆਂ ਸਗੋਂ ਰਾਜਸੀ ਪਾਰਟੀਆਂ ਦੇ ਚੋਣ ਘੋਸ਼ਣਾ ਪੱਤਰ ਦੀਆਂ ਜ਼ਰੂਰੀ ਮੱਦਾਂ ਵੀ ਬਣ ਗਈਆਂ। ਇਹਨਾਂ ਸੰਕਟਾਂ ਪਿੱਛੇ ਖੜ੍ਹੀ ਵਿਵਸਥਾ ਪੰਜਾਬੀ ਨਾਵਲ ਦੀ ਵਸਤ ਬਣਨ ਲੱਗ ਪਈ। ਗੁਰਦਿਆਲ ਸਿੰਘ ਦਾ ਨਾਵਲ, 'ਆਥਣ-ਉਗਣ', ਕਰਮਜੀਤ ਸਿੰਘ ਕੁੱਸਾ ਦਾ 'ਰੋਹੀ ਬੀਆਬਾਨ', ਬਲਦੇਵ ਸਿੰਘ ਦਾ 'ਅੰਨਦਾਤਾ' ਅਤੇ ਬਲਬੀਰ ਪਰਵਾਨਾ ਦਾ 'ਬਹੁਤ ਸਾਰੇ ਚੁਰੱਸਤੇ' ਅਜਿਹੀ ਵਸਤ-ਸਥਿਤੀ ਦੀ ਪੇਸ਼ਕਾਰੀ ਦੇ ਮਹੱਤਵਪੂਰਨ ਅਤੇ ਪ੍ਰਮਾਣਿਕ ਦਸਤਾਵੇਜ਼ ਹਨ। ਇਹਨਾਂ ਨਾਵਲਾਂ ਵਿਚ ਕਿਸਾਨੀ ਦੀ ਲਗਭਗ ਤਿੰਨ ਦਹਾਕਿਆਂ ਦੀ ਨਿਘਰਦੀ ਸਥਿਤੀ ਹੈ। ਇਸ ਸਥਿਤੀ ਵਿਚੋਂ ਉਸ ਸਥਿਤੀ ਦਾ ਅਹਿਸਾਸ ਹੁੰਦਾ ਹੈ, ਜਿਸ ਵਿਚ ਮੌਜੂਦਾ ਕਿਸਾਨੀ ਦੀ ਸਥਿਤੀ, ਸੰਗਠਨ ਅਤੇ ਸੰਘਰਸ਼ ਦੀ ਆਹਟ ਸੁਣਾਈ ਦੇਣ ਲੱਗ ਪਈ ਸੀ।

ਵਿਸ਼ਵੀਕਰਨ ਦੀ ਸਥਿਤੀ 'ਚੋਂ ਉਪਜੇ ਬਾਜ਼ਾਰ ਅਧਾਰਿਤ ਆਰਥਿਕ ਮਾਡਲ ਨੇ ਕਿਸਾਨੀ ਲਈ ਨਵੇਂ ਸੰਕਟ ਖੜ੍ਹੇ ਕਰ ਦਿੱਤੇ। ਵਿਸ਼ਵੀਕਰਨ, ਬਜ਼ਾਰੀਕਰਨ ਅਤੇ ਨਿੱਜੀਕਰਨ ਖੇਤੀ ਸੈਕਟਰ ਵਿਚ ਪ੍ਰਵੇਸ਼ ਕਰ ਗਿਆ। ਕੌਮੀ ਮੁਕਤੀ ਅੰਦੋਲਨ 'ਚੋਂ ਨਿਕਲੀ ਕੌਮੀ ਸਰਮਾਏਦਾਰੀ ਨੇ ਇਸ ਸਥਿਤੀ ਲਈ ਰਾਹ ਪੱਧਰਾ ਕਰ ਦਿੱਤਾ, ਪਰੰਤੂ ਆਜ਼ਾਦੀ ਦੇ ਅੰਦੋਲਨ 'ਚੋਂ ਪੈਦਾ ਹੋਈ ਇਹ ਸਰਮਾਏਦਾਰੀ ਨਿੱਜੀਕਰਨ ਵਲ ਤੁਰ ਤਾਂ ਪਈ ਪਰੰਤੂ ਲੋਕ ਦਬਾਅ ਥੱਲੇ ਇਸਦੀ ਚਾਲ ਹੌਲੀ ਰਹੀ। ਪਰੰਤੂ ਸਰਕਾਰ ਬਚਾਉਣ ਲਈ ਨਵੀਆਂ ਜੁੜੀਆਂ ਧਿਰਾਂ ਨੇ ਭ੍ਰਿਸ਼ਟਾਚਾਰ ਵਿਚ ਹੱਦ ਮੁਕਾ ਦਿੱਤੀ। ਸਰਮਾਏਦਾਰੀ ਦੀ ਸੱਜ-ਪਿਛਾਖੜੀ ਧਿਰ ਨੇ ਇਸ ਸਥਿਤੀ ਨੂੰ ਵਰਤ ਕੇ ਮੀਡੀਆ ਅਤੇ ਮੌਕਾਪ੍ਰਸਤ ਧਿਰਾਂ ਨਾਲ ਮਿਲਕੇ ਸਰਕਾਰ ਬਣਾ ਲਈ। ਇਸ ਸਰਕਾਰ ਦੀ ਆਗੂ ਪਾਰਟੀ ਪਿੱਛੇ ਰਾਸ਼ਟਰੀ ਸੋਵਿਮ ਸੰਘ ਦਾ ਸੰਗਠਨ ਅਤੇ ਵਿਚਾਰਧਾਰਾ ਸੀ। ਉਹਨਾਂ ਨੇ ਘੱਟ ਗਿਣਤੀ ਪ੍ਰਤੀ ਨਫ਼ਰਤੀ ਚਿੰਤਨ ਅਧੀਨ ਸਭ ਤੋਂ ਪਹਿਲਾਂ ਵੱਡੀ ਧਿਰ ਨੂੰ ਨਿਸ਼ਾਨੇ 'ਤੇ ਰੱਖਿਆ। ਉਹਨਾਂ ਦੇ ਆਈ.ਟੀ. ਸੈਲ ਨੇ ਫ਼ਿਰਕੂ ਨਫ਼ਰਤ ਫੈਲਾਉਣ ਵਿਚ ਵੱਡੀ

ਭੂਮਿਕਾ ਨਿਭਾਈ। ਗਊ ਰੱਖਿਆ ਦੇ ਨਾਂ ਉਤੇ ਫ਼ਿਰਕੂ ਸੰਗਠਨ ਖੜ੍ਹੇ ਕੀਤੇ। ਇਹਨਾਂ ਰਾਹੀਂ ਭੀੜ ਨੂੰ ਹਿੰਸਾ ਲਈ ਭੜਕਾ ਕੇ ਹਿੰਸਾ ਕਰਵਾਈ ਗਈ। ਫ਼ਿਰਕੂ ਏਜੰਡਾ ਲਾਗੂ ਕਰਨ ਲਈ ਅਗਲੀਆਂ ਚੋਣਾਂ ਵਿਚ ਮਜ਼ਬੂਤ ਸਰਕਾਰ ਦਾ ਨਾਹਰਾ ਦਿੱਤਾ। ਦੁਬਾਰਾ ਪੂਰਨ ਬਹੁਮਤ ਨਾਲ ਸੱਤਾ ਵਿਚ ਆਉਣ 'ਤੇ ਰਾਮ ਮੰਦਰ ਲਈ ਰਾਹ ਪੱਧਰਾ ਕਰਕੇ ਆਰਟੀਕਲ 370 ਖ਼ਤਮ ਕਰ ਦਿੱਤਾ। ਤਿੰਨ ਤਲਾਕ ਅਤੇ ਸੀ.ਏ.ਏ. ਵਰਗੇ ਬਿਲ ਪਾਸ ਕਰ ਦਿੱਤੇ। ਸਰਕਾਰੀ ਸੰਪਤੀਆਂ ਨੂੰ ਵੇਚਣ ਦੀ ਗਤੀ ਤੇਜ਼ ਕਰ ਦਿੱਤੀ। ਇਸ ਤੋਂ ਬਾਅਦ ਕਿਸਾਨਾਂ ਦੀ ਅਖੌਤੀ ਭਲਾਈ ਲਈ ਤਿੰਨ ਗੈਰ-ਲੋਕਤੰਤਰੀ ਢੰਗ ਨਾਲ ਬਿਲ ਪਾਸ ਕਰਕੇ ਲਾਗੂ ਕਰ ਦਿੱਤੇ। ਇਸ ਤਰ੍ਹਾਂ ਐਮ.ਐਸ.ਪੀ. ਨੂੰ ਖ਼ਤਮ ਕਰਨ ਲਈ ਵੀ ਰਾਹ ਪੱਧਰਾ ਕਰ ਦਿੱਤਾ।

ਇਸ ਸਥਿਤੀ ਨੇ ਆਜ਼ਾਦੀ ਤੋਂ ਬਾਅਦ ਸੰਭਾਵੀ ਤੌਰ ਉਤੇ ਸੰਕਟ ਵਲ ਧੱਕੀ ਕਿਸਾਨੀ ਨੂੰ ਸੰਘਰਸ਼ ਦੇ ਰਾਹ ਤੋਰ ਦਿੱਤਾ। ਇਸ ਸਥਿਤੀ ਵਿਚ ਪਹੁੰਚ ਕੇ ਕਿਸਾਨੀ ਸੰਗਠਨ ਨਿਰੋਲ ਕਿਸਾਨੀ ਵਿਚੋਂ ਆਪਣਾ ਅਧਾਰ ਤਲਾਸ਼ਣ ਲੱਗ ਪਏ। ਯਕੀਨਨ ਹੀ ਪੰਜਾਬ ਵਿਚ ਕਿਸਾਨੀ ਸੰਗਠਨ ਸਮੁੱਚੇ ਭਾਰਤ ਵਿਚ ਸਭ ਤੋਂ ਮਜ਼ਬੂਤ ਸੀ। ਇਸ ਵਿਚ ਭਾਰੂ ਲੀਡਰਸ਼ਿਪ ਖੱਬੇ ਪੱਖੀ, ਸੈਕੂਲਰ ਅਤੇ ਲੋਕਤੰਤਰੀ ਧਿਰਾਂ ਨਾਲ ਜੁੜੀ ਹੋਈ ਸੀ। ਰੇਲਾਂ ਰੋਕਣ ਤੋਂ ਸ਼ੁਰੂ ਹੋਇਆ ਅੰਦੋਲਨ ਪੰਜਾਬ ਤੋਂ ਚੱਲਕੇ ਹਰਿਆਣੇ ਵਿਚੋਂ ਹੁੰਦਾ ਹੋਇਆ ਪੱਛਮੀ ਉਤਰ ਪ੍ਰਦੇਸ਼ ਰਾਹੀਂ ਉਤਰਾਖੰਡ ਹੁੰਦਾ ਹੋਇਆ ਸਮੁੱਚੇ ਭਾਰਤ ਦੇ ਕਿਸਾਨਾਂ ਵਿਚ ਤੇਜ਼, ਮੱਠੇ ਰੂਪ ਵਿਚ ਪਹੁੰਚ ਗਿਆ। ਇਸ ਅੰਦੋਲਨ ਨੇ ਆਜ਼ਾਦੀ ਤੋਂ ਬਾਅਦ ਸੰਘਰਸ਼ ਦਾ ਇਕ ਪ੍ਰਮਾਣਿਕ ਮਾਡਲ ਪੇਸ਼ ਕੀਤਾ। ਲਗਭਗ ਬਾਰਾਂ ਵਾਰ ਸਰਕਾਰ ਦੇ ਖੇਤੀਬਾੜੀ ਮੰਤਰੀ ਅਤੇ ਉਸਦੇ ਤਿੰਨ ਸਹਿਯੋਗੀਆਂ ਨਾਲ ਸੰਯੁਕਤ ਕਿਸਾਨ ਮੋਰਚੇ ਦੀ ਗੱਲਬਾਤ ਹੋ ਚੁਕੀ ਹੈ। ਕਿਸਾਨੀ ਧਿਰਾਂ ਆਪਣੀਆਂ ਮੰਗਾਂ ਬਾਰੇ ਬਹੁਤ ਸਪੱਸ਼ਟ ਹਨ। ਤਿੰਨੇ ਬਿਲਾਂ ਦੀ ਵਾਪਸੀ ਅਤੇ ਐਮ.ਐਸ.ਪੀ. ਨੂੰ ਕਾਨੂੰਨੀ ਦਰਜਾ ਦੇਣਾ। ਪ੍ਰਧਾਨ ਮੰਤਰੀ ਦਫਤਰ, ਆਈ.ਟੀ. ਸੈਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਸ਼ਰੇਆਮ ਝੂਠ ਦਾ ਪ੍ਰਚਾਰ ਅਤੇ ਕਿਸਾਨ ਸੰਗਠਨਾਂ ਨੂੰ ਬਦਨਾਮ ਕਰਨ ਉਤੇ ਤੁਲੇ ਹੋਏ ਹਨ। ਆਪਣੇ ਕਾਰਪੋਰੇਟ ਮਾਲਕਾਂ ਦੇ ਹਿੱਤਾਂ ਨੂੰ ਪੂਰਨ ਲਈ ਪ੍ਰਧਾਨ ਮੰਤਰੀ ਅਤੇ ਸਰਕਾਰ ਲੱਗੇ ਹੋਏ ਹਨ। ਹਰ ਸਥਿਤੀ ਵਿਚ ਕਿਸਾਨਾਂ ਨੇ ਆਪਣੀ ਏਕਤਾ ਕਾਇਮ ਰੱਖੀ। ਸੰਘਰਸ਼ ਨਿਰੋਲ ਅਹਿੰਸਾਤਮਕ ਰਿਹਾ, ਭਾਈਚਾਰਕ ਏਕਤਾ ਕਾਇਮ ਰੱਖੀ। ਇਲਾਕਾਈ ਏਕਤਾ ਭਾਵੁਕ ਪੱਧਰ ਤਕ ਕਾਇਮ ਰਹੀ। ਸਰਕਾਰੀ ਏਜੰਸੀਆਂ ਨੇ 26 ਜਨਵਰੀ ਨੂੰ ਇਕ ਅਖੌਤੀ ਗਾਇਕ ਨੂੰ ਅੱਗੇ ਲਾ ਕੇ ਅੰਦੋਲਨ ਨੂੰ ਹਿੰਸਾਮਈ ਰੂਪ ਦੇਣ ਦੀ ਕੋਸ਼ਿਸ ਕੀਤੀ। ਕੁਝ ਵੱਖਵਾਦੀ ਅੰਸਰਾਂ ਰਾਹੀਂ ਵੱਖਵਾਦੀ ਨਾਹਰੇ ਲੁਆਏ ਗਏ। ਖੱਬੇ ਪੱਖੀਆਂ ਤੋਂ ਪ੍ਰਭਾਵਿਤ ਅਤੇ ਨਕਸਲਬਾੜੀਆਂ ਨਾਲ ਜੋੜਨ ਦਾ ਪ੍ਰਚਾਰ ਕੀਤਾ ਗਿਆ। ਇਕ ਅਜਿਹੇ ਹੀ ਐਕਟਰ ਰਾਹੀਂ ਇਸ ਨੂੰ ਸਿੱਖ ਅੰਦੋਲਨ ਅਤੇ ਹਿੰਦੂਆਂ ਨੂੰ ਸਟੇਜ ਉਤੋਂ ਮਿਹਣੇ ਮਾਰਨ ਦਾ ਸਿਲਸਿਲਾ ਚਲਾਇਆ ਗਿਆ। ਅਜਿਹੀ ਸੋਚ ਦਾ ਭਾਵੇਂ ਆਪਣਾ ਇਕ ਇਤਿਹਾਸ ਰਿਹਾ ਹੈ। ਇਸ ਅਤੀਤ ਨੂੰ ਹੀ ਸਿੱਖ ਲੋਕ ਸੰਘਰਸ਼ ਨੂੰ ਧਰਮ ਯੁੱਧ ਦਾ ਨਾਂ ਦਿੱਤਾ ਗਿਆ। ਅਜਿਹੀ ਸੋਚ ਨੂੰ ਕਿਸਾਨੀ ਅੰਦੋਲਨ ਨੂੰ ਸਾਬੋਤਾਜ ਕਰਨ ਲਈ ਵਰਤਿਆ ਗਿਆ। ਅਜਿਹੇ ਕਠਿਨ ਸਮੇਂ ਵਿਚ ਕਿਸਾਨ ਆਗੂਆਂ ਨੇ ਤਹੱਮਲ ਤੋਂ ਕੰਮ ਹੀ ਨਹੀਂ ਲਿਆ, ਸਗੋਂ ਸੁਚੱਜੀ ਅਗਵਾਈ ਦਿੱਤੀ ਅਤੇ ਭਾਜਪਾ ਦੇ ਜ਼ਹਿਰੀਲੇ

ਪ੍ਰਚਾਰ ਦਾ ਤਹੱਮਲ ਨਾਲ ਜਵਾਬ ਵੀ ਦਿੱਤਾ। ਇਸ ਸੰਘਰਸ਼ ਦੇ ਵਿਰੋਧ ਵਿਚ ਹਰ ਪ੍ਰਕਾਰ ਦਾ ਦੁਸ਼ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਵੇਂ ਇਹ ਅੰਦੋਲਨ ਮੁੱਠੀ ਭਰ ਕਿਸਾਨਾਂ ਦਾ ਹੈ। ਇਹ ਕੋਵਿਡ-19 ਦੇ ਪਾਸਾਰ ਦਾ ਸਾਧਨ ਬਣੇ ਹੋਏ ਹਨ ਅਤੇ ਇਹ ਅੰਦੋਲਨ ਹੁਣ ਮਜ਼ਹਬੀ ਹੋ ਗਿਆ ਹੈ। ਪਹਿਲੀ ਗੱਲ ਇਸ ਅੰਦੋਲਨ ਨੂੰ ਸੱਤ ਮਹੀਨੇ ਦਿੱਲੀ ਬਾਰਡਰ 'ਤੇ ਚੱਲਦੇ ਨੂੰ ਹੋ ਗਏ ਹਨ। ਜਿਹੜੀਆਂ ਕਿਸਾਨਾਂ ਦੀਆਂ ਪੰਜ ਸੌ ਦੇ ਲਗਭਗ ਮੌਤਾਂ ਹੋਈਆਂ ਹਨ, ਉਹਨਾਂ ਵਿਚ ਕੋਵਿਡ ਦਾ ਸ਼ਾਇਦ ਹੀ ਕੋਈ ਕੇਸ ਹੋਵੇ। ਅੱਜ ਤਕ ਭਾਜਪਾ ਨੇ ਇਕ ਵੀ ਮੰਤਰੀ ਸਮੇਤ ਪ੍ਰਧਾਨ ਮੰਤਰੀ ਨੇ ਇਸ ਉਤੇ ਦੁੱਖ ਨਹੀਂ ਜਤਾਇਆ। ਦੂਜਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅੰਦੋਲਨ ਫੈਲ ਰਿਹਾ ਹੈ। ਕੌਮਾਂਤਰੀ ਭਾਈਚਾਰੇ, ਨੋਇਮ ਚੌਮਸਕੀ ਤਕ ਨੇ ਇਸ ਅੰਦੋਲਨ ਨੂੰ ਕਾਨੂੰਨੀ ਅਤੇ ਠੀਕ ਰਾਹ ਉਤੇ ਚਲ ਰਿਹਾ ਕਿਹਾ ਹੈ। ਜਿਹੜਾ ਮਸਲਾ ਇਸ ਨੇ ਰਾਜਸੀ ਸਰੂਪ ਨਾਲ ਜੋੜਿਆ ਹੈ, ਜਦੋਂ ਕਿਸਾਨ ਵੋਟ ਪਾ ਕੇ ਸਰਕਾਰਾਂ ਬਣਾ ਸਕਦਾ ਹੈ ਤਾਂ ਉਹ ਉਸ ਰਾਜਨੀਤੀ ਦਾ ਹਿੱਸਾ ਬਣਨ ਦਾ ਅਧਿਕਾਰ ਵੀ ਰੱਖਦਾ ਹੈ, ਜਿਹੜੀ ਵੋਟ ਰਾਹੀਂ ਸੱਤਾਧਾਰੀ ਨੂੰ ਰਾਜ ਸੱਤਾ ਤੋਂ ਬਾਹਰ ਵੀ ਕਰ ਸਕਦਾ ਹੈ।

ਸਾਡੀ ਇਹ ਸ਼ੁਰੂ ਤੋਂ ਧਾਰਨਾ ਰਹੀ ਹੈ ਕਿ ਪਾਰਲੀਮੈਂਟਰੀ ਡੈਮੋਕਰੇਸੀ ਵਿਚ ਸੰਘਰਸ਼ ਕਰ ਰਹੀ ਧਿਰ ਜਦੋਂ ਤਕ ਰਾਜਸੀ ਤਬਦੀਲੀ ਦਾ ਬਦਲ ਨਹੀਂ ਬਣਦੀ, ਉਸ ਸਮੇਂ ਤਕ ਸੱਤਾ ਉਸ ਤੋਂ ਭੈਅ ਨਹੀਂ ਖਾਂਦੀ। ਬੰਗਾਲ ਦੀਆਂ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਕਿ ਸੱਤਾ ਤਬਦੀਲੀ ਵਿਚ ਕਿਸਾਨ ਸੰਗਠਨ ਪ੍ਰਮੁੱਖ ਭੂਮਿਕਾ ਨਿਭਾ ਸਕਦੇ ਹਨ। ਸੰਯੁਕਤ ਮੋਰਚੇ ਨੇ ਇਹ ਐਲਾਨ ਕੀਤਾ ਕਿ ਉਹ ਬੰਗਾਲ ਵਿਚ ਘਰ-ਘਰ ਜਾ ਕੇ, ਇਕ ਮੁੱਠੀ ਚੌਲ, ਉਸ ਘਰ ਤੋਂ ਲੈਣਗੇ, ਜਿਹੜਾ ਬੀ.ਜੇ.ਪੀ. ਨੂੰ ਵੋਟ ਨਹੀਂ ਪਾਏਗਾ। ਇਸ ਦਾ ਅਸਰ ਹੋਇਆ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਮੇਤ ਸਮੁੱਚੀ ਬੀ.ਜੇ.ਪੀ. ਦੇ ਮੰਤਰੀਆਂ ਦੀ ਧਾੜ ਉਥੇ ਬੈਠੀ ਰਹੀ, ਪਰੰਤੂ ਬੰਗਾਲ ਦੇ ਲੋਕਾਂ ਨੇ ਉਹਨਾਂ ਨੂੰ ਉਹਨਾਂ ਦੀ ਥਾਂ ਦਿਖਾ ਦਿੱਤੀ। ਕੇਰਲ ਅਤੇ ਤਾਮਿਲਨਾਡੂ ਵਿਚ ਹਾਲਤ ਬਹੁਤ ਭੈੜੀ ਹੋਈ। ਪੰਜਾਬ ਅਤੇ ਹਰਿਆਣੇ ਵਿਚ ਕਿਸਾਨੀ ਦੇ ਤਿੱਖੇ ਵਿਰੋਧ ਦਾ ਇਹਨਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਉਤਰ ਪ੍ਰਦੇਸ ਦੀਆਂ ਪੰਚਾਇਤ ਚੋਣਾਂ ਵਿਚ ਲੋਕਾਂ ਨੇ ਕਿਸਾਨੀ ਅੰਦੋਲਨ ਦੇ ਪ੍ਰਭਾਵ ਅਧੀਨ ਸੱਤਾ ਵਿਚ ਹੋਣ ਦੇ ਬਾਵਜੂਦ ਅਸਲ ਥਾਂ ਦਿਖਾ ਦਿੱਤੀ। ਹੁਣ ਕਿਸਾਨ ਆਗੂਆਂ ਨੇ, ਵਿਸ਼ੇਸ਼ ਤੌਰ 'ਤੇ ਉਤਰ ਪ੍ਰਦੇਸ ਦੀ ਭਾਰਤੀ ਕਿਸਾਨ ਯੂਨੀਅਨ ਅਤੇ ਉਸਦੀਆਂ ਸਹਿਯੋਗੀ ਜਥੇਬੰਦੀਆਂ ਨੇ ਆਉਣ ਵਾਲੇ ਸਮੇਂ ਵਿਚ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਹੁਣ ਮੂਲ ਰੂਪ ਵਿਚ ਕਿਸਾਨੀ ਅੰਦੋਲਨ ਨੇ ਰਾਜਸੀ ਨੈਰੇਟਿਵ ਵਿਚ ਮੂਲ ਤਬਦੀਲੀ ਲੈ ਆਂਦੀ ਹੈ। ਇਸ ਤੋਂ ਪਹਿਲਾਂ ਰਾਜਸੀ ਪਾਰਟੀਆਂ ਕਿਸਾਨੀ ਮੰਗਾਂ ਦਾ ਏਜੰਡਾ ਤੈਅ ਕਰਦੀਆਂ ਸਨ, ਜ਼ਮੀਨੀ ਸੁਧਾਰਾਂ ਤੋਂ ਲੈ ਕੇ ਸੰਸਥਾਈ ਕਰਜ਼ੇ, ਕਰਜ਼ਾ ਮੁਆਫੀ, ਬਿਜਲੀ ਦੇ ਬਿਲਾਂ ਦੀ ਮੁਆਫੀ, ਐਮ.ਐਸ.ਪੀ. ਵਿਚਲਾ ਵਾਧਾ। ਇਹ ਮੰਗਾਂ ਕਿਸਾਨਾਂ ਦੀਆਂ ਵੋਟਾਂ ਲੈਣ ਦਾ ਵਾਹਨ ਬਣਦੀਆਂ ਸਨ। ਅਰਥਾਤ ਕਿਸਾਨ ਰਾਜਸੀ ਪਾਰਟੀਆਂ ਦੇ ਏਜੰਡੇ ਉਤੇ ਵੋਟਾਂ ਪਾਉਂਦੇ ਸਨ। ਸਰਮਾਏਦਾਰ ਪਾਰਟੀਆਂ ਲਈ ਕਿਸਾਨ ਸਿਰਫ਼ ਵੋਟ ਬੈਂਕ ਸਨ। ਹੌਲੀ-ਹੌਲੀ ਜਦੋਂ ਕਿਸਾਨ ਜਥੇਬੰਦੀਆਂ ਦੀ ਤਾਕਤ ਵਧੀ ਤਾਂ ਉਹਨਾਂ ਨੇ ਇਹ ਸ਼ਕਤੀ ਸੰਘਰਸ਼ ਵਿਚੋਂ ਗ੍ਰਹਿਣ ਕੀਤੀ। ਭਾਜਪਾ ਸਰਕਾਰ ਨੇ ਕਰੋਨਾ ਕਾਲ ਦਾ ਲਾਭ ਉਠਾ ਕੇ

ਤਿੰਨ ਕਾਨੂੰਨ ਪਾਸ ਕਰ ਦਿੱਤੇ। ਇਸ ਦਾ ਸਭ ਤੋਂ ਪਹਿਲਾਂ ਵਿਰੋਧ ਪੰਜਾਬ ਵਿਚ ਹੋਇਆ। ਦਿੱਲੀ ਵਲ ਮਾਰਚ ਸਮੇਂ ਹਰਿਆਣੇ ਦੇ ਕਿਸਾਨ ਨਾਲ ਤੁਰੇ। ਪਹਿਲਾਂ ਇਹ ਅੰਦੋਲਨ ਉਤਰੀ ਭਾਰਤ ਵਿਚ ਫੈਲਿਆ। ਫਿਰ ਸਮੁੱਚੇ ਭਾਰਤ ਵਿਚ ਫੈਲ ਗਿਆ। ਇਸ ਵਿਚ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਤੋਂ ਲੈ ਕੇ ਵਿਦਿਆਰਥੀ ਅਤੇ ਮੁਲਾਜ਼ਮ ਸ਼ਾਮਲ ਹੋ ਕੇ ਇਕ ਵੱਡੇ ਮੁਹਾਜ਼ ਵਿਚ ਪਰਿਵਰਤਤ ਹੋ ਗਿਆ। ਇਸਨੇ ਸਾਹਿਤ, ਗਾਇਕੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਹ ਉਹ ਸਥਿਤੀ ਹੈ ਜਿਸ ਵਿਚੋਂ ਜਿਹੜਾ ਸੰਭਾਵੀ ਬਿਰਤਾਂਤ ਸਾਹਮਣੇ ਆ ਰਿਹਾ ਹੈ ਅਤੇ ਇਹੋ ਜਿਹੀ ਬਿਰਤਾਂਤਕਾਰੀ ਦੀ ਸੰਭਾਵਨਾ ਬਣ ਰਹੀ ਹੈ। ਇਹ ਮਸਲਾ ਬਹਿਸ ਤਲਬ ਹੈ। ਅਸੀਂ ਆਪਣੀ ਸਮਰੱਥਾ ਅਨੁਸਾਰ ਕੁਝ ਤੱਤਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਿਛਲੇ ਸਮੇਂ ਵਿਚ ਕੋਵਿਡ-19 ਦਾ ਸੰਕਟ ਅਤੇ ਸਰਗਰਮ ਕਿਸਾਨੀ ਅੰਦੋਲਨ ਨਾਲੋ-ਨਾਲ ਚਲ ਰਹੇ ਸਨ। ਇਸ ਅੰਦੋਲਨ ਨੇ ਪੰਜਾਬੀ ਮਾਨਸਿਕਤਾ ਨੂੰ ਆਮ ਤੌਰ 'ਤੇ ਅਤੇ ਸਿੱਖ ਮਾਨਸਿਕਤਾ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਪੰਜਾਬ ਸਿੱਖ ਅਵਚੇਤਨ ਧਾਰਮਿਕ ਅਤੇ ਜਾਤੀਗਤ ਤੌਰ 'ਤੇ ਇਕ ਸਵੈ-ਪ੍ਰਸੰਸਕੀ ਸੁਰ ਦਾ ਸ਼ਿਕਾਰ ਹੋ ਰਿਹਾ ਸੀ। ਇਸ ਤਰ੍ਹਾਂ ਦਲਿਤ ਅਤੇ ਮਹਾਜਨੀ ਸੰਸਕ੍ਰਿਤੀ ਨਾਲ ਉਸਦੀ ਇਕ ਵਿੱਥ ਬਣੀ ਹੋਈ ਸੀ। ਇਸ ਵਸਤੂ-ਸਥਿਤੀ ਦਾ ਸ਼ਿਕਾਰ ਵੈਸੇ ਸਮੁੱਚਾ ਉਤਰੀ ਭਾਰਤ ਹੀ ਬਣਿਆ ਹੋਇਆ ਹੈ। ਇਸ ਵਿਚ ਕਿਸਾਨੀ ਸਮਾਜ ਜ਼ਿਆਦਾ ਹਮਲਾਵਰ ਸੀ। ਪੰਜਾਬੀ ਬਿਰਤਾਂਤਕਾਰੀ ਵਿਚ ਇਹ ਲੱਛਣ ਹਰ ਰੰਗ ਦੇ ਸਿਰਜਕਾਂ ਅਤੇ ਬੁੱਧੀਜੀਵੀਆਂ ਵਿਚ ਦੇਖਿਆ ਜਾ ਸਕਦਾ ਹੈ। ਇਸ ਸੰਘਰਸ਼ ਨੇ ਏਕਤਾ ਦੇ ਸੂਤਰ ਨੂੰ ਜ਼ਿਆਦਾ ਮਜ਼ਬੂਤ ਕੀਤਾ ਹੈ। ਦਿੱਲੀ ਦੇ ਬਾਰਡਰਾਂ ਉਤੇ ਹੁੱਕਾ ਪੀਂਦੇ ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਦੇ ਚੌਧਰੀ ਅਤੇ ਸਾਡੇ ਗੁਰਸਿੱਖ ਕਿਸਾਨ ਇਕੱਠੇ ਬੈਠੇ ਹਨ। ਉਹਨਾਂ ਲਈ ਦਰਿਆਈ ਪਾਣੀਆਂ ਦਾ ਵੀ ਕੋਈ ਮਸਲਾ ਨਹੀਂ। ਉਥੇ ਹਰ ਸੂਬੇ ਦਾ ਕਿਸਾਨ ਆਗੂ, ਇਥੋਂ ਤੱਕ ਵੱਖ-ਵੱਖ ਰਾਜਸੀ/ਵਿਚਾਰਧਾਰਾਵਾਂ ਦੇ ਕਿਸਾਨ ਆਗੂਆਂ ਨੂੰ ਦੇਖਿਆ ਜਾ ਸਕਦਾ ਹੈ। ਸੰਯੁਕਤ ਕਿਸਾਨ ਮੋਰਚਾ ਆਪਣਾ ਏਜੰਡਾ ਬਣਾਉਂਦਾ ਹੈ ਅਤੇ ਰਾਜਸੀ ਪਾਰਟੀਆਂ ਉਸ ਏਜੰਡੇ ਨੂੰ ਅਪਣਾਉਂਦੀਆਂ ਹਨ। ਨਾਇਕਤਵਾਦੀ ਭਾਵਨਾ ਖ਼ਤਮ ਹੋ ਰਹੀ ਹੈ। ਇਕ ਦੀ ਅਗਵਾਈ ਅਰਥਾਤ ਪ੍ਰਭੁਸੱਤਾ ਦੀ ਥਾਂ ਪੰਚਾਇਤਵਾਦੀ ਭਾਵਨਾ ਹੈ। ਇਹ ਸਾਰੀ ਸਥਿਤੀ ਪੰਜਾਬੀ ਬਿਰਤਾਂਤ ਉਤੇ ਅਸਰ-ਅੰਦਾਜ਼ ਹੋ ਰਹੀ ਹੈ।

ਇਸ ਵਸਤੂ-ਸਥਿਤੀ ਨਾਲ ਸੰਬੋਧਤ ਬਿਰਤਾਂਤਕਾਰੀ ਦਾ ਆਧਾਰ ਗਲਪ-ਵਿਧਾਵਾਂ ਨਾਵਲ ਅਤੇ ਕਹਾਣੀ ਵਿਚੋਂ ਵੇਖਿਆ ਜਾ ਸਕਦਾ ਹੈ। ਗਲਪ ਵਿਚੋਂ ਨਾਵਲ ਧੜਾਧੜ ਲਿਖਣ ਦੀ ਹੋੜ ਲੱਗੀ ਹੋਈ ਹੈ। ਬਹੁਤੇ ਨਾਵਲਕਾਰ ਕਹਾਣੀ ਨੂੰ ਵਰਤਮਾਨ ਵਿਚ ਘਟਨਾਵਾਂ ਬਿਆਨਣ ਨੂੰ ਹੀ ਨਾਵਲ ਸਮਝ ਲੈਂਦੇ ਹਨ। ਜਿਹਨਾਂ ਵਿਚ ਜੀਵਨ ਵਿਹਾਰ ਦਾ ਮੂਲ ਸੁਭਾਅ, ਦਰਸ਼ਨ ਅਤੇ ਦ੍ਰਿਸ਼ਟੀਗਤ ਪਾਸਾਰ ਧੁੰਦਲਕੇ ਨਾਲ ਭਰੇ ਹੁੰਦੇ ਹਨ। ਇਸ ਲਈ ਪਿਛਲੇ ਦੋ ਸਾਲਾਂ ਦੇ ਜਟਿਲ ਵਰਤਾਰੇ ਵਿਚੋਂ ਦੋ ਦਰਜਨ ਤੋਂ ਵੱਧ ਨਾਵਲ ਆਏ ਹਨ। ਪਰੰਤੂ ਜ਼ਿਕਰਯੋਗ ਬਲਬੀਰ ਪਰਵਾਨਾ ਦਾ 'ਸ਼ੋਅ ਰੂਮ' ਅਤੇ ਪਰਮਜੀਤ ਜੱਜ ਦਾ 'ਪੜਤਾਲ' ਹਨ। 'ਸ਼ੋਅ ਰੂਮ' ਕਾਰਪੋਰੇਟ ਸੈਕਟਰ ਦੇ ਪੇਂਡੂ ਸਮਾਜਚਾਰੇ ਵਿਚਲੇ ਦਖ਼ਲ ਨੂੰ ਹੀ ਪੇਸ਼ ਨਹੀਂ ਕਰਦਾ, ਸਗੋਂ ਇਸ ਵਰਤਾਰੇ ਵਿਚੋਂ ਬਦਲ ਰਹੇ ਸਮਾਜਿਕ ਰਿਸ਼ਤਿਆਂ ਦੇ ਮੁੱਲ ਵੀ ਬਦਲੇ ਹੀ ਨਹੀਂ, ਸਗੋਂ

ਸਮਾਜਿਕ ਮਾਨਤਾਵਾਂ ਦੇ ਨਿਘਾਰ ਦੀ ਸਿਖ਼ਰ ਤਕ ਪਹੁੰਚ ਗਏ ਹਨ। ਪਰਮਜੀਤ ਜੱਜ ਪੰਜਾਬ ਵਿਹਾਰ ਨੂੰ ਧਾਰਮਿਕ ਜਾਤੀਗਤ ਅਵਚੇਤਨ ਦੇ ਪ੍ਰਤੀਕਾਂ ਨੂੰ ਮਹਾਂਕਾਵਿਕ ਪੰਰਪਰਾ ਤਕ ਫੈਲਾ ਦਿੰਦਾ ਹੈ। ਇਸ ਤਰ੍ਹਾਂ ਉਹ ਪੰਜਾਬੀ ਨਾਵਲ ਨੂੰ ਚੇਤਨਾ ਦੇ ਸੀਮਤ ਘੇਰੇ 'ਚੋਂ ਕੱਢ ਕੇ ਵੈਦਿਕ ਪਰੰਪਰਾ ਤਕ ਫੈਲਾ ਦਿੰਦਾ ਹੈ। ਇਸ ਤਰ੍ਹਾਂ ਉਹ ਪੰਜਾਬੀ ਬਿਰਤਾਂਤਕ ਅਵਚੇਤਨ ਨੂੰ ਹਠੀ ਧਾਰਨਾਵਾਂ ਤੋਂ ਮੁਕਤ ਕਰਨ ਵਲ ਅਹੁਲਦਾ ਹੈ। ਬਾਕੀ ਮੈਨੂੰ ਪੰਜਾਬੀ ਦੇ ਡੇਢ ਦਰਜਨ ਤੋਂ ਵੱਧ ਨਾਵਲਾਂ ਨੂੰ ਵਾਚਣ ਤੋਂ ਬਾਅਦ ਹੈਰਾਨੀ ਹੁੰਦੀ ਹੈ। ਕਹਾਣੀ ਦੇ ਖੇਤਰ ਵਿਚ ਦਰਸ਼ਨ ਅਤੇ ਵਿਹਾਰ ਨੂੰ ਲੈ ਕੇ ਕੁਝ ਕਹਾਣੀਆਂ ਸਾਹਮਣੇ ਆਈਆਂ ਹਨ। ਅਸੀਂ ਕੁਝ ਕਹਾਣੀਆਂ ਦਾ ਜ਼ਿਕਰ ਕਰਾਂਗੇ, ਜਿਸ ਵਿਚੋਂ ਸੰਭਾਵੀ ਬਿਰਤਾਂਤਕਾਰੀ ਦੇ ਆਧਾਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਜਿਹਨਾਂ ਵਿਚ ਹਰਜੀਤ ਅਟਵਾਲ ਦੀ 'ਮਸਤ', ਗੁਰਦੇਵ ਰੁਪਾਣਾ ਦੀ 'ਭਾਰਤ ਰਤਨ', ਵਰਿਆਮ ਸਿੰਘ ਸੰਧੂ ਦੀ 'ਮੈਂ ਹੁਣ ਰੋ ਨਾ ਲਵਾਂ ਇਕ ਵਾਰ', ਸਾਧੂ ਬਿਲਿੰਗ ਦੀ 'ਮੋਹ ਦੀਆਂ ਤੰਦਾਂ', ਹਰਪ੍ਰੀਤ ਸੇਖਾ ਦੀ 'ਬੇਵਸਾਹੀ ਰੁੱਤ' ਅਤੇ ਸਰਘੀ ਦੀ 'ਰਾਬਾਬੀ' ਸ਼ਾਮਲ ਹਨ। ਇਹ ਉਹ ਕਹਾਣੀਆਂ ਹਨ ਜਿਹੜੀਆਂ ਉਸ ਮਨੁੱਖੀ ਵਿਹਾਰ ਅਤੇ ਦਰਸ਼ਨ ਨੂੰ ਸੰਬੋਧਿਤ ਹੁੰਦੀਆਂ ਹਨ, ਜਿਹੜਾ ਇਸ ਸਥਿਤੀ ਵਿਚੋਂ ਆਪਣਾ ਸਰੂਪ ਗ੍ਰਹਿਣ ਕਰ ਰਿਹਾ ਹੈ। ਹਰਜੀਤ ਅਟਵਾਲ ਦੀ ਕਹਾਣੀ 'ਮਸਤ', ਮਨੁੱਖ ਦੇ ਦੇਹ ਅਤੇ ਸਮਾਜਿਕਤਾ ਦੇ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ। ਇਸੇ ਦੇਹ ਨੂੰ ਪ੍ਰਤੱਖਣ ਦਾ ਮਸਲਾ ਮਨੁੱਖੀ ਮਾਨਸਿਕਤਾ ਦੇ ਜੁੜੇ ਹੋਣ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਸਟੇਟ ਦੇਹ ਤੋਂ ਅੱਗੇ ਮਨੁੱਖੀ ਹੋਂਦ ਨੂੰ ਸੋਚਣ ਤੋਂ ਇਨਕਾਰੀ ਹੈ। ਗੁਰਦੇਵ ਰੁਪਾਣਾ ਬੰਦੇ ਦੀ ਅਣਗੌਲੇ ਹੋਣ ਨੂੰ ਉਸਦੀ ਸ਼ਕਤੀ ਬਣਾ ਕੇ ਪੇਸ਼ ਕਰਦਾ ਹੈ। ਉਸਦੀ ਕਹਾਣੀ 'ਭਾਰਤ ਰਤਨ' ਅਣਹੋਏ ਵੀ ਇਸੇ ਤਾਕਤ ਉਤੇ ਕੇਂਦਰਿਤ ਹੈ। ਵਰਿਆਮ ਸਿੰਘ ਸੰਧੂ ਦੀ ਕਹਾਣੀ 'ਮੈਂ ਰੋ ਨਾ ਲਵਾਂ ਇਕ ਵਾਰ' ਇਸ ਸਥਿਤੀ 'ਚੋਂ ਉਭਰੀ ਪ੍ਰਮੁੱਖ ਕਹਾਣੀ ਹੈ। ਇਹ ਕਹਾਣੀ ਖੇਤ ਮਜ਼ਦੂਰ ਅਤੇ ਕਿਸਾਨੀ ਦੀ ਏਕਤਾ ਦੇ ਸੂਤਰ ਨੂੰ ਲੋਕਧਾਰਾਈ ਬਿਰਤਾਂਤਕਾਰੀ ਰਾਹੀਂ ਸੰਬੋਧਿਤ ਹੁੰਦੀ ਹੈ। ਇਸ ਸਮੇਂ ਵਿਚ ਲਿਖੀ ਗਈ ਸਾਧੂ ਬਿਲਿੰਗ ਦੀ ਕਹਾਣੀ 'ਮੋਹ ਦੀਆਂ ਤੰਦਾਂ' ਮੈਨੂੰ ਸਭ ਤੋਂ ਵੱਖਰੀ ਨਜ਼ਰ ਆਉਂਦੀ ਹੈ। ਇਸ ਦਾ ਪਲਾਟ ਉਸ ਧਾਰਨਾ ਨੂੰ ਰੱਦ ਕਰਦਾ ਹੈ ਕਿ ਆਪਣਾਪਣ ਸਿਰਫ਼ ਪਰਿਵਾਰਕ ਰਿਸ਼ਤਿਆਂ ਤੋਂ ਸਥਾਨਕਤਾ ਤਕ ਫੈਲਿਆ ਹੁੰਦਾ ਹੈ। ਉਹ ਅਜਿਹੀ ਕਿਸੇ ਵੀ ਸੀਮਾ ਤੋਂ ਮੁਕਤ ਹੁੰਦਾ ਹੈ। ਹਰਪ੍ਰੀਤ ਸੇਖਾ, ਪਰਵਾਸ ਵਿਚ ਜੀਅ ਰਹੇ ਪਰਵਾਸੀਆਂ ਦੀ ਨਵੀਂ ਅਤੇ ਗਲਪਕਾਰੀ ਚੁਣੌਤੀ ਦੇ ਸਨਮੁੱਖ ਲਿਆ ਖੜ੍ਹਦਾ ਹੈ। ਸਰਘੀ ਦੀ ਕਹਾਣੀ 'ਰਬਾਬੀ' ਪੰਜਾਬ ਵਿਚਲੀ ਦਰਸ਼ਨ ਦੀ ਪਰੰਪਰਾ ਦੇ ਮੂਲ ਸਰੋਕਾਰਾਂ ਅਤੇ ਧਿਰਾਂ ਦੀ ਪਛਾਣ ਕਰਦੀ ਹੈ।

ਸਮਕਾਲ ਵਿਚ ਲਿਖੀਆਂ ਜਾ ਰਹੀਆਂ ਇਹ ਉਹ ਕਹਾਣੀਆਂ ਹਨ ਜਿਹੜੀਆਂ ਵਰਤਮਾਨ ਸਮੇਂ ਵਿਚਲੇ ਉਹਨਾਂ ਸਰੋਕਾਰਾਂ ਨੂੰ ਸੰਬੋਧਿਤ ਹੋ ਰਹੀਆਂ ਹਨ, ਜਿਹਨਾਂ ਨੂੰ ਕਿਸਾਨੀ ਸੰਘਰਸ਼ ਨੇ ਮੂਲ ਰੂਪ ਵਿਚ ਬਦਲ ਦਿੱਤਾ ਹੈ। ਇਸ ਲਈ ਇਹ ਸੰਘਰਸ਼ ਭਾਵੇਂ ਮਜ਼ਹਬੀ ਬਣਤਰ ਵਿਚ ਮੂਲ ਤਬਦੀਲੀ ਨਾ ਲੈ ਕੇ ਆਵੇ, ਪਰੰਤੂ ਲੋਕਾਂ ਦੇ ਸੰਘਰਸ਼ ਵਿਚ ਵਿਸ਼ਵਾਸ ਹੀ ਪੱਕਾ ਨਹੀਂ ਕਰੇਗਾ, ਸਗੋਂ ਲੋਕਾਂ ਦੇ ਮਸਲੇ ਕੇਂਦਰ ਵਿਚ ਲਿਆਉਣ ਵਾਲੀਆਂ ਨਵੀਂ ਧਿਰਾਂ ਅਤੇ ਨਵੀਂ ਕਤਾਰਬੰਦੀ ਸਾਹਮਣੇ ਆਉਣ ਦੀ ਸੰਭਾਵਨਾ ਵੀ ਪੈਦਾ ਕਰੇਗਾ।

**–ਰਜਨੀਸ਼ ਬਹਾਦਰ ਸਿੰਘ**

# ਪੰਜਾਬੀ ਰਸਮਾਂ ਦਾ ਬਦਲਦਾ ਮੁਹਾਂਦਰਾ

-ਸੁਖਜਿੰਦਰ ਰਿਸ਼ੀ

ਮਨੁੱਖ ਦੇ ਦਿਮਾਗ ਨੇ ਜਦੋਂ ਤੋਂ ਤਾਰਕਿਕ ਸੋਚਣਾ ਸ਼ੁਰੂ ਕੀਤਾ ਹੈ ਤਾਂ ਉਸਨੇ ਜੰਗਲੀ ਜੀਵਨ ਛੱਡ ਕੇ ਬਾਹਰ ਦੇ ਜੀਵਨ ਵੱਲ ਆਪਣੇ ਕਦਮ ਵਧਾਏ। ਜਿਸ ਨਾਲ ਸਮਾਜ ਅਤੇ ਸੱਭਿਆਚਾਰ ਹੋਂਦ ਵਿੱਚ ਆਉਂਦੇ ਹਨ। ਸਮਾਜ ਅਤੇ ਸੱਭਿਆਚਾਰ ਨਾਲ ਰਿਸ਼ਤਾਨਾਤਾ ਪ੍ਰਣਾਲੀ ਦਾ ਬੜਾ ਗੂੜਾ ਸਬੰਧ ਹੈ। ਰਿਸ਼ਤਾਨਾਤਾ ਪ੍ਰਣਾਲੀ ਦੀ ਸ਼ੁਰੂਆਤ ਸੰਤਾਨ ਉਤਪਤੀ ਦੀ ਜੈਵਿਕ ਪ੍ਰਕ੍ਰਿਆ ਤੋਂ ਹੁੰਦੀ ਹੈ। ਇਸੇ ਜੈਵਿਕ ਪ੍ਰਕ੍ਰਿਆ ਨੂੰ ਸਮਾਜਿਕ ਬਨਾਉਣ ਲਈ ਮਨੁੱਖ ਜਾਤੀ ਨੇ ਵਿਆਹ ਦੀ ਰੀਤ ਸ਼ੁਰੂ ਕੀਤੀ। ਵਿਆਹ ਨਾਲ ਹੀ ਜਨਮ ਜੁੜਿਆ ਹੈ ਅਤੇ ਜਿਸ ਵਸਤੂ ਜਾਂ ਵਿਅਕਤੀ ਦਾ ਜਨਮ ਹੁੰਦਾ ਹੈ ਉਸਦਾ ਮਰਨਾ ਵੀ ਤੈਅ ਹੈ। ਭਾਵੇਂ ਕੁੱਝ ਵਿਚਾਰਧਾਰਾਵਾਂ ਮੁਤਾਬਿਕ ਪਦਾਰਥ ਸਿਰਫ ਰੂਪ ਬਦਲਦਾ ਹੈ ਪਰ ਇੱਥੇ ਮਰਨ ਤੋਂ ਭਾਵ ਜੈਵਿਕ ਤੌਰ ਤੇ ਮਰਨਾ ਹੈ। ਇਸ ਤਰ੍ਹਾਂ ਇਨ੍ਹਾਂ ਤਿੰਨਾ ਘਟਨਾਵਾਂ ਦੇ ਅਹਿਮ ਹੋਣ ਕਰਕੇ ਜਨਮ, ਵਿਆਹ ਅਤੇ ਮੌਤ ਦੀਆਂ ਤਿੰਨੇ ਘਟਨਾਵਾਂ ਮਨੁੱਖੀ ਜੀਵਨ ਵਿੱਚ ਬੜੀ ਅਹਿਮੀਅਤ ਰੱਖਦੀਆਂ ਹਨ। ਇਨ੍ਹਾ ਇਹਨਾਂ ਸਮਿਆਂ ਤੇ ਵੱਖ-ਵੱਖ ਕਾਰਜਾਂ ਨੂੰ ਰਸਮੀ ਤਰੀਕੇ ਨਾਲ ਸੰਪੰਨ ਕਰਨ ਲਈ, ਮਨਾਉਣ ਲਈ, ਖਾਹਿਸ਼ਾਂ ਦੀ ਪੂਰਤੀ ਦੇ ਆਸ਼ੇ ਅਤੇ ਕਾਰਜ ਸ਼ੁੱਧੀ ਆਸ਼ੇ ਨੂੰ ਲੈ ਕੇ ਮਨੁੱਖ ਨੇ ਵਿਸ਼ੇਸ਼ ਤਰ੍ਹਾਂ ਦੀਆਂ ਰਸਮਾਂ ਨਿਭਾਉਣੀਆਂ ਸੂਰੂ ਕੀਤੀਆਂ।

ਡਾ. ਜਸਵਿੰਦਰ ਦੇ ਕਹਿਣ ਅਨੁਸਾਰ:

> "ਰੀਤੀ ਰਿਵਾਜ ਵਿਸ਼ੇਸ਼ ਸਾਂਸਕ੍ਰਿਤਿਕ ਖਿੱਤੇ ਦੇ ਲੋਕਾਂ ਦੁਆਰਾ ਪ੍ਰਵਾਣਿਤ ਵਿਸ਼ਵਾਸਾਂ ਤੇ ਅਧਾਰਿਤ ਪ੍ਰਤੀਕਾਤਮਕ ਵਿਧੀ ਮੰਨੇ ਜਾ ਸਕਦੇ ਹਨ। ਜਿਸ ਰਾਹੀਂ ਮਨੁੱਖ ਸਮਾਜਿਕ ਜੀਵਨ ਵਿਚਲੀਆਂ ਲੋੜ੍ਹਾਂ, ਘਾਟਾਂ, ਪ੍ਰਕ੍ਰਿਤਿਕ ਸੰਕਟਾਂ, ਬਿਮਾਰੀਆਂ ਆਦਿ ਵਿਭਿੰਨ ਸਮੱਸਿਆਵਾਂ ਦੇ ਸਮਾਧਾਨ ਦੀ ਖਾਹਿਸ਼ ਪ੍ਰਗਟ ਕਰਦੇ ਹਨ।"[1]

ਰੀਤਾਂ ਰਸਮਾਂ ਕਿਸੇ ਵੀ ਖਿੱਤੇ ਦੇ ਸੱਭਿਆਚਾਰ ਦੀ ਲੋਕਧਾਰਾ ਦਾ ਅਹਿਮ ਅੰਗ ਹੁੰਦੀਆਂ ਹਨ ਰਸਮ ਸ਼ਬਦ ਕਿਸੇ ਵਿਸ਼ੇਸ਼ ਵਰਤਾਰੇ ਜਾਂ ਵਿਵਹਾਰ ਨਾਲ ਸਬੰਧ ਰੱਖਦਾ ਹੈ ਅਤੇ ਰੀਤ ਸ਼ਬਦ ਦਾ ਸਬੰਧ ਪ੍ਰੰਪਰਾ ਨਾਲ ਹੈ। ਰਸਮ ਨੂੰ ਕੋਈ ਵਿਅਕਤੀ ਜਾਂ ਸਮੂਹ ਵਿਸ਼ੇਸ਼ ਮਿਥੇ ਹੋਏ ਕਾਰਜ ਦੇ ਅਨੁਸਾਰੀ ਹੋ ਕੇ ਨਿਭਾਉਂਦੇ ਹਨ। ਇਹ ਨਿਭਾਅ ਜਦ ਸਮੁੱਚਾ ਭਾਈਚਾਰਾ ਤੇ ਸਮਾਜ ਕਰਨ ਲੱਗ ਜਾਂਦਾ ਹੈ ਤਾਂ ਰੀਤ ਬਣ ਜਾਦੀ ਹੈ। ਗੁਰਚਰਨ ਅਰਸ਼ੀ ਅਨੁਸਾਰ:

> "ਰੀਤਾਂ ਰਸਮਾਂ ਅਤੇ ਸੰਸਕਾਰ ਮਨੁੱਖ ਨਾਲ ਮੁੱਢ ਤੋਂ ਜੁੜੇ ਹੋਏ ਹਨ। ਵੇਦ, ਗ੍ਰੰਥ ਅਤੇ ਮਨੂ ਸਮ੍ਰਿਤੀ ਜਿਹੇ ਪੁਰਾਣੇ ਗ੍ਰੰਥਾਂ ਵਿੱਚ ਵੀ ਇਹਨਾਂ ਦਾ ਜਿਕਰ ਮਿਲਦਾ ਹੈ।"[2]

ਗੌਤਮ ਨੇ ਜਿੱਥੇ ਚਾਲੀ ਸੰਸਕਾਰਾਂ ਦਾ ਜ਼ਿਕਰ ਕੀਤਾ ਹੈ ਅਤੇ ਵਿਆਸ ਨੇ ਸੋਲਾਂ ਦਾ ਜ਼ਿਕਰ ਕੀਤਾ ਹੈ। ਮਨੂੰ ਨੇ ਬਾਂਰਾਂ ਸੰਸਕਾਰਾਂ ਜਿਵੇ ਕਿ ਗਰਭਦਾਨ, ਮੁੰਨਵਨ, ਸੀਮੰਤੋਨਯਨ, ਜਾਤਕਰਮ, ਨਾਮਕਰਨ, ਨਿਸ਼ਕ੍ਰਮਣ, ਅੰਨਪ੍ਰਾਸ਼ਨ, ਚੂੜਾ ਕਰਮ, ਉਪਨਯਨ, ਕੇਸ਼ਾਤ, ਸਮਾਵਰਤਨ ਅਤੇ ਵਿਆਹ ਆਦਿ ਦਾ ਜਿਕਰ ਕੀਤਾ ਹੈ।

ਰਸਮਾਂ ਦੀ ਸ਼ੁਰੂਆਤ ਬੇਸ਼ੱਕ ਭੂਗੋਲਿਕ ਚੌਗਿਰਦੇ ਵਿੱਚੋਂ ਹੋਈ ਹੁੰਦੀ ਹੈ ਪਰ ਉਸ ਰਸਮ ਦੀਆਂ ਕਾਰਜ ਵਿਧੀਆਂ ਅਤੇ ਨਾਮਕਰਨ ਨੂੰ ਸੱਭਿਆਚਾਰ ਸਮੇਂ-ਸਮੇਂ ਤੇ ਪ੍ਰਭਾਵਿਤ ਕਰਦਾ ਰਹਿੰਦਾ ਹੈ। ਇਸੇ ਪ੍ਰਭਾਵ ਬਾਰੇ ਗੱਲ ਕਰਨਾ ਹੀ ਸਾਡੇ ਅੱਜ ਦੇ ਪੇਪਰ ਦਾ ਮੁੱਖ ਵਿਸ਼ਾ ਹੈ ਕਿ ਕਿਸ ਤਰ੍ਹਾਂ ਵਰਤਮਾਨ ਸਮੇਂ ਵਿੱਚ ਪੰਜਾਬ ਦੀਆਂ ਰਸਮਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਇੱਥੇ ਬਦਲਦੇ ਮੁਹਾਂਦਰੇ ਤੋਂ ਭਾਵ ਰਸਮਾਂ ਦੀ ਕਾਰਜਵਿਧੀ ਵਿੱਚ ਆਈਆਂ ਤਬਦੀਲੀਆਂ, ਕਈ ਰਸਮਾਂ ਦਾ ਅਲੋਪ ਹੋਣਾ ਅਤੇ ਦੂਜੇ ਧਰਮ/ਜਾਤ ਦੀਆਂ ਰਸਮਾਂ ਦਾ ਪ੍ਰਭਾਵ ਕਬੂਲਣ ਤੋਂ ਹੈ। ਜਿਹੜੀਆਂ ਰਸਮਾਂ ਅਲੋਪ ਹੋ ਰਹੀਆਂ ਹਨ, ਉਨ੍ਹਾ ਰਸਮਾਂ ਦੇ ਅਲੋਪ ਹੋਣ ਦਾ ਇੱਕ ਕਾਰਨ ਵਿਗਿਆਨਕ ਵਿਕਾਸ ਅਤੇ ਸੰਵਿਧਾਨਿਕ ਨਿਯਮਾਵਲੀ ਦਾ ਮਨੁੱਖੀ ਜੀਵਨ ਵਿੱਚ ਵਧਦਾ ਦਖਲ ਹੈ। ਵਿਗਿਆਨਕ ਚੇਤਨਾ ਨੇ ਕਈ ਤਰ੍ਹਾਂ ਦੀਆਂ ਧਾਰਨਾਵਾਂ ਨੂੰ ਰੱਦ ਕਰ ਦਿੱਤਾ ਹੈ। ਜਿਹੜੀਆਂ ਰਸਮਾਂ ਦਾ ਅਧਾਰ ਨਿਰੋਲ ਅਵਿਗਿਆਨਕ ਸੀ, ਉਨ੍ਹਾ ਰਸਮਾਂ ਦਾ ਨਿਭਾਅ ਹੁਣ ਬੜਾ ਘਟ ਗਿਆ ਹੈ। ਜਿਸ ਤਰ੍ਹਾਂ ਖੇਤੀਬਾੜੀ ਨਾਲ ਸਬੰਧਤ ਇੱਕ ਰਸਮ "ਪੰਜ ਪੂਲਿਆਂ" ਦੀ ਰਸਮ ਸੀ। ਜੋ ਕਿ ਇੱਕ ਵਿਸਾਖ ਨੂੰ ਨਿਭਾਈ ਜਾਂਦੀ ਸੀ। ਪਰ ਮਸ਼ੀਨਰੀ ਦੀ ਆਮਦ ਅਤੇ ਸਰਕਾਰਾਂ ਦੁਆਰਾ ਫਸਲਾਂ ਬੀਜਣ ਦੀਆਂ ਤਰੀਕਾਂ ਸਬੰਧੀ ਕਾਨੂੰਨ ਬਣਨ ਤੋਂ ਬਾਅਦ ਇਸ ਰਸਮ ਨੇ ਖਤਮ ਹੋਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਮੁਕਲਾਵੇ ਦੀ ਰਸਮ ਹੈ। ਜਿਹੜੀ ਕਿ ਲੜਕੇ ਤੇ ਲੜ੍ਹਕੀ ਦੀ ਸੰਵਿਧਾਨ ਵਿੱਚ ਵਿਆਹ ਦੀ ਉਮਰ ਨਿਸ਼ਚਿਤ ਹੋਣ ਕਰਕੇ ਖਤਮ ਹੋ ਗਈ ਹੈ। ਪਹਿਲਾਂ ਜਿਥੇ ਬਾਲ ਵਿਆਹ ਹੋ ਜਾਂਦਾ ਸੀ ਜਾਂ ਅੱਲੜ ਉਮਰ ਵਿੱਚ ਵਿਆਹ ਹੋ ਜਾਂਦਾ ਸੀ ਉਸ ਵਕਤ ਮੁਕਲਾਵੇ ਦੀ ਜਿਆਦਾ ਮਹੱਤਤਾ ਸੀ। ਪਰ ਅੱਜ ਕੱਲ ਵਿਆਹ ਵਾਲੇ ਦਿਨ ਹੀ ਲੜਕੀ ਸਹੁਰੇ ਘਰ ਚਲੀ ਜਾਂਦੀ ਹੈ। ਇਸ ਕਰਕੇ ਮੁਕਲਾਵੇ ਦੀ ਰਸਮ ਖਤਮ ਹੁੰਦੀ ਜਾਂ ਰਹੀ ਹੈ। ਇਸ ਦੇ ਬਿਲਕੁਲ ਉਲਟ ਜਿਹੜੀਆਂ ਰਸਮਾਂ ਪਿੱਛੇ ਕੋਈ ਨਾ ਕੋਈ ਵਿਗਿਆਨਕ ਕਾਰਨ ਮੌਜੂਦ ਹੈ ਉਹ ਰਸਮਾਂ ਆਪਣੇ ਉਸੇ ਰੂਪ ਵਿੱਚ ਚੱਲ ਰਹੀਆਂ ਹਨ। ਜਿਸ ਤਰ੍ਹਾਂ ਗੁੜ੍ਹਤੀ ਦੇਣ ਅਤੇ ਦੁੱਧ ਧੋਣ ਦੀਆਂ ਰਸਮਾਂ ਹਨ। ਇਹ ਮੈਡੀਕਲ ਪੱਖੋਂ ਵਿਗਿਆਨਕ ਹੋਣ ਕਰਕੇ ਆਪਣੇ ਮੂਲ ਰੂਪ ਵਿੱਚ ਹਨ। ਇਸੇ ਤਰ੍ਹਾਂ ਵਿਆਂਦੜ ਨੂੰ ਖਾਰਿਓਂ ਲਾਉਣ ਦੀ ਰਸਮ ਹੈ, ਜਿਹੜੀ ਕਿ ਨਿਭਾਈ ਤਾਂ ਪਰੰਪਰਾਗਤ ਤਰੀਕੇ ਨਾਲ ਜਾਂਦੀ ਹੈ ਪਰ ਸ਼ਹਿਰੀ ਅਬਾਦੀ ਕੋਲ ਖਾਰੇ ਦੀ ਅਣਹੋਂਦ ਕਰਕੇ ਉਸਦੀ ਜਗ੍ਹਾ ਫੱਟੀ ਨੇ ਲੈ ਲਈ ਹੈ। ਰੀਸੋਰੀਸ ਹੁਣ ਪਿੰਡਾਂ ਵਿੱਚ ਵੀ ਲੱਕੜ ਦੀ ਫੱਟੀ ਤੇ ਹੀ ਨ੍ਹਾਈਧੋਈ ਕਰਵਾ ਲਈ ਜਾਂਦੀ ਹੈ। ਜਦਕਿ ਕਿਰਪਾਲ ਕਜਾਕ ਦੇ ਦੱਸਣ ਮੁਤਾਬਕ

> "ਲੱਕੜ ਦੇ ਫੱਟੇ ਤੇ ਇਸ਼ਨਾਨ ਕਰਵਾਉਣਾ ਕਿਸੇ ਇਨਸਾਨ ਨੂੰ ਮ੍ਰਿਤਕ ਕਰਾਰ ਦੇਣਾ ਹੈ।"[3]

ਪੂੰਜੀਵਾਦੀ ਵਿਵਸਥਾ ਅਤੇ ਪੂੰਜੀਵਾਦੀ ਨਿਜ਼ਾਮ ਦੁਆਰਾ ਸਿਰਜਿਆ ਗਲੈਮਰ ਵੀ ਰਸਮਾਂ ਦੇ ਬਦਲਦੇ ਮੁਹਾਂਦਰੇ ਪਿੱਛੇ ਕਾਰਜਸ਼ੀਲ ਵੱਡੇ ਕਾਰਨ ਹਨ। ਹਰੇਕ ਵਿਅਕਤੀ ਦੀ ਮਾਨਸਿਕਤਾ ਨੂੰ ਪੂੰਜੀਵਾਦੀ ਸਿਸਟਮ ਨੇ ਯਕੀਨਨ ਹਾਈਜੈਕ ਕੀਤਾ ਹੋਇਆ ਹੈ। ਇਸੇ ਕਰਕੇ ਕਈ ਰਸਮਾਂ ਵਿੱਚ ਜਿਵੇਂ ਕਿ ਘੋੜੀ ਦੀ ਜਗ੍ਹਾ ਕਾਰ, ਆਟੇ ਦੇ ਦੀਵਿਆਂ ਵਿੱਚ ਤੇਲ ਪਾ ਕੇ ਗਾਗਰ ਤੇ ਬਣਾਈ ਜਾਗੋ ਦੀ ਜਗ੍ਹਾ ਇਲੈਕਟ੍ਰੋਨਿਕ ਜਾਗੋ ਆਦਿ ਪਰਿਵਰਤਨ ਆ ਗਏ ਹਨ। ਇਸੇ ਤਰ੍ਹਾਂ ਲੋਕ ਗੀਤਾਂ ਨੂੰ ਡੀ.ਜੇ. ਨੇ ਖਤਮ ਕਰਨਾ ਸ਼ੁਰੂ ਕਰ ਦਿੱਤਾ ਹੈ। ਰੈਡੀਮੇਡ

ਗੁੜ੍ਹਤੀ ਅਤੇ ਬੱਚੇ ਦੀ ਔਲ ਨਾਲ ਪੈਸੇ ਅਤੇ ਦਾਣੇ ਨਾ ਦੱਬਣਾ ਆਦਿ ਲੋਕਾਂ ਵਿੱਚ ਆਈ ਵਿਗਿਆਨਕ ਚੇਤਨਾ ਕਰਕੇ ਹੈ।

ਪੂੰਜੀਵਾਦ ਅਤੇ ਮੰਡੀ ਸਿਸਟਮ ਇਹ ਚੰਗੀ ਤਰਾਂ ਜਾਣਦਾ ਹੈ ਕਿ ਕਿਸੇ ਸਮਾਜ ਨੂੰ ਉਸ ਦੀ ਸੰਸਕ੍ਰਿਤੀ ਨਾਲੋਂ ਤੋੜੇ ਬਿਨਾਂ ਉਥੇ ਦੇ ਲੋਕਾਂ ਦੀਆਂ ਰੁਚੀਆਂ ਅਤੇ ਲੋੜਾਂ ਨੂੰ ਨਿਰਦੇਸ਼ਿਤ ਨਹੀਂ ਕੀਤਾ ਜਾਂ ਸਕਦਾ। ਸਾਡੇ ਹੀ ਰੋਲਮਾਡਲ ਲੋਕਾਂ ਨੂੰ ਹਾਇਰ ਕਰਕੇ ਉਹਨਾਂ ਦੀਆਂ ਲੋੜਾਂ ਅਤੇ ਰੁਚੀਆਂ ਨੂੰ ਜਨ ਸਮੂਹ ਦੀਆਂ ਲੋੜਾਂ ਰੁਚੀਆਂ ਸਹਿਜੇ ਹੀ ਬਣਾ ਦਿੱਤਾ ਜਾਂਦਾ ਹੈ। ਅਜਿਹੇ ਕਾਰਨ ਵੀ ਰਸਮਾਂ ਤੇ ਪ੍ਰਭਾਵ ਪਾਉਦੇ ਹਨ। ਸਾਡਾ ਸੁਹਜ ਅਤੇ ਸੰਤੁਸਟੀ ਨੂੰ ਮੰਡੀ ਸਮਝਣ ਲੱਗ ਜਾਂਦੀ ਹੈ ਸੱਭਿਆਚਾਰ ਦੇ ਪ੍ਰਵਰਤਨਸ਼ੀਲ ਹੋਣ ਦੇ ਗੁਣ ਅਤੇ ਲੱਛਣ ਨੂੰ ਵੀ ਮੰਡੀ ਚੰਗੀ ਤਰਾਂ ਸਮਝਦੀ ਹੈ, ਜਿਵੇ ਕਿ ਮੈਕਾਈਵਰ ਅਤੇ ਪੇਜ਼ ਕਹਿੰਦੇ ਹਨ

> "ਸਿਧੇ ਤੌਰ ਤੇ ਮਨ ਨੂੰ ਸੰਤੁਸ਼ਟ ਕਰਨ ਅਤੇ ਮਨੁੱਖ ਦੀ ਸੁਹਜ ਭੁੱਖ ਨੂੰ ਤ੍ਰਿਪਤ ਕਰਨ ਵਾਲੀਆਂ ਵਸਤਾਂ ਸੱਭਿਆਚਾਰ ਦੇ ਘੇਰੇ ਵਿੱਚ ਆਉਦੀਆਂ ਹਨ।"[4]

ਗਲੋਬਲਾਈਜੇਸ਼ਨ ਕਰਕੇ ਅੰਗਰੇਜੀ ਭਾਸ਼ਾ ਨੂੰ ਨਰਸਰੀ ਤੋਂ ਪਾਠਕ੍ਰਮ ਦਾ ਮਾਧਿਅਮ ਬਣਾਇਆ ਗਿਆ ਹੈ ਅਤੇ ਕਿੱਤਾ ਮੁਖੀ ਕੋਰਸਾਂ ਵਿੱਚ ਸਾਹਿਤਕ ਸਿੱਖਿਆ ਨਾ ਸ਼ਾਮਲ ਹੋਣਾ ਵੀ ਰਸਮਾਂ ਨਾਲ ਜਾ ਜੁੜਦਾ ਹੈ। ਜੰਞ ਬੰਨਣ ਅਤੇ ਜੰਞ ਖੋਲਣ ਦੀ ਲੋਕ ਸਾਹਿਤਕ ਵਾਰਤਾ ਲੋਕਾਂ ਦੀਆਂ ਜੁਬਾਨਾਂ ਤੋਂ ਉੱਤਰ ਗਈ ਹੈ ਜਿਸ ਕਰਕੇ ਇਹ ਰਸਮ ਅਤੇ ਲਾੜੇ ਤੋਂ ਛੰਦ ਸੁਣਨ ਵਰਗੀਆਂ ਰਸਮਾਂ ਲਗਭਗ ਨਾਮਾਤਰ ਹਨ। ਮੇਲ੍ਹਣਾ ਵੱਲੋਂ ਬਰਾਤੀਆਂ ਨੂੰ ਦੋਹੇ ਦੇ ਰੂਪ ਵਿੱਚ ਵਿਅੰਗ ਕਰਕੇ ਜੰਞ ਬੰਨ੍ਹੀ ਜਾਂਦੀ ਸੀ ਅਤੇ ਬਰਾਤ ਵਿੱਚੋਂ ਕੋਈ ਦੋਹੇ ਦਾ ਜਵਾਬ ਦੇ ਕੇ ਜੰਞ ਖੋਲਦਾ ਸੀ। ਤੇ ਫਿਰ ਹੀ ਰੋਟੀ ਖਾਣ ਦਾ ਹੱਕਦਾਰ ਸੀ। ਜਿਨ੍ਹਾ ਚਿਰ ਜੰਞ ਨਹੀਂ ਸੀ ਖੁੱਲਦੀ ਤਾਂ ਮੇਲ੍ਹਣਾ ਗਾਉਂਦੀਆਂ ਸੀ ਕਿ:

> ਤੈਨੂੰ ਜੰਞ ਛੁਡਾਉਣੀ ਨਾ ਆਈ, ਪਤੀਲੇ ਦਿਆ ਢੱਕਣਾ ਜਿਹਾ
> ਘੜੇ ਦਿਆ ਚੱਪਣਾ ਜਿਹਾ, ਮੰਜੇ ਦਿਆ ਵੇ ਪਾਵਿਆ

ਪਰ ਲੋਕ ਸਾਹਿਤ ਤੋਂ ਦੂਰ ਹੋਣ ਕਰਕੇ ਸ਼ਾਇਦ ਅੱਜਕੱਲ ਦੇ ਬਰਾਤੀ ਲਗਭਗ ਸਾਰੇ ਹੀ ਢੱਕਣ, ਚੱਪਣ ਅਤੇ ਪਾਵੇ ਹੁੰਦੇ ਜਾ ਰਹੇ ਹਨ। ਜਿਕਰਯੋਗ ਹੈ ਕਿ ਵਿਆਹਾਂ ਦੇ ਮੁਕਾਬਲੇ ਜਨਮ ਅਤੇ ਮੌਤ ਦੀਆਂ ਰਸਮਾਂ ਵਿੱਚ ਬਹੁਤ ਘੱਟ ਤਬਦੀਲੀਆਂ ਆਈਆਂ ਹਨ। ਜਦਕਿ ਮੌਤ ਦੀਆਂ ਰਸਮਾਂ ਵਿੱਚ ਜਨਮ ਨਾਲੋਂ ਵੀ ਘੱਟ ਤਬਦੀਲੀਆਂ ਆਈਆਂ ਹੋਈਆਂ ਹਨ। ਗੋਦ ਭਰਾਈ ਦੀਆਂ ਸਾਰੀਆਂ ਰਸਮਾਂ, ਨਿੰਮ ਬੰਨਣਾ, ਬੱਚੇ ਦੇ ਜਨਮ ਤੋਂ ਬਾਅਦ ਦੀਆਂ ਨਾਮਕਰਨ ਆਦਿ ਦੀਆਂ ਰਸਮਾਂ ਪਰੰਪਰਾਗਤ ਰੂਪ ਵਿੱਚ ਨਿਭਾਈਆਂ ਜਾਂਦੀਆਂ ਹਨ। ਇਸ ਗੱਲ ਤੋਂ ਇਹ ਵੀ ਗੌਰਤਲਬ ਹੈ ਕਿ ਜਿਹੜੀਆਂ ਰਸਮਾਂ ਘਰ ਦੀ ਦਹਿਲੀਜ ਤੋਂ ਬਾਹਰ ਨਿਭਾਈਆਂ ਜਾਂਦੀਆਂ ਸਨ ਅਤੇ ਹਨ ਉਹਨਾਂ ਵਿੱਚ ਤਬਦੀਲੀ ਦੀ ਸੰਭਾਵਨਾ ਜਿਆਦਾ ਹੁੰਦੀ ਹੈ ਅਤੇ ਦਹਿਲੀਜ ਅੰਦਰਲੀਆਂ ਰਸਮਾਂ ਵਿੱਚ ਤਬਦੀਲੀ ਦੀ ਸੰਭਾਵਨਾ ਉਸ ਤੋਂ ਘੱਟ ਹੁੰਦੀ ਹੈ। ਕਿਉਂਕਿ ਵਿਆਹ ਦੀਆਂ ਜਿਆਦਾਤਰ ਰਸਮਾਂ ਘਰ ਤੋਂ ਬਾਹਰ ਹੁੰਦੀਆਂ ਹਨ। ਇਸ ਤਰ੍ਹਾ ਸਹੂਲਤ ਮੁਤਾਬਕ ਉਨ੍ਹਾਂ ਵਿੱਚ ਬਦਲਾਅ ਲਿਆਂਦਾ ਗਿਆ ਹੈ। ਜਨਮ ਦੀਆਂ ਜਿਹੜੀਆਂ ਰਸਮਾਂ ਘਰ ਤੋਂ ਬਾਹਰ ਭਾਵ ਹਸਪਤਾਲ ਆਦਿ ਵਿੱਚ ਕੀਤੀਆਂ ਜਾਣੀਆਂ ਔਖੀਆਂ ਹਨ, ਉਨ੍ਹਾ ਵਿੱਚ ਤਬਦੀਲੀ ਆਈ ਹੈ ਜਾਂ ਖਤਮ ਹੋ ਚੁੱਕੀਆਂ ਹਨ। ਮੌਤ ਦੀਆਂ ਰੀਤਾਂਰਸਮਾਂ ਨਾਲ

ਟੈਬੂ ਜੁੜੇ ਹੋਣ ਕਰਕੇ ਅਤੇ ਬਹੁਤੀਆਂ ਰਸਮਾਂ ਦੇ ਦਹਿਲੀਜ ਅੰਦਰ ਹੋਣ ਕਰਕੇ ਤਬਦੀਲੀ ਬਹੁਤ ਘੱਟ ਆਈ ਹੈ।

ਡਾ. ਗੁਰਮੀਤ ਸਿੰਘ ਅਨੁਸਾਰ

> "ਰੀਤਾਂ ਰਸਮਾਂ ਧਾਰਮਿਕ/ਜਾਦੂਈ ਭਾਵਨਾ ਨਾਲ ਕੀਤੇ ਗਏ ਅਜਿਹੇ ਵਿਧੀਵਤ ਕਾਰਜ ਹੁੰਦੇ ਹਨ ਜਿਨ੍ਹਾ ਦੇ ਕਰਨ ਨਾਲ ਮਨ ਇੱਛਤ ਫਲ ਦੀ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਹੈ।"[5]

ਇਸ ਤਰ੍ਹਾਂ ਮਰਨ ਵਾਲਾ ਵਿਅਕਤੀ ਖੁਦ ਵੀ ਅਤੇ ਉਸਦੇ ਵਾਰਿਸ ਵੀ ਉਸਦੀ ਮੁਕਤੀ ਲਈ ਧਾਰਮਿਕ ਅਤੇ ਜਾਦੂਈ ਤਰੀਕੇ ਵਿੱਚ ਖਾਸ ਵਿਸ਼ਵਾਸ ਰੱਖਦੇ ਹਨ। ਸਾਡੇ ਪੰਜਾਬ ਵਿੱਚ ਮਰਨ ਤੋਂ ਬਾਅਦ ਵਿਅਕਤੀ ਦੀ ਮੁਕਤੀ ਅਤੇ ਗਤੀ ਆਦਿ ਦੇ ਸੰਕਲਪ ਲੋਕਾਂ ਵਿੱਚ ਆਪਣੀ ਬਹੁਤ ਖਾਸ ਅਹਿਮੀਅਤ ਰੱਖਦੇ ਹਨ। ਇਸ ਕਰਕੇ ਮੌਤ ਦੀਆਂ ਰਸਮਾਂ ਵਿੱਚ ਬਹੁਤ ਘੱਟ ਤਬਦੀਲੀ ਆਈ ਹੈ। ਮੌਤ ਦੀਆਂ ਰਸਮਾਂ ਵਿੱਚ ਖਾਸ ਸੰਤੁਲਨ ਰੱਖਿਆ ਗਿਆ ਹੈ।

ਜਿਸ ਤਰ੍ਹਾਂ ਦੁਰਖੀਮ ਆਖਦਾ ਹੈ,

> "ਰੀਤਾਂ ਰਸਮਾਂ ਨੂੰ ਸਮਾਜ ਦੇ ਵਿਸ਼ੇਸ਼ ਪ੍ਰਕਾਰਜ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਵਿਅਕਤੀ ਆਪਣੇ ਅਤੇ ਸਮਾਜ ਦੇ ਸੰਤੁਲਨ ਲਈ ਹੀ ਇਹ ਰੀਤੀ ਮੂਲਕ ਕਾਰਜ ਕਰਦਾ ਹੈ।"[6]

ਦੁਰਖੀਮ ਦੀ ਪਰਿਭਾਸ਼ਾ ਮੁਤਾਬਕ ਜਨਮ ਅਤੇ ਵਿਆਹ ਦੀਆਂ ਰਸਮਾਂ ਵਿੱਚ ਪਰਿਵਰਤਨ ਕਰਕੇ ਮਨੁੱਖ ਨੇ ਸਮੇਂ ਨਾਲ ਆਪਣਾ ਸੰਤੁਲਨ ਬਣਾਇਆ ਹੈ ਅਤੇ ਮੌਤ ਦੀਆਂ ਰਸਮਾਂ ਵਿੱਚ ਤਬਦੀਲੀਆਂ ਨਾ ਕਰਕੇ ਆਪਣੇ ਵਿਸ਼ਵਾਸਾਂ, ਵਹਿਮਾ, ਭਰਮਾ ਤੇ ਮਿੱਥਾਂ ਨਾਲ ਸੰਤੁਲਨ ਬਣਾਇਆ ਹੈ। ਜੇਕਰ ਯੂਰਪ ਵਾਂਗ ਸਾਡੇ ਪਿੰਡਾਂ ਵਿੱਚ ਵੀ ਸੰਸਕਾਰ ਲਈ ਇਲੈਕਟ੍ਰਾਨਿਕ ਭੱਠੀਆਂ ਲਗਾ ਦਿੱਤੀਆਂ ਜਾਣ ਤਾਂ ਬਹੁਤ ਸੰਸਕਾਰ ਫਿਰ ਵੀ ਲੱਕੜਾਂ ਨਾਲ ਵਿੱਚ ਇੱਕ ਬੇਰੀ ਦੀ ਲੱਕੜ ਧਰ ਕੇ ਹੀ ਹੋਣਗੇ। ਕਿਉਂਕਿ ਮੌਤ ਦਾ ਸੰਕਲਪ ਬੜੇ ਹੀ ਡਰ ਨਾਲ ਮਨੁੱਖ ਦੇ ਆਲੇਦੁਆਲੇ ਰਹਿੰਦਾ ਹੈ। ਜਿਸ ਨਾਲ ਛੇੜਛਾੜ ਕਰਨ ਬਾਰੇ ਮਨੁੱਖ ਘੱਟ ਹੀ ਸੋਚਦਾ ਹੈ। ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਪੰਜ ਗੱਲਾਂ ਨੇ ਪੰਜਾਬ ਦੀਆਂ ਰਸਮਾਂ ਦਾ ਮੁਹਾਂਦਰਾ ਤਬਦੀਲ ਕੀਤਾ ਹੈ। ਪਹਿਲਾ ਹੈ ਵਿਗਿਆਨਕ ਚੇਤਨਾ ਦਾ ਪਸਾਰ, ਦੂਸਰਾ ਹੈ ਜਨਮ, ਵਿਆਹ, ਮੌਤ ਅਤੇ ਖੇਤੀਬਾੜੀ ਵਿੱਚ ਸੰਵਿਧਾਨਿਕ ਅਤੇ ਸਰਕਾਰੀ ਦਖਲ, ਤੀਸਰਾ ਹੈ ਸੱਭਿਆਚਾਰੀਕਰਨ ਜਿਹੜਾ ਕਿ ਵਿਆਹ ਸਮੇਂ ਜਿਆਦਾ ਵੇਖਣ ਨੂੰ ਮਿਲਦਾ ਹੈ। ਚੌਥਾ ਹੈ ਰਸਮਾਂ ਦਾ ਦਹਿਲੀਜ ਤੋਂ ਬਾਹਰ ਚਲੇ ਜਾਣਾ, ਪੰਜਵਾਂ ਅਤੇ ਬੜਾ ਮਹੱਤਵਪੂਰਨ ਵਿਚਾਰਨਯੋਗ ਕਾਰਨ ਇਹ ਹੈ ਕਿ ਪੂੰਜੀਵਾਦੀ ਤਾਕਤਾਂ ਦਾ ਮਨੁੱਖੀ ਜ਼ਹਿਨ/ਮਾਨਸਿਕਤਾ ਨੂੰ ਕੰਟਰੋਲ ਕਰਕੇ ਨਵੀਂ ਤਰ੍ਹਾਂ ਦੀ ਜੀਵਨ ਸ਼ੈਲੀ ਦੇ ਪ੍ਰਭਾਵ ਹੇਠ ਲੋਕਾਂ ਨੂੰ ਲੈ ਕੇ ਆਉਣਾ ਤਾਂ ਕਿ ਉਹ ਲੋਕਾਂ ਨੂੰ ਅਜਿਹੀ ਮੰਡੀ ਬਣਾ ਸਕਣ ਜਿੱਥੇ ਖਰੀਦਣ ਦੀ ਸੋਚ ਤੇ ਨਿਯੰਤਰਣ ਕੀਤਾ ਜਾ ਸਕੇ। ਸੈਕੜੇ ਪੀੜੀਆਂ ਦੁਆਰਾ ਸਿਰਜੀਆਂ ਗਈਆਂ ਇਹ ਰਸਮਾਂ ਅਚੇਤ ਹੀ ਪੰਜਾਬੀ ਬੰਦੇ ਦਾ ਸੁਚੱਜਾ ਜੀਵਨ ਜਿਉਣ ਲਈ ਮੈਂਟਲਮੇਕਅੱਪ ਕਰਦੀਆਂ ਰਹੀਆਂ ਹਨ। ਇਨ੍ਹਾ ਦਾ ਬਦਲਦਾ ਮੁਹਾਂਦਰਾ ਸੱਭਿਆਚਾਰ ਦੇ ਪਰਿਵਰਤਨਸ਼ੀਲ ਹੋਣ ਦੇ ਲੱਛਣ ਦਾ ਪ੍ਰਤੱਖ ਪ੍ਰਮਾਣ ਬਣਦਾ ਹੈ।

**ਹਵਾਲੇ ਅਤੇ ਟਿੱਪਣੀਆਂ:**

1. ਜਸਵਿੰਦਰ ਸਿੰਘ (ਡਾ.) ਪੰਜਾਬੀ ਸੱਭਿਆਚਾਰ ਪਛਾਣ ਚਿਨ੍ਹ, ਗਰੇਸ਼ੀਅਸ ਬੁੱਕਸ, ਐੱਸ.ਸੀ.ਓ. 23, ਸਾਲੀਮਾਰ ਪਲਾਜਾ, ਸਮਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ, 2012 ਪੰਨਾ ਨੰ63
2. ਗੁਰੁਚਰਨ ਸਿੰਘ ਅਰਸ਼ੀ ,ਸੱਭਿਆਚਾਰ ਵਿਗਿਆਨ ਅਤੇ ਪੰਜਾਬੀ ਸੱਭਿਆਚਾਰ, ਨੈਸ਼ਨਲ ਬੁੱਕ ਟ੍ਰਸਟ, ਇੰਡੀਆ, 2009, ਪੰਨਾ30
3. ਕਿਰਪਾਲ ਕਜ਼ਾਕ, ਸਾਬਕਾ ਫੈਲੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
4. ਉਦਰਿਤ (ਮੈਕਾਇਵਰ ਅਤੇ ਪੇਜ) ਲੋਕਵਾਣੀ (ਸੰਪਾਦਕ ਡਾ. ਸੁਸ਼ੀਲ ਸ਼ਰਮਾਂ, ਗਰੇਸ਼ੀਅਸ ਬੁੱਕਸ, ਐੱਸ.ਸੀ.ਓ. 23, ਸਾਲੀਮਾਰ ਪਲਾਜਾ, ਸਮਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ ਨੰ38
5. ਗੁਰਮੀਤ ਸਿੰਘ, ਲੋਕਧਾਰਾ, ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕ ਮਾਲਾ, 2016, ਪੰਨਾਂ69
6. ਉਦਰਿਤ, (ਦੁਰਖੀਮ) ਗੁਰਮੀਤ ਸਿੰਘ, ਲੋਕਧਾਰਾ, ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕ ਮਾਲਾ, 2016, ਪੰਨਾ 73

## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। **-ਰਜਨੀਸ਼ ਬਹਾਦਰ ਸਿੰਘ**

# ਉਪਭੋਗਤਾਵਾਦੀ ਵਰਤਾਰੇ ਦੀ ਅਸਲ ਤਸਵੀਰ: ਨਾਵਲ ਸ਼ੋਅਰੂਮ

**- ਪ੍ਰੋ. ਰਮਨਪ੍ਰੀਤ ਕੌਰ ਚੌਹਾਨ**

ਨਾਵਲ ਆਧੁਨਿਕ ਯੁਗ ਦਾ ਬਿਰਤਾਂਤ ਅਤੇ ਅਜਿਹੀ ਗਲਪ ਰਚਨਾ ਹੈ ਜੋ ਮਨੁੱਖੀ ਜੀਵਨ ਦੀ ਵਾਸਤਵਿਕਤਾ, ਵਿਭਿੰਨ ਸਮਾਜਿਕ, ਸੱਭਿਆਚਾਰਕ ਅਤੇ ਮਾਨਸਿਕ ਗੁੰਝਲਾਂ ਦੀ ਅਭੀਵਿਅਕਤੀ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਮਾਨਵੀ ਜੀਵਨ ਨਾਲ ਸੰਬੰਧਿਤ ਕੋਈ ਅਜਿਹਾ ਪੱਖ ਨਹੀਂ ਜੋ ਨਾਵਲ ਦੇ ਕਲਾਵੇ ਵਿੱਚ ਨਾ ਆਉਂਦਾ ਹੋਵੇ। ਪੂੰਜੀਵਾਦੀ ਯੁਗ ਦੇ ਪੈਦਾ ਹੋਣ ਨਾਲ ਮਾਨਵੀ ਜੀਵਨ ਵਿੱਚ ਆਈਆਂ ਇਹਨਾਂ ਤਬਦੀਲੀਆਂ ਨੂੰ ਨਾਵਲੀ ਰੂਪਾਂਕਾਰ ਰਾਹੀ ਸਫ਼ਲਤਾ ਅਤੇ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਹੈ। ਰਜਨੀਸ਼ ਬਹਾਦਰ ਸਿੰਘ ਆਪਣੀ ਪੁਸਤਕ 'ਪੰਜਾਬੀ ਨਾਵਲ ਵਿਰਾਸਤ ਤੇ ਵਰਤਮਾਨ' ਵਿੱਚ ਲਿਖਦੇ ਹਨ–

> "ਇਸ ਤਰ੍ਹਾਂ ਨਾਵਲ ਪੱਛਮੀ ਸਮਾਜ ਦੇ ਸਨਅਤੀਕਰਨ ਸਮੇਂ ਵਿੱਚ ਵਿਸ਼ੇਸ਼ ਇਤਿਹਾਸਿਕ ਪੜ੍ਹਾਅ ਦੇ ਜੀਵਨ ਮੁੱਲ੍ਹਾਂ ਨੂੰ ਵਿਆਪਕ ਰੂਪ ਵਿੱਚ ਪੇਸ਼ ਕਰਨ ਵਾਲੀ ਸਾਹਿਤਕ ਵਿਧਾ ਬਣ ਕੇ ਉਭਾਰਿਆ ਹੈ।"[1]

ਨਾਵਲ ਸਾਹਿਤ ਦੀ ਉਹ ਵਿਧਾ ਹੈ ਜਿਸ ਵਿੱਚ ਸਨਅਤੀ ਕਾਲ ਦੀਆਂ ਜਟਿਲਤਾਵਾਂ ਨੂੰ ਉਸਦੀ ਸਮੁੱਚਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਨਾਵਲਕਾਰ ਬਲਬੀਰ ਪਰਵਾਨਾ ਪੇਂਡੂ ਅਰਥਚਾਰੇ ਅੰਦਰ ਦਾਖ਼ਲ ਹੋਏ ਪੂੰਜੀਵਾਦ ਦੇ ਦਖ਼ਲ ਨਾਲ ਮਨੁੱਖੀ ਵਿਹਾਰ ਦੇ ਪਰਿਵਰਤਨ ਨੂੰ ਆਪਣੇ ਨਾਵਲੀ ਵਿਧਾ ਦਾ ਆਧਾਰ ਬਣਾਉਂਦਾ ਹੈ। ਪਿੰਡਾਂ ਦੀ ਬਦਲਦੀ ਨੁਹਾਰ, ਸ਼ਹਿਰੀ ਵਿਕਾਸ, ਦੇਹਵਾਦੀ ਸੋਚ, ਰਿਸ਼ਤਿਆਂ ਦੀ ਅਸਥਿਰਤਾ, ਕੁਦਰਤ ਦੇ ਅਸੰਤੁਲਨ ਪ੍ਰਤੀ ਫ਼ਿਕਰਮੰਦੀ, ਰਾਜਨੀਤੀ ਦੇ ਬਦਲਦੇ ਪ੍ਰਤਿਮਾਨ, ਪੈਸੇ ਦੀ ਦੌੜ, ਮੱਧਵਰਗੀ ਵਿਅਕਤੀਵਾਦ ਆਦਿ ਸਰੋਕਾਰ ਪਰਵਾਨਾ ਦੇ ਨਾਵਲਾਂ ਦੇ ਟੈਕਸਟ ਦੁਆਲੇ ਫੈਲੇ ਹੋਏ ਹਨ। ਬਲਬੀਰ ਪਰਵਾਨਾ ਜਿੱਥੇ ਨਾਵਲ ਜਗਤ ਦਾ ਚਰਚਿਤ ਨਾਂ ਹੈ ਉਥੇ ਬਹੁ-ਵਿਧਾਈ ਲੇਖਕ ਵੀ ਹੈ। ਉਹ ਪੰਜਾਬੀ ਕਾਵਿ ਖ਼ੇਤਰ ਵਿੱਚੋਂ ਹੁੰਦਾ ਹੋਇਆ ਨਾਵਲਿਟ, ਮਿੰਨੀ ਕਹਾਣੀ ਅਤੇ ਕਹਾਣੀ ਦੇ ਰਸਤੇ ਹੁੰਦਾ ਹੋਇਆ ਨਾਵਲ ਤੱਕ ਪਹੁੰਚਦਾ ਹੈ। ਬਲਬੀਰ ਪਰਵਾਨਾ ਨੇ ਹਰੇ ਇਨਕਲਾਬ ਤੋਂ ਬਾਅਦ ਵਾਪਰੀਆਂ ਤਬਦੀਲੀਆਂ ਨੂੰ ਬਾਖ਼ੂਬੀ ਚਿਤਰਿਆ ਹੈ। ਬਲਬੀਰ ਪਰਵਾਨਾ ਜਿਵੇਂ ਜਿਵੇਂ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਤੋਂ ਗੁਜ਼ਰਦਾ ਹੈ ਉਵੇਂ ਉਵੇਂ ਹੀ ਸਮਕਾਲੀ ਸਮਾਜ ਦੇ ਵਰਤਾਰੇ ਉਸਦੀ ਪਕੜ ਵਿੱਚ ਆਉਂਦੇ ਹਨ। ਬਲਬੀਰ ਪਰਵਾਨਾ ਦੀ ਪ੍ਰਗਟਾਅ ਸਮਰੱਥਾ ਏਨੀ ਵਿਸ਼ਾਲ ਹੈ ਕਿ ਉਹ ਵਿਸ਼ਵੀਕਰਨ ਦੀ ਮਾਰ ਝੱਲ ਰਹੇ ਲੋਕਾਂ ਦਾ ਹਾਲ ਬਿਆਨਦਾ ਹੈ। ਬਲਬੀਰ ਪਰਵਾਨਾ ਦੀ ਗਲਪ ਰਚਨਾ ਦਾ ਘੇਰਾ ਸਮਕਾਲੀ ਸਮਾਜ ਦੇ ਵਿੱਚ ਫੈਲਿਆ ਪਿਆ ਜਿਵੇਂ ਨਾਵਲ ਖਾਂਡਵ ਦਾਹ (2018), ਬੰਜਰ ਧਰਤੀ (2017), ਸਿਮਟਦਾ ਆਕਾਸ਼ (2016), ਬਹੁਤ ਸਾਰੇ ਚੁਰੱਸਤੇ (2014), ਖੇਤਾਂ ਦਾ ਰੁਦਨ (2013), ਅੰਬਰ ਵੱਲ ਉਡਾਣ (2012), ਕਥਾ ਇਸ ਯੁੱਗ ਦੀ (2011), ਗਹਿਰ ਚੜ੍ਹੀ ਅਸਮਾਨ (2010), ਆਪਣੇ-ਆਪਣੇ ਮੋਰਚੇ (2009), ਨਿੱਕੇ-ਨਿੱਕੇ ਯੁੱਧ (2008), ਸੁਪਨੇ ਤੇ ਪ੍ਰਛਾਵੇ (2001), **ਕਹਾਣੀ ਸੰਗ੍ਰਹਿ**, ਸਈਨ ਵੈਲਯੂ ਦਾ ਜਲੌਅ (2000), ਨਾਵਲਿਟ ਸੰਗ੍ਰਹਿ ਬੇਗਾਨੇ ਪਿੰਡ ਦੀ ਜੂਹ (1998),

---

*ਪੰਜਾਬੀ ਵਿਭਾਗ, ਐਸ.ਡੀ. ਕਾਲਜ, ਮੋਗਾ*

ਜੰਗਲ ਕਦੀ ਸੌਂਦਾ ਨਹੀਂ (1996), ਜੰਗ ਜਾਰੀ ਹੈ (1982), ਭੂਰਿਆਂ ਵਾਲੇ (2000) ਮਿੰਨੀ-ਕਹਾਣੀਆਂ, ਜ਼ਮੀਨ ਤੇ ਜਵਾਨੀ, ਪਿੰਡ ਦਾ ਦਰਦ, ਇੰਤਹਾ ਤੋਂ ਪਹਿਲਾਂ, ਪਲਕਾਂ 'ਚ ਤੈਰਦੇ ਪਲ, ਧੁੱਪ ਦੀਆਂ ਪੈੜਾਂ, ਉਹਨਾਂ ਨੇ ਆਖਿਆ ਸੀ। ਬਲਬੀਰ ਪਰਵਾਨਾ ਜਿੱਥੇ ਬਹੁ-ਵਿਆਪੀ ਸਾਹਿਤਕਾਰ ਹੈ ਉਥੇ ਉਸਨੇ ਸਮਾਜਿਕ ਵਰਤਾਰੇ, ਪ੍ਰਸੰਗਾਂ ਅਤੇ ਪਸਾਰਾ ਨੂੰ ਮਕੈਨੀਕਲ ਢੰਗ ਨਾਲ ਸਮਝਿਆ ਹੈ। ਬਲਬੀਰ ਪਰਵਾਨਾ ਦੇ ਨਾਵਲ 'ਸ਼ੋਅ ਰੂਮ' ਵਿੱਚ 'ਮਾਈਨਿੰਗ' ਦੀ ਸਮੱਸਿਆ ਨੂੰ ਅਧਾਰ ਬਣਾਇਆ ਗਿਆ ਹੈ। ਪੂੰਜੀਵਾਦੀ ਰੁਚੀ ਨੇ ਪੰਜਾਬ ਦੇ ਪਿੰਡਾਂ ਨੂੰ 'ਸ਼ੋਅ ਰੂਮ' ਬਣਾ ਦਿੱਤਾ ਹੈ। ਬਲਬੀਰ ਪਰਵਾਨਾ ਦੇ ਨਾਵਲ 'ਸ਼ੋਅ ਰੂਮ' ਦੇ ਟੈਕਸਟ ਦਾ ਅਧਿਐਨ ਕਰਦਿਆਂ ਇਹ ਗੱਲ ਸਹਿਜ ਰੂਪ ਵਿੱਚ ਸਮਝ ਆਉਂਦੀ ਹੈ ਕਿ ਨਾਵਲ ਕੋਈ ਮਨ ਪਰਚਾਵੇ ਦਾ ਸਾਧਨ ਨਹੀਂ, ਸਗੋਂ ਸਮਾਜਿਕ ਸਮੱਸਿਆਵਾਂ ਦਾ ਬੋਧ ਕਰਵਾਉਂਦਾ ਹੈ।

ਨਾਵਲ ਦੀ ਗੋਂਦ, ਪਾਤਰ ਉਸਾਰੀ, ਭਾਸ਼ਾਈ ਸੰਜਮ, ਉਭਾਰਨ ਤੇ ਵਾਤਾਵਰਨ ਸਿਰਜਣ ਵਰਗੀਆਂ ਨਾਵਲੀ ਜੁਗਤਾਂ ਪਰਵਾਨਾ ਦੀ ਨਾਵਲੀ ਕਲਾ ਨੂੰ ਹੋਰ ਨਿਖਾਰਦੀਆਂ ਹਨ। ਬਲਬੀਰ ਪਰਵਾਨਾ ਨੇ ਆਪਣੇ ਨਾਵਲ ਸ਼ੋਅਰੂਮ ਰਾਹੀਂ ਨਾਵਲੀ ਪਰੰਪਰਾ ਵਿਚਲੀ ਖੜੋਤ ਅਤੇ ਦੁਹਰਾਉ ਨੂੰ ਤੋੜ੍ਹਨ ਦਾ ਯਤਨ ਕੀਤਾ ਹੈ। 'ਸ਼ੋਅ ਰੂਮ' ਨਾਵਲ ਵਿੱਚ ਬਲਵੀਰ ਪਰਵਾਨਾ ਨਾਵਲੀ ਵਰਤਾਰੇ ਰਾਹੀਂ ਮਾਈਨਿੰਗ ਦੀ ਸਮੱਸਿਆ ਤੋਂ ਸੁਚੇਤ ਹੀ ਨਹੀਂ ਕਰਦਾ ਸਗੋਂ ਉਸਦੇ ਖਿਲਾਫ਼ ਲੜਨ ਤੇ ਸੰਘਰਸ਼ ਨੂੰ ਵੀ ਉਭਾਰਦਾ ਹੈ।

ਬਲਬੀਰ ਪਰਵਾਨਾ ਜਿੱਥੇ ਇੱਕ ਸੰਵੇਦਨਸ਼ੀਲ ਕਵੀ ਹੈ ਉਥੇ ਉਹ ਪੰਜਾਬੀ ਨਾਵਲ ਜਗਤ ਦਾ ਪ੍ਰਤੀਬੱਧ ਗਲਪਕਾਰ ਵੀ ਹੈ। ਬਲਬੀਰ ਪਰਵਾਨਾ ਦੀ ਸਿਰਜਣਾਤਮਿਕ ਚੇਤਨਾ ਮੰਡੀ ਅਤੇ ਉਪਭੋਗਤਾਵਾਦੀ ਕਲਚਰ ਤੋਂ ਪ੍ਰੇਰਿਤ ਹੈ। ਨਾਵਲਕਾਰ ਦੀ ਇਹ ਅਨੁਭਵੀ ਚੇਤਨਾ ਉਪਭੋਗਤਾਵਾਦੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਉਜ਼ਾਗਰ ਕਰਦੀ ਹੈ। ਬਲਬੀਰ ਪਰਵਾਨਾ ਦੀ ਸਿਰਜਣਾਤਮਿਕ ਚੇਤਨਾ ਬਾਰੇ ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਪੁਸਤਕ 'ਗਲਪ ਅਧਿਐਨ' ਵਿੱਚ ਲਿਖਿਆ ਹੈ –

> "ਪਰਵਾਨਾ ਅਮਲੀ ਤੌਰ ਤੇ ਸਾਹਿਤਕ ਪੱਤਰਕਾਰੀ ਦੇ ਕਿੱਤੇ ਨਾਲ ਜੁੜਿਆ ਹੋਣ ਕਰਕੇ ਸਾਹਿਤਕ ਸਿਨਫ਼ਾ ਦੀ ਵਿਵਧਤਾ ਤੋਂ ਵਾਕਿਫ਼ ਹੈ। ਸਿਧਾਂਤਕ ਤੌਰ ਤੇ ਮਾਰਕਸਵਾਦੀ ਚਿੰਤਨ ਨਾਲ ਜੁੜਿਆ ਹੋਣ ਕਰਕੇ ਸਮਾਜਿਕ ਸੰਬੰਧਾਂ ਪਿੱਛੇ ਕੰਮ ਕਰਕੇ ਆਰਥਿਕ ਕਾਰਨਾਂ ਦੀ ਸਮਝ ਵੀ ਬਾਰੀਕੀ ਨਾਲ ਰੱਖਦਾ ਹੈ।"[2]

ਨਵਜੋਤ ਕੌਰ ਅਨੁਸਾਰ –

> "ਪਰਵਾਨਾ ਦੇਹ-ਸੁਖ ਵਿੱਚ ਹੀ ਅੰਤਿਮ-ਸੁਖ ਨੂੰ ਭਾਲ ਦੇ ਪਾਤਰਾ ਦੀ ਸਿਰਜਣਾ ਕਰਦਾ ਹੋਇਆ, ਵੈਧ-ਅਵੈਧ ਰਿਸ਼ਤਿਆਂ ਦੇ ਸੱਚ ਨੂੰ ਹੰਢਾਉਂਦੇ ਪਾਤਰਾ ਨੂੰ ਦਰਸਾਉਣ ਦਾ ਯਤਨ ਕਰਦਾ ਹੈ।"[3]

ਬਲਬੀਰ ਪਰਵਾਨਾ ਨੇ ਨਾਵਲ ਸ਼ੋਅ ਰੂਮ' ਵਿੱਚ ਮਾਈਨਿੰਗ ਸਮੱਸਿਆ ਨੂੰ ਉਜਾਗਰ ਕਰਕੇ ਉਪਭੋਗਵਾਦੀ ਰੁਚੀ ਅਤੇ ਪੂੰਜੀਵਾਦੀ ਸਰਮਾਏ ਦੇ ਗੰਭੀਰ ਸੰਕਟ ਨੂੰ ਪੇਸ਼ ਕੀਤਾ ਹੈ। ਕਿਸਾਨਾਂ ਦੀ ਆਮਦਨ ਵਿੱਚ ਘਾਟਾ ਹੋਇਆ ਹੈ ਤੇ ਕਰਜ਼ੇ ਦਾ ਭਾਰ ਵੱਧ ਰਿਹਾ ਹੈ ਅਜਿਹੀ ਸਥਿਤੀ ਵਿੱਚ ਕਿਸਾਨਾਂ ਕੋਲ ਦੋ ਹੀ ਰਸਤੇ ਹਨ, ਜ਼ਮੀਨਾਂ ਨੂੰ ਵੇਚਣਾ ਅਤੇ ਖੁਦਕੁਸ਼ੀ। ਨਾਵਲ 'ਸ਼ੋਅਰੂਮ' ਦੇ ਪਾਤਰ ਜ਼ਮੀਨਾ ਵੇਚ ਕੇ ਸੱਭਿਆਚਾਰਕ ਦੁਖਾਂਤ ਭੋਗਦੇ ਹਨ। 'ਮਾਈਨਿੰਗ' ਦਾ

ਵੱਡਾ ਕਾਰਣ ਰੁਜ਼ਗਾਰ ਦੀ ਕਮੀ ਵੀ ਹੈ। ਸਰਕਾਰ ਦੇ ਪਿੱਛੇ ਹੱਟਣ ਨਾਲ 'ਮਾਈਨਿੰਗ' ਵਿੱਚ ਠੇਕੇਦਾਰੀ ਪ੍ਰਥਾ ਵੀ ਸ਼ੁਰੂ ਹੋ ਗਈ ਹੈ। 'ਬੌਬੀ' ਮਾਈਨਿੰਗ ਦੀ ਠੇਕੇਦਾਰੀ ਦੀ ਪ੍ਰਤੀਨਿਧਤਾ ਕਰਦਾ ਪਾਤਰ ਹੈ। ਅਜੋਕੇ ਸਮੇਂ ਵਿੱਚ ਤੇਜ਼ੀ ਨਾਲ ਹੋ ਰਹੇ ਖੇਤੀ ਦੇ ਵਪਾਰੀਕਰਨ ਅਤੇ ਮਸ਼ੀਨੀਕਰਨ ਨਾਲ ਛੋਟੀ ਕਿਸਾਨੀ ਨੂੰ ਹੋਰ ਧੰਦਿਆਂ ਵੱਲ ਧੱਕਿਆ ਜਾ ਰਿਹਾ ਹੈ। ਨਾਵਲ ਸ਼ੋਅਰੂਮ ਦੇ ਪਾਤਰ ਉਪਭੋਗਵਾਦ ਦੇ ਰੁਝਾਨ ਦੀ ਮਾਰ ਹੇਠ ਕਰਜ਼ੇ ਦਾ ਭਾਰ ਚੁੱਕ ਆਰਥਿਕਤਾ ਨਾਲ ਜੱਦੋਹਿਦ ਕਰ ਰਹੇ ਹਨ ਜਿਵੇਂ:

> "ਬੈਂਕ ਦੇ ਕਰਜ਼ੇ ਦਾ ਕੇਸ ਉਲਝਣ ਲੱਗਾ ਤਾਂ ਉਹਨਾਂ ਨੇ ਸੋਚਿਆ, "ਕਿਉਂ ਨਾ ਮੋਹਰਗੜ੍ਹ ਵੱਲ ਜਾਂਦੇ ਪਹੇ ਕੰਢਿਓ ਕਿੱਲਾ ਕੁ ਜ਼ਮੀਨ ਵੇਚ ਲਈ ਜਾਵੇ।"[4]

ਨਾਵਲਕਾਰ ਨੇ ਪੂੰਜੀਵਾਦ ਵੱਲੋਂ ਥੋਪੇ ਗਈ 'ਮਾਈਨਿੰਗ' ਦੇ ਜ਼ਰੀਏ ਕਿਸਾਨੀ ਸੰਕਟ ਨੂੰ ਹੋਰ ਗੰਭੀਰ ਅਤੇ ਤਿੱਖਾ ਕੀਤਾ ਹੈ। 'ਸ਼ੋਅ ਰੂਮ' ਨਾਵਲ ਵਿਚ ਦਰਸਾਇਆ ਗਿਆ ਹੈ ਨੱਕ-ਨਮੂਜ਼ ਰੱਖਣ ਲਈ ਕੀਤੇ ਜਾਂਦੇ ਆਡੰਬਰਾਂ ਤੇ ਕੀਤੀ ਜਾਂਦੀ ਫਜ਼ੂਲ-ਖ਼ਰਚੀ ਵੀ ਕਿਸਾਨੀ ਲਈ ਮਾਰੂ ਸਾਬਤ ਹੋਈ ਹੈ। ਨਾਵਲ ਵਿੱਚ ਪਰਗਟ ਸਿੰਘ ਦੀ ਅਗਲੀ ਪੀੜ੍ਹੀ ਕੰਗਾਲ ਹੋਈ ਪ੍ਰਸਤੁਤ ਕੀਤੀ ਗਈ। ਪਰਗਟ ਸਿੰਘ ਕੋਲ ਘੱਟ ਜ਼ਮੀਨ ਕਾਰਨ ਪੈਦਾਵਾਰ ਓਨੀ ਹੁੰਦੀ ਨਹੀਂ ਜਿਸ ਨਾਲ ਉਸਦੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਹੋ ਸਕਣ। ਪਰਗਟ ਸਿੰਘ ਦਾ ਪੁੱਤਰ ਬੈਂਕ ਕਰਜ਼ੇ ਦੀ ਸਹਾਇਤਾ ਨਾਲ ਟਿੱਪਰ ਖਰੀਦਦਾ ਹੈ। ਨਜਾਇਜ਼ ਮਾਈਨਿੰਗ ਕਰਕੇ ਦੀਪੇ ਨੂੰ ਸਰਕਾਰੀ ਨੀਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਜਾਇਜ਼ ਮਾਈਨਿੰਗ ਦੇ ਠੇਕੇਦਾਰ ਆਪਣੀਆਂ ਘਟੀਆਂ ਨੀਤੀਆਂ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ ਖ਼ਰੀਦਦੇ ਹਨ।

> "ਗੱਲਬਾਤ ਹਰ ਥਾਂ ਚਲਾਈ ਰੱਖੋ, ਹਰ ਤਰ੍ਹਾਂ ਦੀ ਚਲਾਈ ਰੱਖੋ, ਪਰ ਫੈਸਲਾ ਕਰਨ ਦੀ ਕਾਹਲ ਨਾ ਕਰੋ। ਕਾਹਲੀ ਅਗਲਾ ਕਰੇ, ਵੇਚਣ ਵਾਲਾ..... ਅਸੀਂ ਚਾਰ ਪੈਸੇ ਸਸਤੀ ਲੈ ਲਵਾਂਗੇ.....।"[5]

ਮਾੜੀ ਆਰਥਿਕ ਸਥਿਤੀ ਅਤੇ ਨਜ਼ਰ ਆਉਂਦੇ ਕਾਲੇ ਭਵਿੱਖ ਕਾਰਨ ਦੀਪਾ ਬੈਂਕ ਕਰਜ਼ਾ ਲੈ ਕੇ ਬੌਬੀ ਦੇ ਕਹਿਣ ਤੇ 'ਨਜਾਇਜ਼ ਮਾਈਨਿੰਗ' ਦੇ ਕਿੱਤੇ ਨੂੰ ਅਪਣਾਉਂਦਾ ਹੈ। ਪ੍ਰਗਟ ਸਿੰਘ ਦੇ ਪਰਿਵਾਰ ਦੀ ਜ਼ਿੰਦਗੀ ਆਰਥਿਕ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ ਅਜਿਹੀ ਜ਼ਿੰਦਗੀ ਵਿੱਚ ਜ਼ਿੰਦਗੀ ਦਾ ਸੁਹਜ ਸਰੀਰਿਕ ਸੰਬੰਧਾਂ 'ਤੇ ਆਧਾਰਿਤ ਹੈ। ਸੁਖੀ ਪਾਤਰ ਆਪਣੇ ਕਾਲਪਨਿਕ ਸੁਪਨਿਆਂ ਵਿੱਚ ਸਰੀਰਿਕ ਸੁੱਖ ਦੀ ਖਾਹਿਸ਼ ਪਾਲਦੀ ਹੈ।

> "ਉਧਰ ਬੌਬੀ ਵੱਲ ਉਸ ਦੀਆਂ ਕਲਪਨਾਵਾਂ ਕੁਝ ਵਧੇਰੇ ਹੀ ਉਲਾਰ ਤੇ ਉਤੇਜਿਤ ਹੋ ਜਾਂਦੀਆਂ ਹਨ।"[6]

'ਸੁਖੀ' ਦਾ ਭਰਾ ਦੀਪਾ ਸਰੀਰਿਕ ਅਨੰਦ ਲਈ ਬੀਰੀ ਦੀ ਨਣਾਨ ਨਾਲ ਸੰਬੰਧ ਸਥਾਪਿਤ ਕਰਦਾ ਹੈ।

> 'ਬੀਰੀ ਦੀ ਨਣਾਨ ਨਾਲ ਫਸਿਆ ਹੋਇਆ ਹੈ, ਉਹੀ ਜੀਹਦਾ ਘਰਵਾਲੇ ਨਾਲ ਕੇਸ ਚੱਲ ਰਿਹਾ ਹੈ।'[7]

ਮਰਦ ਪ੍ਰਧਾਨ ਸਮਾਜ ਵਿੱਚ ਮਰਦ ਦੀ ਦ੍ਰਿਸ਼ਟੀ ਵਿੱਚ ਇਸਤਰੀ ਦੀ ਹੈਸੀਅਤ ਸਿਰਫ਼ ਜਿਨਸੀ ਸੰਬੰਧ ਤੱਕ ਹੀ ਸੀਮਿਤ ਹੈ। ਸ਼ੋਅਰੂਮ ਨਾਵਲ ਦੇ ਮਰਦ ਪਾਤਰ ਦੀਪਾ, ਬੌਬੀ, ਪਰਗਟ ਆਦਿ ਜ਼ਿੰਦਗੀ ਦਾ ਲੁਤਫ਼ ਲੈਣ ਵਾਸਤੇ ਔਰਤਾਂ ਨਾਲ ਸਰੀਰਕ ਸੰਬੰਧ ਰੱਖਦੇ ਹਨ। ਨਾਵਲ

ਦੇ ਮਰਦ ਪਾਤਰ ਆਪਣੇ ਸਰੀਰਿਕ ਸੰਬੰਧਾਂ ਨੂੰ ਗੈਰ ਸਮਾਜਿਕ ਵੀ ਮੰਨਦੇ ਹਨ।

> "ਮੁਕੇਰੀਆਂ ਜਾਣ ਲੱਗੀ ਤਾਂ ਵੀ ਉਹ ਬੌਬੀ ਨੂੰ ਮਿਲਣ ਤੋਂ ਝਿਜਕਦੀ, ਕਿਤੇ ਕੋਈ ਦੇਖ ਹੀ ਨਾ ਲਵੇ।"[8]

'ਸੁਖੀ' ਸੈਕਸ ਨੂੰ ਬਹੁਤਾਤ ਵਿੱਚ ਭੋਗਣ ਮਗਰੋਂ ਆਪਣੇ ਅਧੂਰੇਪਣ ਤੋਂ ਪੂਰਨ ਸੁਚੇਤ ਹੈ ਤੇ ਮੁੰਡੇ ਕੁੜੀਆਂ ਨੂੰ ਬਾਹਰ ਭੇਜਣ ਵਾਲਾ ਦਫ਼ਤਰ ਖੋਲ੍ਹ ਲੈਂਦੀ ਹੈ। ਬੌਬੀ ਸੁਖੀ ਦੇ ਸੰਪਰਕ ਵਿੱਚ ਆ ਕੇ ਉਸ ਨੂੰ ਬਰਾਬਰ ਦਾ ਸਮਾਜਿਕ ਦਰਜਾ ਨਹੀਂ ਦਿੰਦਾ। ਸੁਖੀ ਐਸ.ਪੀ. ਨਾਲ ਰਾਤ ਬਿਤਾਉਣ ਮਗਰੋਂ ਸਮਝ ਜਾਂਦੀ ਹੈ ਕਿ ਬੌਬੀ ਦੀ ਜ਼ਿੰਦਗੀ ਵਿੱਚ ਉਸਦੀ ਕੋਈ ਥਾਂ ਨਹੀਂ ਹੈ –

> "ਜਿਉਂ ਉਸਨੇ ਐਸ.ਪੀ. ਨਾਲ ਰਾਤ ਬਿਤਾਈ, ਉਸਨੂੰ ਬੌਬੀ ਨਾਲ ਆਪਣੇ 'ਸੰਬਧਾਂ ਦੇ 'ਸੱਚ' ਦਾ ਅਹਿਸਾਸ ਹੋ ਗਿਆ ਸੀ।"[9]

'ਸ਼ੋਅਰੂਮ' ਵਿੱਚ ਯਥਾਰਥਕ ਰੂਪ ਵਿੱਚ ਮਾਈਨਿੰਗ ਦੀ ਸਮੱਸਿਆ ਦੀ ਉਸਾਰੀ ਕੀਤੀ ਗਈ ਹੈ। ਸਾਰੇ ਨਾਇਕ ਅਤੇ ਨਾਇਕਾਵਾਂ ਦੇ ਆਪਣੇ ਹਿੱਤ, ਆਪਣਾ ਨਿੱਜ, ਆਪਣਾ ਸਵਾਰਥ ਤੇ ਲੋਭ ਹੈ। ਦੀਪਾ ਅਤੇ ਬੌਬੀ ਹਰ ਵੈਧ ਅਤੇ ਅਵੱਧ ਢੰਗ ਨਾਲ ਨਜਾਇਜ਼ ਮਾਈਨਿੰਗ ਲਈ ਕਿਸੇ ਵੀ ਸਥਿਤੀ ਪ੍ਰਸਥਿਤੀ ਨਾਲ, ਕੋਈ ਵੀ ਸਮਝੌਤਾ ਕਰਨ ਲਈ ਤਿਆਰ ਹਨ। ਨਜਾਇਜ਼ ਮਾਈਨਿੰਗ ਲਈ ਉਹ ਐਸ.ਡੀ.ਐੱਮ. ਦਿਨੇਸ਼ ਰਾਣਾ ਨੂੰ ਐਕਸੀਡੈਂਟ ਕਰਕੇ ਕੁਚਲ ਦਿੰਦੇ ਹਨ। ਦੋਵੇਂ ਪਾਤਰ ਆਪਣੇ ਲਾਭਾਂ ਤੇ ਹਿੱਤਾਂ ਨੂੰ ਕਿਸੇ ਵੀ ਕਿਸਮ ਦੀ ਆਂਚ ਨਹੀਂ ਆਉਣ ਦਿੰਦੇ। ਪੂੰਜੀਵਾਦ ਨੇ ਮਨੁੱਖ ਨੂੰ ਸੰਵੇਦਨਹੀਣ ਬਣਾ ਦਿੱਤਾ ਹੈ। ਦੀਪਾ ਟੈਕਸੀ ਚਲਾਉਂਦਾ ਹੈ ਬੌਬੀ ਦੇ ਸੰਪਰਕ ਵਿੱਚ ਆਉਣ ਨਾਲ ਜਲਦੀ-ਜਲਦੀ ਪੈਸਾ ਕਮਾਉਣਾ ਚਾਹੁੰਦਾ ਹੈ। 'ਸ਼ੋਅਰੂਮ' ਟੁੱਟ ਰਹੀ ਕਿਸਾਨੀ ਦਾ ਚਿਤਰਨ ਹੈ। ਨਾਵਲਕਾਰ ਨੇ 'ਮੁਣਸ਼ੀ' ਦੀ ਸਮਾਧਾਂ ਤੇ ਲੱਗਦੇ ਜੋੜ ਮੇਲੇ ਦਾ ਜ਼ਿਕਰ ਵੀ ਸ਼ਰਧਾਮਈ ਢੰਗ ਨਾਲ ਕੀਤਾ ਹੈ। ਨਾਵਲ ਦਾ ਪਾਠਗਤ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਬਦਲ ਰਹੇ ਪੈਦਾਵਾਰੀ ਸਾਧਨਾਂ ਨੇ ਪਿੰਡ ਦੇ ਭਾਈਚਾਰਕ ਸੰਬੰਧਾਂ ਅਤੇ ਪਵਿੱਤਰ ਰਿਸ਼ਤਿਆਂ ਦੀ ਸੰਰਚਨਾ ਵਿੱਚ ਤਬਦੀਲੀ ਲਿਆਂਦੀ ਹੈ ਲੋਕ ਪੂੰਜੀਵਾਦੀ ਸੋਚ ਦੇ ਧਾਰਨੀ ਹੋ ਚੁੱਕੇ ਹਨ। ਨਫ਼ਰਤ, ਈਰਖਾ ਆਦਿ ਪਿੰਡ ਦੇ ਲੋਕਾਂ ਦਾ ਕਸਬ ਬਣ ਚੁੱਕਾ ਹੈ। ਸ਼ਹੀਦ ਮੁਣਸ਼ੀ ਦੀ ਸਮਾਧ ਉਤੇ ਲੱਗੇ ਜੋੜ ਮੇਲੇ ਵਿੱਚ ਵਿਧਾਇਕ ਦਲਜੀਤ ਸਿੰਘ ਘੁੰਮਣ ਨੇ ਜੱਥੇਦਾਰ ਪਾਲਾ ਸਿੰਘ ਨੂੰ ਸੱਭਿਆਚਾਰਕ ਮੇਲਾ ਲਾਉਣ ਲਈ ਪ੍ਰੇਰਿਆ ਅਤੇ ਸਟੇਜ ਤੇ ਚੜ੍ਹ ਕੇ ਬਨਾਰਸੀ ਦਾਸ ਮਿੱਤਲ ਦੇ ਗੁਣ ਗਾਉਣੇ ਸ਼ੁਰੂ ਕਰ ਦਿੱਤੇ ਜਿਵੇਂ

> "ਇਹੋ ਹਾਲ ਦੂਸਰੇ ਆਗੂਆਂ ਦਾ ਰਿਹਾ। 'ਸ਼ਹੀਦ ਸਰਦਾਰ ਮੁਣਸ਼ਾ ਸਿੰਘ ਸਹੋਤਾ' ਅਮਰ ਰਹੇ ਦੇ ਨਾਅਰੇ ਵੀ ਲੱਗਦੇ ਰਹੇ ਤੇ ਜੈਕਾਰੇ ਛੱਡ ਹੁੰਦੇ ਰਹੇ ਪਰ ਗੱਲਾਂ ਸਰਕਾਰ ਦੀਆਂ ਹੁੰਦੀਆਂ ਰਹੀਆਂ।"
>
> "ਸਾਲਿਆ ਦੇ ਕੱਪੜਿਆਂ 'ਚੋਂ ਜੂੰਆਂ ਨੀ ਸੀ ਮੁੱਕਦੀਆਂ ਹੁੰਦੀਆਂ..... ਹੁਣ ਸਰਦਾਰੜਾ ਬਣਿਆ ਫਿਰਦਾ।"[10]

ਵਿਧਾਇਕ ਦਲਜੀਤ ਸਿੰਘ, ਜੱਥੇਦਾਰ ਪਾਲਾ ਸਿੰਘ ਅਤੇ ਲਾਲਾ ਬਨਾਰਸੀ ਦਾਸ ਵਾਸਤਵ ਵਿੱਚ ਪਿੰਡਾਂ ਵਿੱਚ ਕਾਰਜਸ਼ੀਲ ਭੱਦੀ ਰਾਜਨੀਤੀ ਦਾ ਚਿਤਰਨ ਹੈ। ਨਾਵਲ ਦਾ ਪਾਤਰ ਐਸ.ਡੀ.ਐੱਮ. ਨਜਾਇਜ਼ ਮਾਈਨਿੰਗ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦੀਪਾ ਉਸਦਾ ਐਕਸੀਡੈਂਟ ਕਰਕੇ ਕਤਲ ਕਰ ਦਿੰਦਾ ਹੈ। ਸ਼ਹੀਦ ਸਰਦਾਰ ਮੁਣਸ਼ੀ ਦੇ ਲੱਗੇ ਜੋੜ ਮੇਲੇ ਦੇ

ਧਾਰਮਿਕ ਪਾਖੰਡ ਵਾਦ ਤੇ ਵੀ ਨਾਵਲਕਾਰ ਨੇ ਨਿਸ਼ਾਨਾ ਸੇਧਿਆ ਹੈ। ਸੱਭਿਆਚਾਰਕ ਸਟੇਜ ਲਗਾ ਕੇ ਸਿਰਫ਼ ਰਾਜਨੀਤਿਕ ਪ੍ਰਚਾਰ ਕੀਤਾ ਜਾਂਦਾ ਹੈ। ਡਾ: ਰਾਜਿੰਦਰ ਕਰੈਸ਼ਰ ਦੇ ਪ੍ਰਦੂਸ਼ਣ ਦੇ ਖਿਲਾਫ ਬੋਲਦਾ ਹੈ ਪਰ ਪਿੰਡ ਦੇ ਲੋਕ ਹੀ ਉਸ ਦੇ ਚੰਗੇ ਕੰਮ ਵਿੱਚ ਵਿਘਨ ਪਾਉਂਦੇ ਹਨ। ਡਾ: ਰਾਜਿੰਦਰ ਜੀਵਨ ਤੋਂ ਹਾਰ ਨਹੀਂ ਮੰਨਦਾ ਸਗੋਂ ਲੋਕਾਂ ਨੂੰ ਮਾਈਨਿੰਗ ਦੀਆਂ ਹਾਨੀਆਂ ਦੇਖਣ ਲਈ ਜੂਝਦਾ ਹੈ। ਮਾਸਟਰ ਜੋਗਿੰਦਰ ਸਿੰਘ ਵਰਗੇ ਨਜਾਇਜ਼ ਮਾਈਨਿੰਗ ਦੇ ਖਿਲਾਫ਼ ਅਵਾਜ਼ ਉਠਾਉਂਦੇ ਹਨ ਪਰ ਦੀਪੇ ਵਰਗੇ ਪਾਤਰ ਉਸ ਨੂੰ ਆਦਰਸ਼ਹੀਨ ਸਕਰਾਰ ਦਿੰਦੇ ਹਨ।

> "ਬਹੁਤੀ ਪੂਛ ਤਾਂ ਕਾਮਰੇਡ ਚੁੱਕੀ ਫਿਰਦਾ ਜਾਂ ਫਿਰ ਮਾਸਟਰ ਜੋਗਿੰਦਰ ..... ਕਾਮਰੇਡ ਨੂੰ ਪਿੰਡ 'ਚ ਕੋਈ ਪੁੱਛਦਾ ਨੀ। ਹੁਣ ਉਹ ਇਸ ਅੰਦੋਲਨ ਆਸਰੇ ਪਿੰਡ 'ਚ ਆਪਣੀ ਪੈਂਠ ਬਣਾਉਣੀ ਚਾਹੁੰਦਾ।"[11]

> "ਇਹ ਕਰੈਸ਼ਰ ਅਜੇ ਹੋਰ ਪਤਾ ਨਹੀਂ ਕੀ ਕੀ ਫੁੱਲ ਖਿੜਾਉਣਗੇ ? ਪਹਿਲਾਂ ਅਸਮਾਨ ਘੱਟੇ ਲਾਲ ਭਰ ਦਿੱਤਾ, ਦਿਨ ਰਾਤ ਦੀ ਖੜਖੜ..... ਰਾਹ ਸਾਰੇ ਟਿੱਪਰਾਂ ਨੇ ਤਬਾਹ ਕਰ ਦਿੱਤੇ.....।[12]

ਨਾਵਲਕਾਰ ਨੇ ਨਕਸਲੀ ਲਹਿਰ ਦੀ ਸੋਚ ਬਾਰੇ ਵੀ ਨਾਵਲ ਵਿੱਚ ਜਾਣਕਾਰੀ ਮੁਹੱਈਆ ਕਰਵਾਈ ਹੈ। ਮਾਸਟਰ ਜੋਗਿੰਦਰ ਸਿੰਘ ਵਰਗੇ ਪਾਤਰ ਬੇਸ਼ੱਕ ਵਿਚਾਰਧਾਰਕ ਪੱਖੋਂ ਪੂਰੀ ਤਰ੍ਹਾਂ ਇਸ ਲਹਿਰ ਨਾਲ ਨਹੀਂ ਜੁੜਦੇ ਪਰ ਉਹ ਇਸ ਲਹਿਰ ਪ੍ਰਤੀ ਸੁਹਿਰਦ ਹੈ।

> 'ਮਾਸਟਰ ਆਪ ਤਾਂ ਸਕੂਲ ਨਹੀਂ ਜਾਂਦਾ। ਮੁੰਡਾ ਕੁੜੀ ਕੈਨੇਡਾ ਭੇਜ ਦਿੱਤੇ।'[13]

ਨਾਵਲ ਵਿੱਚ ਦੱਸਿਆ ਗਿਆ ਕਿ ਨੇਤਾਵਾਂ ਦੀ ਲੋਕਾਂ ਨਾਲ ਕੋਈ ਪ੍ਰਤੀਬੱਧਤਾ ਨਹੀਂ ਹੁੰਦੀ ਸਿਰਫ਼ ਚੌਧਰ ਤੇ ਕੁਰਸੀ ਇਹਨਾਂ ਦਾ ਦੀਨ ਧਰਮ ਹੁੰਦਾ ਹੈ। ਸ਼ੋਅਰੂਮ ਨਾਵਲ ਬਹੁਪਰਤੀ ਹੈ ਪਰ ਗੁੰਝਲਦਾਰ ਨਹੀਂ। ਕਰੂਰ ਪੂੰਜੀਵਾਦ ਬਾਜ਼ਾਰ ਦਾ ਚਿਤਰਨ ਹੋਇਆ ਹੈ। ਨਾਵਲ ਦੇ ਪਾਤਰ ਜ਼ਿੰਦਗੀ ਜਿਉਣ ਲਈ, ਧਨ ਕਮਾਉਣ ਲਈ ਜਾਇਜ਼-ਨਜਾਇਜ਼ ਸਿੱਧੇ ਪੁੱਠੇ ਕਾਰਜ ਕਰਦੇ ਹਨ। ਪਾਤਰ ਨਾ-ਚਾਹੁੰਦਿਆਂ ਵੀ ਪ੍ਰਸਥਿਤੀਆਂ ਉਨ੍ਹਾਂ ਨੂੰ ਅਮਾਨਵੀ ਕਾਰਜ ਕਰਵਾਉਣ ਲਈ ਮਜ਼ਬੂਰ ਕਰ ਦਿੰਦੀਆਂ ਹਨ, ਉਹ ਪੂੰਜੀ ਕਮਾਉਣ ਲਈ ਹਰ ਜਾਇਜ਼ ਨਜਾਇਜ਼ ਢੰਗ ਵਰਤਦੇ ਹਨ। ਆਪਣੀ ਪ੍ਰਸਥਿਤੀਆਂ ਵੱਸ ਹੀ 'ਦੀਪਾ' ਆਪਣਾ ਪਿਤਾ-ਪੁਰਖੀ ਕਾਰਜ ਛੱਡ ਕੇ 'ਮਾਈਨਿੰਗ ਦੇ ਖੇਤਰ' ਵਿੱਚ ਆਉਂਦਾ ਹੈ।

ਬਲਬੀਰ ਪਰਵਾਨਾ ਨੇ ਇਸ ਨਾਵਲ ਵਿੱਚ ਰਿਸ਼ਤਿਆਂ ਵਿੱਚ ਤਿੱਖੇ ਦਵੰਦ ਦੇ ਮਹਿਜ ਯਥਾਰਥ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਪੁਰਾਤਨ ਰਿਸ਼ਤਿਆਂ ਤੇ ਹਾਵੀ ਹੋ ਰਹੇ ਨਵੇਂ ਰਿਸ਼ਤਿਆਂ ਨੂੰ ਪ੍ਰਸਤੁਤ ਕੀਤਾ ਹੈ।

> "ਵੱਡੀ ਬੇਬੇ, ਉਦੋਂ ਸਮੇਂ ਸਸਤੇ ਹੁੰਦੇ ਸੀ..... ਹੁਣ ਤਾਂ ਇੰਨੇ ਨਾਲ ਇੱਕ ਦਿਨ ਨਹੀਂ ਲੰਘਦਾ। ਸ਼ਹਿਰ 'ਚ ਕਿਤੇ ਦਾਲ ਨਾਲ ਖਾਣੇ ਪੈ ਜਾਣ ਤਾਂ ਪੰਜਾਹਾਂ ਦਾ ਨੋਟ ਖੁੱਲ ਜਾਂਦਾ ਹੈ.....।"[14]

ਨਾਵਲ ਦਾ ਪੂਰਾ ਸੱਚ ਹੈ ਕਿ ਉਪਭੋਗਵਾਦ ਅਤੇ ਪੈਸਾਵਾਦ ਕਾਰਨ ਮਨੁੱਖੀ ਜ਼ਿੰਦਗੀ ਵਿੱਚ ਕਈ ਨਵੀਆਂ ਅਲਾਮਤਾਂ ਦੀ ਉੱਤਪਤੀ ਹੋਈ ਹੈ। ਮਾਨਵੀ ਜੀਵਨ ਨੂੰ ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਲੁੱਟ ਖਸੁੱਟ, ਮੁਨਾਫ਼ਖੋਰੀ ਆਦਿ ਲਾ-ਇਲਾਜ ਲੱਗ ਚੁੱਕੇ ਹਨ। ਮਨੁੱਖ ਮੁਨਾਫ਼ੇ ਦੀ ਮੰਡੀ ਤੇ ਨਿਰਭਰ ਹੋਣ ਕਾਰਨ ਉਪਭੋਗਵਾਦੀ ਰਿਸ਼ਤਿਆਂ ਦੀ ਆਮਦ ਹੋਈ ਹੈ, ਜਿਸ ਕਾਰਨ ਰਿਸ਼ਤਿਆਂ ਵਿੱਚ ਦਵੰਦ ਤਣਾਅ ਵਧਿਆ ਹੈ ਅਤੇ ਉਨ੍ਹਾਂ ਦੀ ਵਿਆਪਕ ਟੁੱਟ ਭੱਜ ਹੋ

ਰਹੀ ਹੈ। ਘਰਾਂ ਵਿੱਚ ਬਜੁਰਗਾਂ ਦਾ ਸਤਿਕਾਰ ਖ਼ਤਮ ਹੋ ਰਿਹਾ ਹੈ। 'ਠਾਕਰੀ' ਇਸ ਧਾਰਨਾ ਦਾ ਪ੍ਰਤੀਨਿਧ ਪਾਤਰ ਹੈ। ਸੋ ਬਲਬੀਰ ਪਰਵਾਨਾ ਨੇ ਪੈਸਾਵਾਦੀ ਸੋਚ ਅਤੇ ਉਪਭੋਗਤਾਵਾਦੀ ਜੀਵਨ ਸੱਚ ਨੂੰ ਸਾਡੇ ਸਨਮੁੱਖ ਰੱਖ ਕੇ ਸਾਨੂੰ ਨਾਵਲ ਰਾਹੀਂ ਸੁਚੇਤ ਕੀਤਾ ਹੈ ਜਿਵੇਂ

> "ਪਿੰਡ ਜਿਵੇਂ ਸ਼ੋਅਰੂਮ ਬਣਦਾ ਜਾ ਰਿਹਾ ਸੀ, ਜਿੱਥੇ ਹਰ ਵਿਕਾਊ ਸੀ। ਕੁਦਰਤ ਪੂੰਜੀ 'ਚ ਤਬਦੀਲ ਹੋ ਰਹੀ ਸੀ ਕੁਝ ਸਨ ਜਿਹੜੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵੇਚ ਰਹੇ ਸਨ..... ਤੇ ਕੁਝ ਸਨ ਜਿੰਨ੍ਹਾਂ ਦੀਆਂ ਜੜ੍ਹਾਂ ਪਿੰਡ ਨਾਲੋਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਸਨ।"[15]

ਇਸ ਨਾਵਲ ਜ਼ਰੀਏ ਬਲਬੀਰ ਪਰਵਾਨਾ ਨੇ 'ਨਜਾਇਜ਼ ਮਾਈਨਿੰਗ' ਵਰਗੀ ਅਹਿਮ ਸਮੱਸਿਆ ਵੱਲ ਧਿਆਨ ਦਿਵਾਇਆ ਹੈ ਜੋ ਭਵਿੱਖ ਵਿੱਚ ਭਿਆਨਕ ਰੂਪ ਅਖਤਿਆਰ ਕਰ ਸਕਦੀ ਹੈ ਜੇਕਰ ਇਸਦਾ ਸਮਾਧਾਨ ਨਾ ਕੀਤਾ ਗਿਆ। ਪ੍ਰਗਟ ਸਿੰਘ ਦੇ ਪਰਿਵਾਰ ਦੀ 'ਹੋਣੀ' ਪਾਠਕਾਂ ਦੇ ਸਨਮੁੱਖ ਹੈ, 'ਦੀਪੇ' ਨੂੰ ਨਜਾਇਜ਼ ਮਾਈਨਿੰਗ ਦਾ ਕਿੱਤਾ ਨਿਗਲ ਜਾਂਦਾ ਹੈ। ਸੁਖੀ ਬੌਬੀ ਦੀ ਵਫ਼ਾਦਾਰੀ ਹੋਣ ਦੇ ਬਾਵਜੂਦ ਸਰੀਰਿਕ ਸੰਕਟ ਭੋਗਦੀ ਹੈ। ਬੌਬੀ ਸੁਖੀ ਨੂੰ ਸਤਿਕਾਰ ਦੇਣ ਦੀ ਬਜਾਇ ਉਸ ਨੂੰ ਭੋਗਣ ਦੀ ਵਸਤੂ ਬਣਾ ਕੇ ਛੱਡ ਦਿੰਦਾ ਹੈ। ਇਸ ਨਾਵਲ ਦਾ ਯਥਾਰਥ ਪੈਸਾਵਾਦ ਦੇ ਲਾਲਚ ਵਿੱਚ ਕਿਸੇ ਨੂੰ ਬਖਸ਼ਿਆ ਨਹੀਂ ਗਿਆ ਸਗੋਂ 'ਨਿੱਜ' ਨੂੰ ਪਹਿਲ ਦਿੱਤੀ ਗਈ ਹੈ। 'ਸ਼ੋਅ ਰੂਮ' ਨਾਵਲ ਪੂੰਜੀਵਾਦੀ ਕੀਮਤਾਂ, ਪ੍ਰਤੀਮਾਨਾਂ ਦੇ ਦਵੰਦ ਵਿੱਚੋਂ ਉਪਜੀ ਟੁੱਟ ਭੱਜ ਦਾ ਰੂਪਾਂਤਰਨ ਹੈ।

## ਟਿੱਪਣੀਆਂ ਹਵਾਲੇ


1. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਨਾਵਲ, ਵਿਰਾਸਤ ਤੇ ਵਰਤਮਾਨ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ 2020 ਪੰਨਾ, 12
2. ਰਜਨੀਸ਼ ਬਹਾਦਰ ਸਿੰਘ, ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿ. 1999, ਪੰਨਾ, 107
3. ਪ੍ਰਵਚਨ, ਬਲਬੀਰ ਪਰਵਾਨਾ, ਰਚਿਤ ਭੋਗਵਾਦੀ ਬਿਰਤੀ, ਅਪਰੈਲ 2020, ਪੰਨਾ, 25
4. ਸ਼ੋਅ ਰੂਮ ਬਲਬੀਰ ਪਰਵਾਨਾ, 2020, ਲੋਕਗੀਤ ਪ੍ਰਕਾਸ਼ਨ ਚੰਡੀ, ਪੰਨਾ, 102
5. ਉਹੀ ਪੰਨਾ, 68
6. ਉਹੀ ਪੰਨਾ, 45
7. ਉਹੀ ਪੰਨਾ, 16
8. ਉਹੀ ਪੰਨਾ, 73
9. ਉਹੀ ਪੰਨਾ, 178
10. ਉਹੀ ਪੰਨਾ, 93
11. ਉਹੀ ਪੰਨਾ, 85
12. ਉਹੀ ਪੰਨਾ, 109
13. ਉਹੀ ਪੰਨਾ, 85
14. ਉਹੀ ਪੰਨਾ, 44
15. ਉਹੀ ਪੰਨਾ, 105

# ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ

(ਰਸੂਲ ਹਮਜ਼ਾਤੋਵ ਰਚਿਤ ਮੇਰਾ ਦਾਗ਼ਿਸਤਾਨ ਦੇ ਵਿਸ਼ੇਸ਼ ਪ੍ਰਸੰਗ ਵਿਚ)

**-ਡਾ. ਮਨਦੀਪ ਕੌਰ**

ਲੋਕਧਾਰਾ ਅਤੇ ਸਭਿਆਚਾਰ ਕਿਸੇ ਕੌਮ ਦਾ ਅਜਿਹਾ ਸਰਮਾਇਆ ਹੁੰਦਾ ਹੈ ਜੋ ਨਾ ਸਿਰਫ਼ ਉਹਨਾਂ ਦੀ ਜੀਵਨ ਜਾਚ ਅਤੇ ਪਰੰਪਰਕ ਕਦਰਾਂ-ਕੀਮਤਾਂ ਨੂੰ ਪ੍ਰਤੀਬਿੰਬਤ ਕਰਦੀ ਹੈ ਬਲਕਿ ਕਿਸੇ ਵਿਸ਼ੇਸ਼ ਕੌਮ/ਲੋਕ ਸਮੂਹ ਨੂੰ ਬਾਕੀ ਲੋਕ ਸਮੂਹਾਂ ਤੋਂ ਵਖਰਿਆਉਂਦੀ ਵੀ ਹੈ। ਹਰੇਕ ਲੋਕ ਸਮੂਹ ਵਿਲੱਖਣ ਲੋਕਧਾਰਾ ਅਤੇ ਸਭਿਆਚਾਰ ਦਾ ਧਾਰਨੀ ਹੁੰਦਾ ਹੈ, ਜਿਸ ਦੇ ਆਧਾਰ ਤੇ ਹੀ ਇਹ ਆਪਣੀ ਵਿਸ਼ੇਸ਼ ਹੋਂਦ ਬਰਕਰਾਰ ਰੱਖਦਾ ਹੈ। ਲੋਕਧਾਰਾ ਅਤੇ ਸਭਿਆਚਾਰ ਮਨੁੱਖੀ ਜੀਵਨ ਜਾਚ ਨਾਲ ਜੁੜੇ ਅਜਿਹੇ ਵਰਤਾਰੇ ਹਨ ਜੋ ਅੰਤਰ ਸੰਬੰਧਿਤ ਹਨ। ਲੋਕਧਾਰਾ, ਸਭਿਆਚਾਰ ਦਾ ਉਹ ਨਿਸ਼ਚਿਤ ਭਾਗ ਹੈ ਜਿਸ ਵਿਚ ਵਿਰਾਸਤੀ ਪਰੰਪਰਕ ਸਮੱਗਰੀ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ ਇਹ ਸਭਿਆਚਾਰ ਦੇ ਖੇਤਰ ਵਿਚੋਂ ਆਪਣੀ ਸਮੱਗਰੀ ਨੂੰ ਚੁਣਦੀ ਹੈ। ਇਹ ਵਰਤਾਰੇ ਲੋਕ ਮਨ ਵਿਚ ਇਸ ਪ੍ਰਕਾਰ ਸਮਾ ਚੁੱਕੇ ਹਨ ਕਿ ਮਨੁੱਖੀ ਜ਼ਿੰਦਗੀ ਵਿਚੋਂ ਇਹਨਾਂ ਨੂੰ ਮਨਫ਼ੀ ਕਰਨਾ ਅਸੰਭਵ ਪ੍ਰਤੀਤ ਹੁੰਦਾ ਹੈ। **ਵਣਜਾਰਾ ਬੇਦੀ** ਅਨੁਸਾਰ

> "ਫੋਕਲੋਰ ਲੋਕਾਂ ਦੀ ਸਾਮਗਰੀ ਹੈ, ਲੋਕ ਮਨ ਦੀ ਅਭਿਵਿਅਕਤੀ ਹੈ ਤੇ ਇਸਦਾ ਨਿਰਮਾਣ ਲੋਕਾਂ ਦੀ ਸਮੂਹਿਕ ਚੇਤਨਾ ਤੋਂ ਹੋਇਆ।"[1]

**ਡਾ. ਜੀਤ ਸਿੰਘ ਜੋਸ਼ੀ-**

"ਮਾਨਵ ਨਸਲ ਦੀ ਵਿਲੱਖਣਤਾ, ਵਿਸ਼ੇਸ਼ਤਾ ਅਤੇ ਸ਼੍ਰੇਸ਼ਟਤਾ ਵਰਗੇ ਗੁਣ, ਲੱਛਣ ਉਸਦੇ ਸਭਿਆਚਾਰ ਕਾਰਨ ਹੀ ਹੁੰਦੇ ਹਨ। ਸਭਿਆਚਾਰ ਸਰਬ ਵਿਆਪਕ ਵਰਤਾਰਾ ਹੋਣ ਦੇ ਬਾਵਜੂਦ ਵੀ ਵੱਖ-ਵੱਖ ਭੂ-ਖਿੱਤਿਆਂ ਅੰਦਰ ਪਲਰ ਰਹੇ ਸਭਿਆਚਾਰਾਂ ਦੇ ਗੁਣ ਲੱਛਣ ਵੱਖਰੇ-ਵੱਖਰੇ ਹੁੰਦੇ ਹਨ।"[2]

ਕਿਸੇ ਖਿੱਤੇ ਦੇ ਲੋਕਧਾਰਾ, ਸਭਿਆਚਾਰ ਦਾ ਅਧਿਐਨ ਮੁਲਾਂਕਣ ਕਰਦੇ ਸਮੇਂ ਇਸਨੂੰ ਸਭਿਆਚਾਰ ਦੇ ਸਰਬਵਿਆਪੀ ਪੈਟਰਨਾਂ ਦੇ ਪ੍ਰਸੰਗ ਵਿਚ ਵਿਚਾਰਨਾ ਸੰਭਵ ਨਹੀਂ ਬਲਕਿ ਅਜਿਹੇ ਅਧਿਐਨਾਂ ਨੂੰ ਖਿੱਤੇ ਵਿਸ਼ੇਸ਼ ਦੇ ਪ੍ਰਸੰਗ ਵਿਚ ਹੀ ਵਿਚਾਰਿਆ ਜਾ ਸਕਦਾ ਹੈ। ਇਸਦਾ ਕਾਰਨ ਇਹ ਹੈ ਕਿ ਹਰੇਕ ਸਮਾਜ ਸਭਿਆਚਾਰ ਦੇ ਗੁਣ/ਲੱਛਣ ਦੂਜੇ ਸਭਿਆਚਾਰਾਂ ਤੋਂ ਅਸਲੋਂ ਭਿੰਨ ਹਨ। ਹਥਲੇ ਖੋਜ ਪੱਤਰ ਦਾ ਮਨੋਰਥ ਰਸੂਲ ਹਮਜ਼ਾਤੋਵ ਰਚਿਤ **ਮੇਰਾ ਦਾਗ਼ਿਸਤਾਨ ਭਾਗ-1** ਪੁਸਤਕ ਨੂੰ ਕੇਂਦਰ ਵਿਚ ਰੱਖ ਕੇ ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਦੇ ਲੱਛਣਾਂ ਦੀ ਨਿਸ਼ਾਨਦੇਹੀ ਕਰਨਾ ਹੈ।

> ਦਾਗ਼ਿਸਤਾਨ, ਉੱਤਰੀ ਕਾਕਸ ਖੇਤਰ ਵਿਚ ਸਥਿਤ ਰੂਸ ਦਾ ਇੱਕ ਰਾਜ ਹੈ। ਭਾਸ਼ਾ ਅਤੇ ਜਾਤੀ ਦ੍ਰਿਸ਼ਟੀ ਤੋਂ ਇਸ ਪ੍ਰਦੇਸ ਵਿਚ ਬਹੁਤ ਵੰਨ-ਸੁਵੰਨਤਾ ਹੈ। ਇੱਥੇ ਜ਼ਿਆਦਾਤਰ ਕਾਕਸੀ, ਅਲਤਾਈ ਅਤੇ ਈਰਾਨੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇੱਥੇ ਦੀਆਂ ਸਭ ਤੋਂ ਵੱਡੀਆਂ ਜਾਤੀਆਂ ਆਵਾਰ, ਦਰਗਿਨ, ਕੁਮਿਕ, ਲਜਗੀ ਅਤੇ ਲਾਕ ਹਨ। ਹਾਲਾਕਿ ਇੱਥੇ ਦੇ ਕੇਵਲ 41.7% ਲੋਕ ਰੂਸੀ ਹਨ, ਫਿਰ ਵੀ

*ਪੰਜਾਬੀ ਵਿਭਾਗ, ਐਚ.ਐਮ.ਬੀ. ਕਾਲਜ, ਜਲੰਧਰ*

ਰੂਸੀ ਇੱਥੇ ਦੀ ਰਾਜ ਭਾਸ਼ਾ ਹੈ।[3]

'ਮੇਰਾ ਦਾਗ਼ਿਸਤਾਨ' ਰੂਸੀ ਦੀ ਉਪਭਾਸ਼ਾ ਆਵਾਰ ਬੋਲੀ ਵਿਚ ਰਚੀ ਗਈ ਰਚਨਾ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਅਨੁਵਾਦ ਸਦਕਾ ਇਹ ਪੁਸਤਕ ਪੰਜਾਬੀ ਪਾਠਕਾਂ ਨਾਲ ਰੂ-ਬਰੂ ਹੁੰਦੀ ਹੈ। ਡਾ. ਫ਼ਰੈਂਕ ਦੇ ਅਨੁਵਾਦ ਸਦਕਾ ਹੀ ਰਸੂਲ ਹਮਜ਼ਾਤੋਵ ਪੰਜਾਬੀ ਭਾਸ਼ਾ ਵਿਚ ਮਹਾਨ ਲੇਖਕ ਵਜੋਂ ਸਥਾਪਿਤ ਹੁੰਦਾ ਹੈ। **ਰਸੂਲ ਹਮਜ਼ਾਤੋਵ** ਅਨੁਸਾਰ,

> "ਜੇ ਅਨੁਵਾਦ ਚੰਗਾ ਹੋਵੇ, ਤਾਂ ਲੋਕ ਲੇਖਕ ਦੀਆਂ ਸਿਫ਼ਤਾਂ ਕਰਦੇ ਹਨ, ਅਨੁਵਾਦਕ ਨੂੰ ਭੁੱਲ ਜਾਂਦੇ ਹਨ। ਜੇ ਅਨੁਵਾਦ ਮਾੜਾ ਹੋਵੇ, ਤਾਂ ਉਹ ਅਨੁਵਾਦਕ ਉਤੇ ਦੋਸ਼ ਥੱਪਦੇ ਹਨ ਤੇ ਲੇਖਕ ਦਾ ਨਾਂ ਤੱਕ ਵੀ ਨਹੀਂ ਲੈਂਦੇ।"[4]

ਨਿਰਸੰਦੇਹ ਰਸੂਲ ਹਮਜ਼ਾਤੋਵ ਰਚਿਤ ਇਹ ਕਿਰਤ ਇਕ ਖ਼ੂਬਸੂਰਤ ਰਚਨਾ ਹੈ ਅਤੇ ਗੁਰੂਬਖ਼ਸ਼ ਦੁਆਰਾ ਕੀਤਾ ਅਨੁਵਾਦ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਹੈ। ਸੁਹਜ ਸੁਆਦ ਅਤੇ ਸੂਝ-ਬੂਝ ਨਾਲ ਭਰਪੂਰ ਇਹ ਰਚਨਾ ਪਾਠਕ ਦੀ ਭੁੱਖ ਨੂੰ ਤ੍ਰਿਪਤ ਕਰਦੀ ਹੈ। ਵਿਭਿੰਨ ਉਪਾਧੀਆਂ ਨਾਲ ਸਨਮਾਨਿਤ, ਦਾਗ਼ਿਸਤਾਨ ਦਾ ਲੋਕ ਕਵੀ ਰਸੂਲ ਹਮਜ਼ਾਤੋਵ ਆਪਣੀਆਂ ਕਵਿਤਾਵਾਂ ਦੇ ਜ਼ਰੀਏ ਲੋਕ ਮਨ ਦੇ ਨਾਲ ਸਾਂਝ ਸਥਾਪਤ ਕਰਦਾ ਹੈ। ਵਾਰਤਕ ਦੇ ਖੇਤਰ ਵਿਚ 'ਮੇਰਾ ਦਾਗ਼ਿਸਤਾਨ' ਉਸਦੀ ਪਹਿਲੀ ਰਚਨਾ ਹੈ, ਪਰ ਇਸ ਪੁਸਤਕ ਨੂੰ ਪੜ੍ਹਨ ਵਾਲਾ ਹਰ ਪਾਠਕ ਇਸਦੇ ਨਾਲ ਅਜਿਹੀ ਸਾਂਝ ਪਾ ਲੈਂਦਾ ਹੈ ਕਿ ਇਸ ਵਿਚ ਉਸਰੇ ਲੋਕਧਾਰਾ ਸਭਿਆਚਾਰ ਦੇ ਪੈਟਰਨਾਂ ਦੀ ਪੇਸ਼ਕਾਰੀ ਉਸਨੂੰ ਆਪਣੇ ਸਭਿਆਚਾਰਕ ਪ੍ਰਬੰਧ ਦੇ ਨਾਲ ਰਲਦੀ ਮਿਲਦੀ ਪ੍ਰਤੀਤ ਹੁੰਦੀ ਹੈ। ਲੋਕ ਪਰੰਪਰਾ ਉੱਪਰ ਉੱਸਰੀਆਂ ਹੋਈਆਂ ਸਾਹਿਤਕ ਕਿਰਤਾਂ ਲੋਕ ਮਨ ਦੇ ਵਧੇਰੇ ਨੇੜੇ ਹੁੰਦੀਆਂ ਹਨ। ਨਿਰਸੰਦੇਹ 'ਮੇਰਾ ਦਾਗ਼ਿਸਤਾਨ' ਵਿਚ ਦਾਗ਼ਿਸਤਾਨੀ ਪਰੰਪਰਾਵਾਂ, ਜੀਵਨ ਜਾਚ ਅਤੇ ਲੋਕ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ ਪਰ ਫਿਰ ਵੀ ਇਹ ਸਾਹਿਤਕ ਕਿਰਤ ਪੰਜਾਬੀ ਪਾਠਕ ਦੇ ਨਾਲ ਸਾਂਝ ਪਾਉਣ ਦੇ ਸਮਰੱਥ ਬਣਦੀ ਹੈ ਕਿਉਂਕਿ ਇਸ ਵਿਚ ਉਸਨੂੰ ਆਪਣੇ ਸਮਾਜ ਸਭਿਆਚਾਰ ਦੀ ਨੁਹਾਰ ਵੀ ਵੇਖਣ ਨੂੰ ਮਿਲਦੀ ਹੈ। ਬਹੁਤ ਸਾਰਾ ਵਖਰੇਵਾਂ ਹੋਣ ਦੇ ਬਾਵਜੂਦ ਵੀ ਕੁਝ ਤੱਤਾਂ ਨਾਲ ਸਾਂਝ ਦਿਖਾਈ ਦਿੰਦੀ ਹੈ ਜੋ ਇਸ ਪੁਸਤਕ ਦੇ ਪੰਜਾਬੀ ਸਮਾਜ ਵਿਚ ਵੀ ਹਰਮਨ ਪਿਆਰਾ ਹੋਣ ਦਾ ਕਾਰਨ ਬਣਦੀ ਹੈ।

'ਮੇਰਾ ਦਾਗ਼ਿਸਤਾਨ' ਵਿਚ ਲੇਖਕ ਨੇ ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਦੇ ਕਿਸੇ ਇਕ ਪੱਖ ਨੂੰ ਨਹੀਂ ਛੂਹਿਆ ਬਲਕਿ ਬਹੁਪੱਖੀ ਅਧਿਐਨ ਕਰਦੇ ਹੋਏ ਦਾਗ਼ਿਸਤਾਨੀ ਲੋਕਾਂ ਦੀ ਜੀਵਨ ਸ਼ੈਲੀ ਦਾ ਖ਼ੂਬਸੂਰਤ ਬਿਆਨ ਕੀਤਾ ਹੈ। ਇਸ ਪੁਸਤਕ ਵਿਚ ਲੇਖਕ ਨੇ ਦਾਗ਼ਿਸਤਾਨੀ ਰਸਮਾਂ ਰੀਤਾਂ, ਵਹਿਮ ਭਰਮ, ਦਾਗ਼ਿਸਤਾਨੀ ਪਰੰਪਰਾਵਾਂ, ਨੈਤਿਕ ਕਦਰਾਂ-ਕੀਮਤਾਂ, ਜਾਤਾਂ-ਪਾਤਾਂ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ ਪ੍ਰਬੰਧ, ਪ੍ਰਾਹੁਣਾਚਾਰੀ, ਪਹਿਰਾਵਾ, ਲੋਕ ਸਿਆਣਪਾਂ, ਲੋਕ ਚਕਿਤਸਾ, ਲੋਕ ਕਾਵਿ, ਲੋਕ ਕਥਾਵਾਂ, ਲੋਕ ਗਥਾਵਾਂ, ਲੋਕ ਅਖਾਣ, ਮੁਹਾਵਰੇ, ਕਹਾਵਤਾਂ, ਲੋਕ ਬੋਲੀ, ਮਾਂ-ਬੋਲੀ, ਬਦਅਸੀਸਾਂ, ਸਮਾਜ ਵਿਚ ਔਰਤ ਦੀ ਸਥਿਤੀ, ਲੋਕ ਗਾਇਕੀ, ਕਿਸਾਨੀ ਜੀਵਨ, ਕਾਨੂੰਨ ਵਿਵਸਥਾ, ਨੈਤਿਕਤਾ, ਰਹਿਣ-ਸਹਿਣ ਆਦਿ ਸਮੁੱਚੀ ਜੀਵਨ-ਜਾਚ ਨੂੰ ਅਧਿਐਨ ਸਮੱਗਰੀ ਵਜੋਂ ਪੇਸ਼ ਕੀਤਾ ਹੈ। ਰਸੂਲ ਹਮਜ਼ਾਤੋਵ ਨੇ ਆਪਣੀ ਇਸ ਸਾਹਿਤਕ ਕਿਰਤ ਵਿਚ ਜਿੱਥੇ ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਦੇ ਪੈਟਰਨਾਂ ਨੂੰ ਉਲੀਕਿਆ ਹੈ ਉੱਥੇ ਸਾਹਿਤ, ਸਾਹਿਤਕਾਰ, ਕਲਾ ਕੌਸ਼ਲਤਾ, ਸਾਹਿਤਕ ਕਿਰਤ,

ਵਿਸ਼ਾ ਅਤੇ ਵਿਧਾ ਆਦਿ ਬਾਰੇ ਵੀ ਆਪਣੇ ਮੁੱਲਵਾਨ ਵਿਚਾਰ ਪਾਠਕਾਂ ਨਾਲ ਸਾਂਝੇ ਕੀਤੇ ਹਨ। ਰਸੂਲ ਹਮਜ਼ਾਤੋਵ ਦਾ ਆਪਣੀ ਮਾਤ ਭੂਮੀ ਪ੍ਰਤੀ ਅਥਾਹ ਅਤੇ ਮੋਹ ਭਿੱਜਾ ਅਹਿਸਾਸ ਇਸ ਪੁਸਤਕ ਵਿਚ ਵੇਖਣ ਨੂੰ ਮਿਲਦਾ ਹੈ। ਇਹ ਅਹਿਸਾਸ ਰਸੂਲ ਨੂੰ ਵਿਰਾਸਤ ਵਿਚ ਮਿਲਿਆ ਇਸਦਾ ਪਤਾ ਇਹਨਾਂ ਸਤਰਾਂ ਤੋਂ ਲਗਦਾ ਹੈ ਜਦੋਂ ਰਸੂਲ ਦਾ ਪਿਤਾ ਆਪਣੀ ਛੋਟੀ ਜਿਹੀ ਆਊਲ ਦੀ ਤੁਲਨਾ ਮਾਸਕੋ ਵਰਗੇ ਮਹਾਂਨਗਰ ਨਾਲ ਕਰਦਾ ਹੈ ਅਤੇ ਕਹਿੰਦਾ ਹੈ:

> "ਮੈਂ ਇਸ ਮਹਾਂਨਗਰੀ ਨਾਲੋਂ ਆਪਣੀ ਨਿੱਕੀ ਜਿਹੀ ਆਊਲ ਨੂੰ ਤਰਜੀਹ ਦਿੰਦਾ ਹਾਂ, ...ਉਹ ਆਪਣੇ ਤਸਾਦਾ ਨੂੰ ਪਿਆਰ ਕਰਦੇ ਸਨ ਤੇ ਇਸ ਧਰਤੀ ਉੱਪਰਲੀਆਂ ਸਾਰੀਆਂ ਰਾਜਧਾਨੀਆਂ ਨਾਲ ਵੀ ਇਸਨੂੰ ਵਟਾਉਣ ਲਈ ਤਿਆਰ ਨਹੀਂ ਸਨ।"[5]

ਇਸਤੋਂ ਇਲਾਵਾ ਇਹ ਮਾਤ-ਭੂਮੀ ਦਾ ਪਿਆਰ ਹੀ ਸੀ, ਜਿਸਨੇ ਰਸੂਲ ਨੂੰ 'ਮੇਰਾ ਦਾਗ਼ਿਸਤਾਨ' ਲਿਖਣ ਲਈ ਪ੍ਰੇਰਿਤ ਕੀਤਾ।

ਪ੍ਰਾਹੁਣਾਚਾਰੀ ਸਿਰਫ਼ ਪੰਜਾਬੀ ਸਮਾਜ ਦਾ ਹੀ ਨਹੀਂ ਬਲਕਿ ਦਾਗ਼ਿਸਤਾਨੀ ਸਭਿਆਚਾਰ ਦਾ ਵੀ ਮਹੱਤਵਪੂਰਨ ਪੱਖ ਹੈ। ਦਾਗ਼ਿਸਤਾਨੀ ਲੋਕ ਘਰ ਆਏ ਮਹਿਮਾਨ ਨੂੰ ਪੂਰਾ ਆਦਰ ਮਾਣ ਅਤੇ ਸਤਿਕਾਰ ਦਿੰਦੇ ਹਨ। ਇਹ ਮਾਣ ਸਤਿਕਾਰ ਉਹਨਾਂ ਦੇ ਦਰਵਾਜ਼ਿਆਂ ਉੱਪਰ ਉੱਕਰੇ ਇਹਨਾਂ ਸ਼ਬਦਾਂ ਤੋਂ ਵੀ ਵੇਖਿਆ ਜਾ ਸਕਦਾ ਹੈ।

> "ਰਾਹੀਆ, ਜੇ ਤੂੰ ਸਾਡੇ ਕੋਲੋਂ ਲੰਘ ਜਾਵੇਂ ਮੂੰਹ ਫੇਰ, ਘੋਰ ਤੂਫ਼ਾਨ ਤੇ ਬਿਜਲੀਆਂ ਤੈਨੂੰ ਲੈਸਨ ਰਾਹ ਵਿਚ ਘੇਰ, ਜੇ ਤੈਨੂੰ ਨਾ ਖੁਸ਼ੀ ਮਿਲੇ ਮੇਰੇ ਘਰ ਆਏ ਮਹਿਮਾਨ, ਮੈਨੂੰ ਢਹਿ-ਢੇਰੀ ਕਰਨ ਫਿਰ ਬਿਜਲੀਆਂ ਤੇ ਤੂਫ਼ਾਨ।"[6]

ਇਹੋ ਜਿਹੀ ਇਕ ਹੋਰ ਮਿਸਾਲ ਵੇਖੀ ਜਾ ਸਕਦੀ ਹੈ:

> "ਜਿਹੜਾ ਵੀ ਕੋਈ ਘਰ ਆਏ ਮਹਿਮਾਨ ਨੂੰ ਵੇਖ ਕੇ ਖੁਸ਼ ਨਹੀਂ ਹੁੰਦਾ, ਉਹ ਇਸ ਗੱਲ ਦਾ ਹੱਕਦਾਰ ਹੈ ਕਿ ਉਸਦੀਆਂ ਸਭ ਹੱਡੀਆਂ ਤੋੜ ਦਿੱਤੀਆਂ ਜਾਣ। ਜੇ ਕੋਈ ਵੱਟੇ ਮੂੰਹ ਨਾਲ ਜਾਂ ਤਿਊੜੀ ਪਾ ਕੇ ਮਹਿਮਾਨ ਨੂੰ ਮਿਲਦਾ ਏ, ਤਾਂ ਰੱਬ ਕਰੇ ਉਸਦੇ ਘਰ ਕੋਈ ਸਲਾਹ ਦੇਣ ਵਾਲੇ ਸਿਆਣੇ ਜਾਂ ਸਲਾਹ ਸੁਣਨ ਵਾਲੇ ਨਿਆਣੇ ਨਾ ਹੋਣ। ਆਪਣੇ ਇਲਾਕੇ ਵੱਲ ਅਸੀਂ ਪ੍ਰਾਹੁਣਿਆਂ ਵੱਲ ਇੰਝ ਦੇਖਦੇ ਹਾਂ।"[7]

ਪ੍ਰਾਹੁਣਾਚਾਰੀ ਨਾਲ ਸੰਬੰਧਿਤ ਕਈ ਹਵਾਲੇ ਇਸ ਪੁਸਤਕ ਵਿਚ ਵੇਖਣ ਨੂੰ ਮਿਲਦੇ ਹਨ। ਵਿਭਿੰਨ ਥਾਵਾਂ ਤੇ ਮਹਿਮਾਨ ਨਿਵਾਜ਼ੀ/ ਖ਼ਾਤਰਦਾਰੀ ਦੇ ਢੰਗ ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਦਾਗ਼ਿਸਤਾਨੀ ਲੋਕ ਘਰ ਆਏ ਦੁਸ਼ਮਨ ਨੂੰ ਵੀ ਰੱਬ ਵਾਂਗ ਪੂਜਦੇ ਹਨ। ਪਹਾੜੀ ਪ੍ਰਾਹੁਣੇ ਅਚਨਚੇਤ ਆਉਂਦੇ ਹਨ ਪਰ ਪਹਾੜੀ ਲੋਕਾਂ ਲਈ ਇਹ ਕੋਈ ਅਚੰਭੇਭਰਪੂਰ ਗੱਲ ਨਹੀਂ, ਕਿਉਂਕਿ ਉਹ ਹਮੇਸ਼ਾ ਪ੍ਰਾਹੁਣਿਆਂ ਦੀ ਉਡੀਕ ਵਿਚ ਹੁੰਦੇ ਹਨ। ਘਰ ਆਏ ਮਹਿਮਾਨ ਦੀ ਖੁਸ਼ੀ ਵਿਚ ਵੱਛੜਾ ਜਾਂ ਭੇਡੂ ਕੱਟ ਕੇ ਮਾਸ ਤਿਆਰ ਕੀਤਾ ਜਾਂਦਾ ਹੈ। ਦਾਗ਼ਿਸਤਾਨੀ ਲੋਕਾਂ ਵਿਚ ਰਵਾਇਤ ਹੈ ਕਿ ਜੇਕਰ ਕੋਈ ਅਨਜਾਣ ਵਿਅਕਤੀ ਵੀ ਮਹਿਮਾਨ ਵਜੋਂ ਉਹਨਾਂ ਦੇ ਘਰ ਆਉਂਦਾ ਹੈ ਤਾਂ ਪਹਿਲੇ ਤਿੰਨ ਦਿਨ ਉਸਦਾ ਨਾਂ ਤੱਕ ਨਹੀਂ ਪੁੱਛਿਆ ਜਾਂਦਾ ਅਤੇ ਤਨੋ-ਮਨੋ ਉਸਦੀ ਖ਼ਾਤਰਦਾਰੀ ਕੀਤੀ ਜਾਂਦੀ ਹੈ। ਦਾਗ਼ਿਸਤਾਨੀ ਲੋਕਾਂ ਵੱਲੋਂ ਨਿਭਾਈ ਜਾਂਦੀ ਅਜਿਹੀ ਪ੍ਰਾਹੁਣਾਚਾਰੀ ਉਹਨਾਂ ਦੇ ਸਭਿਆਚਾਰ ਦਾ ਵਿਲੱਖਣ ਗੁਣ ਹੈ।

ਵਹਿਮ-ਭਰਮ ਅਤੇ ਲੋਕ ਵਿਸ਼ਵਾਸ ਲੋਕਧਾਰਾ ਦਾ ਅਹਿਮ ਅੰਗ ਹਨ। ਜਦੋਂ ਕੋਈ ਘਟਨਾਕ੍ਰਮ ਇਕੋ ਜਿਹੀਆਂ ਪ੍ਰਸਥਿਤੀਆਂ ਵਿਚ ਬਾਰ-ਬਾਰ ਵਾਪਰਦਾ ਹੈ ਤਾਂ ਵਹਿਮ-ਭਰਮ ਉਪਜਦੇ ਹਨ। ਦੁਨੀਆਂ ਦੇ ਲਗਪਗ ਸਾਰੇ ਸਮਾਜ ਸਭਿਆਚਾਰਾਂ ਵਿਚ ਵਿਭਿੰਨ ਪ੍ਰਕਾਰ ਦੇ ਲੋਕ ਵਿਸ਼ਵਾਸ ਅਤੇ ਵਹਿਮ-ਭਰਮ ਪ੍ਰਚੱਲਿਤ ਹਨ। ਹਰ ਸਮਾਜ ਦੇ ਆਪਣੇ ਵੱਖਰੇ ਵਹਿਮ-ਭਰਮ ਹੁੰਦੇ ਹਨ ਅਤੇ ਦਾਗ਼ਿਸਤਾਨੀ ਲੋਕ ਵੀ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ ਦੇ ਸ਼ਿਕਾਰ ਹਨ। ਲੇਖਕ ਨੇ ਬੇਸ਼ੱਕ ਇਹਨਾਂ ਦਾ ਜ਼ਿਕਰ ਵਧੇਰੇ ਵਿਸਥਾਰ ਵਿਚ ਨਹੀਂ ਕੀਤਾ ਪਰ ਇਸ਼ਾਰੇ ਮਾਤਰ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਦਾਗ਼ਿਸਤਾਨੀ ਲੋਕ ਕਿਹੋ ਜਿਹੇ ਵਹਿਮਾਂ-ਭਰਮਾਂ ਨੂੰ ਅਪਣਾਈ ਬੈਠੇ ਹਨ ਜਿਵੇਂ: ਨਵ-ਜੰਮੇ ਬੱਚੇ ਨੂੰ ਰੋਗਾਂ ਤੋਂ ਬਚਾਉਣ ਲਈ ਅਤੇ ਚੰਗੇਰੇ ਜੀਵਨ ਦੀ ਆਸ ਲਈ ਉਸਦੇ ਗਲ ਵਿਚ ਤਵੀਤ ਪਾਉਣਾ। ਇਸੇ ਪ੍ਰਕਾਰ ਇਹ ਵੀ ਵਹਿਮ ਕੀਤਾ ਜਾਂਦਾ ਹੈ ਕਿ ਦਾਗ਼ਿਸਤਾਨੀ ਔਰਤ ਜਦੋਂ ਆਪਣੇ ਪਤੀ ਦਾ ਭੇਡ ਦੀ ਖਲ ਵਾਲਾ ਕੋਟ ਮੁਰੰਮਤ ਕਰ ਰਹੀ ਹੋਵੇ ਤਾਂ ਉਹ ਆਪਣੇ ਦੰਦਾਂ ਵਿਚਕਾਰ ਇਕ ਤਿਨਕਾ ਫੜਦੀ ਹੈ ਜੇਕਰ ਉਹ ਅਜਿਹਾ ਨਹੀਂ ਕਰਦੀ ਤਾਂ ਮੰਨਿਆ ਜਾਂਦਾ ਹੈ ਕਿ ਇਹ ਕੋਟ ਉਸਦੇ ਕਫ਼ਨ ਵਿਚ ਤਬਦੀਲ ਹੋ ਜਾਵੇਗਾ। ਸੋ ਇਸ ਪ੍ਰਕਾਰ ਦੇ ਕਈ ਵਹਿਮ ਦਾਗ਼ਿਸਤਾਨੀ ਲੋਕ ਜੀਵਨ ਦਾ ਅੰਗ ਹਨ।

ਲੋਕ-ਚਕਿਤਸਾ ਲੋਕਧਾਰਾ ਦਾ ਉਹ ਭਾਗ ਹੈ ਜਿਸਦੇ ਤਹਿਤ ਬਿਮਾਰੀਆਂ ਦੀ ਰੋਕਥਾਮ ਲਈ ਘਰੇਲੂ ਉਪਚਾਰ ਪ੍ਰਬੰਧ ਨੂੰ ਅਪਣਾਇਆ ਜਾਂਦਾ ਹੈ। ਡਾ. ਗੁਰਮੀਤ ਸਿੰਘ,

> "ਅਨੁਸਾਰ ਲੋਕ ਚਿਕਿਤਸਾ ਦਾ ਸੰਬੰਧ ਇਲਾਜ ਦੀਆਂ ਅਜਿਹੀਆਂ ਵਿਧੀਆਂ ਨਾਲ ਹੈ, ਜਿਹੜੀਆਂ ਕਿਸੇ ਵਿਗਿਆਨਕ ਵਿਧੀ ਜਾਂ ਚਿਕਿਤਸਾ ਵਿਦਿਆਲੇ ਰਾਹੀਂ ਸਿੱਖੀਆਂ ਹੋਣ ਦੀ ਬਜਾਏ ਪਰੰਪਰਾਗਤ ਜਾਂ ਅਨੁਭਵ ਸਿੱਧ ਹੁੰਦੀਆਂ ਹਨ।"[8]

ਆਰੰਭਕ ਮਨੁੱਖ ਨੇ ਲੋਕ ਚਿਕਿਤਸਾ ਦੇ ਜਰੀਏ ਬਹੁਤ ਸਾਰੀਆਂ ਬਿਮਾਰੀਆਂ 'ਤੇ ਕਾਬੂ ਪਾ ਲਿਆ ਸੀ। ਬਹੁਤ ਸਾਰੇ ਸਮਾਜਾਂ ਵਿਚ ਇਲਾਜ ਦੇ ਰਵਾਇਤੀ ਢੰਗ ਅਪਣਾਏ ਜਾਂਦੇ ਰਹੇ ਹਨ। ਲੋਕ ਚਿਕਿਤਸਾ ਜਿੱਥੇ ਪੰਜਾਬੀ ਸਮਾਜ ਦਾ ਅਹਿਮ ਅੰਗ ਹੈ, ਉੱਥੇ ਦਾਗ਼ਿਸਤਾਨੀ ਲੋਕ ਵੀ ਇਲਾਜ ਦੇ ਰਵਾਇਤੀ ਢੰਗਾਂ ਨੂੰ ਤਰਜੀਹ ਦਿੰਦੇ ਹਨ। ਰਸੂਲ ਹਮਜ਼ਾਤੋਵ ਨੇ ਇਕ ਪਾਸੇ ਦਾਗ਼ਿਸਤਾਨ ਵਿਚ ਪ੍ਰਚਲਿੱਤ ਲੋਕ ਚਿਕਿਤਸਾ ਬਾਰੇ ਵਿਚਾਰ ਚਰਚਾ ਕੀਤੀ ਹੈ ਦੂਜੇ ਪਾਸੇ ਜਾਦੂ-ਟੂਣਾ ਚਿੰਤਨ ਅਤੇ ਲੋਕ ਚਿਕਿਤਸਾ ਦੀ ਆੜ ਵਿਚ "ਸਿਆਣਿਆਂ" ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਤੋਂ ਵੀ ਜਾਣੂ ਕਰਵਾਇਆ ਹੈ। ਪਹਿਲਾਂ ਪਹਿਲ ਪਹਾੜੀ ਲੋਕ ਆਪਣੇ ਰੋਗਾਂ ਦੇ ਇਲਾਜ ਲਈ ਸਿਰਫ ਜੜ੍ਹੀ-ਬੂਟੀਆਂ ਅਤੇ ਪਾਣੀ ਦੀ ਵਰਤੋਂ ਕਰਦੇ ਸਨ। ਉਹ ਆਪਣੇ ਹੀ ਸਿਆਣਿਆਂ ਵਿਚ ਯਕੀਨ ਰੱਖਦੇ ਸਨ, ਠੀਕ ਹੈ ਕਿ ਕੁਝ ਸਿਆਣੇ ਇਹੋ ਜਿਹੇ ਵੀ ਸਨ ਜਿਹੜੇ ਅੱਜ ਤੱਕ ਯਾਦ ਕੀਤੇ ਜਾਂਦੇ ਹਨ। ਆਮ ਜਿਹੀ ਸਿਰਪੀੜ ਦਾ ਇਲਾਜ ਕਰਨ ਲਈ ਉਹ ਕਾਲਾ ਭੇਡੂ ਵੱਢਣ ਲਈ ਮਜ਼ਬੂਰ ਕਰਦੇ ਹੁੰਦੇ ਸਨ। ਹਰ ਅਵਾਰ ਜਾਣਦਾ ਹੈ ਕਿ ਕਾਲੇ ਭੇਡੂ ਦਾ ਮਾਸ ਚਿੱਟੇ ਜਾਂ ਭੂਰੇ ਭੇਡੂ ਦੇ ਮਾਸ ਨਾਲੋਂ ਵਧੇਰੇ ਮਿੱਠਾ ਤੇ ਰਸਦਾਰ ਹੁੰਦਾ ਹੈ। ਸਿਆਣਾ ਨਵੀਂ ਲਾਹੀ ਖੱਲ਼ ਨੂੰ ਬਿਮਾਰ ਦੇ ਸਿਰ ਦੁਆਲੇ ਲਪੇਟ ਦੇਂਦਾ ਅਤੇ ਉਸਨੂੰ ਇਸ ਤਰ੍ਹਾਂ ਬੈਠੇ ਰਹਿਣ ਲਈ ਕਹਿੰਦਾ ਤੇ ਜਾਂਦਾ ਜਾਂਦਾ ਮਾਸ ਆਪਣੇ ਨਾਲ ਲੈ ਜਾਂਦਾ।[9]

ਪਰ ਉਹ ਇਹ ਵੀ ਲਿਖਦਾ ਹੈ ਕਿ ਸਾਰੇ ਸਿਆਣੇ ਇਕੋ ਜਿਹੇ ਨਹੀਂ ਸਨ ਕੁਝ ਸਿਆਣੇ ਆਪਣੇ ਕੰਮ ਪ੍ਰਤੀ ਗੁਣੀ ਅਤੇ ਇਮਾਨਦਾਰ ਵੀ ਸਨ। ਦਾਗ਼ਿਸਤਾਨ ਦੇ ਪਹਾੜ, ਚਸ਼ਮੇਂ,

ਜੜ੍ਹੀ-ਬੂਟੀਆਂ ਆਪਣੇ ਅੰਦਰ ਏਨੀ ਸਮਰੱਥਾ ਰੱਖਦੇ ਸਨ ਕਿ ਕੋਈ ਰੋਗ ਇਹੋ ਜਿਹਾ ਨਹੀਂ ਸੀ ਜਿਸਦਾ ਇਲਾਜ ਦਾਗ਼ਿਸਤਾਨੀ ਜੜ੍ਹੀ-ਬੂਟੀਆਂ ਨਾ ਕਰ ਸਕਣ। ਦਾਗ਼ਿਸਤਾਨੀ ਲੋਕਧਾਰਾ ਵਿਚ ਲੋਕ ਚਿਕਿਤਸਾ ਇਕ ਅਹਿਮ ਅੰਗ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ।

ਵਿਭਿੰਨ ਸਮਾਜਾਂ ਵਿਚ ਖ਼ੁਸ਼ੀ-ਗ਼ਮੀ ਦੇ ਅਵਸਰਾਂ ਤੇ ਵਿਭਿੰਨ ਰਹੁ-ਰੀਤਾਂ ਦਾ ਨਿਭਾਅ ਕੀਤਾ ਜਾਂਦਾ ਹੈ। ਵਿਭਿੰਨ ਸਮਾਜ ਸਭਿਆਚਾਰਾਂ ਵਿਚ ਇਹਨਾਂ ਦਾ ਮੂੰਹ ਮੁਹਾਂਦਰਾ ਵੱਖਰਾ ਹੁੰਦਾ ਹੈ ਪਰ ਮਾਨਵੀ ਜੀਵਨ ਦੇ ਹਰੇਕ ਪੜਾਅ ਉਤੇ ਰਹੁ-ਰੀਤਾਂ ਦੀ ਹੋਂਦ ਵੇਖੀ ਜਾ ਸਕਦੀ ਹੈ। **ਰੀਵਰ ਅਤੇ ਬੌਸਵੈੱਲ** ਅਨੁਸਾਰ,

> "ਰਹੁ-ਰੀਤਾਂ ਪਰੰਪਰਾਗਤ ਰੂਪ ਵਿਚ ਪ੍ਰਚੱਲਿਤ ਕਰਮ ਕਾਂਡਾਂ, ਪੂਜਾ ਵਿਧੀਆਂ, ਪੂਰਵਾਂ, ਵਰਤਾਂ, ਪ੍ਰਥਾਵਾਂ ਅਤੇ ਸੰਸਕਾਰਾਂ ਆਦਿ ਦਾ ਸਮੂਹ ਹੈ, ਜਿਨ੍ਹਾਂ ਨਾਲ ਜਨ-ਸਧਾਰਨ ਦੀ ਭਾਵਨਾ ਜੁੜੀ ਹੁੰਦੀ ਹੈ। ਇਹਨਾਂ ਦੇ ਪ੍ਰਾਰੰਭ ਬਾਰੇ ਠੀਕ ਰੂਪ ਵਿਚ ਨਿਰਣਾ ਕਰਨਾ ਮੁਸ਼ਕਲ ਹੈ ਪਰੰਤੂ ਮਨੁੱਖੀ ਜੀਵਨ ਦੇ ਵਿਸ਼ੇਸ਼ ਮੌਕਿਆਂ ਤੇ ਇਹਨਾਂ ਦੀ ਵਰਤੋਂ ਜੁਗਾਂ-ਜੁਗਾਂਤਰਾਂ ਤੋਂ ਹੁੰਦੀ ਆ ਰਹੀ ਹੈ।"[10]

ਦਾਗ਼ਿਸਤਾਨੀ ਲੋਕਾਂ ਨੇ ਵੀ ਕਈ ਰਹੁ ਰੀਤਾਂ ਸੰਭਾਲ ਰੱਖੀਆਂ ਹਨ। ਵਿਭਿੰਨ ਅਵਸਰਾਂ ਤੇ ਇਹਨਾਂ ਦਾ ਨਿਭਾਅ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਸਾਨੂੰ ਹਥਲੀ ਪੁਸਤਕ ਵਿਚ ਮਿਲਦਾ ਹੈ। ਰਸੂਲ ਇਕ ਅਜਿਹੀ ਰਸਮ ਦਾ ਜ਼ਿਕਰ ਕਰਦਾ ਹੈ ਜਿਸਦੇ ਬਾਰੇ ਉਸਨੂੰ ਤਾਤ ਲੇਖਕ ਹੀਜ਼ਗਿਲ ਅਵਸ਼ਾਲੂਮੋਵ ਨੇ ਦੱਸਿਆ ਸੀ। ਪਹਾੜਾਂ ਵਿਚ ਜਦੋਂ ਕਿਸੇ ਦੇ ਘਰ ਬੱਚਾ ਨਾ ਹੋਵੇ ਤਾਂ ਮਰਦ ਆਪਣੇ ਲੱਕ ਦੁਆਲੇ ਊਨੀ ਪੇਟੀ ਬੰਨ੍ਹ ਲੈਂਦੇ ਹਨ ਤਾਂ ਜੋ ਅੱਲਾਹ ਉਹਨਾਂ ਨੂੰ ਬਾਕੀ ਪਰਬਤ ਵਾਸੀਆਂ ਤੋਂ ਨਿਖੇੜ ਸਕੇ ਅਤੇ ਨਾਲ ਹੀ ਪੁੱਤਰ ਪ੍ਰਾਪਤੀ ਦੀ ਪ੍ਰਾਰਥਨਾ ਕੀਤੀ ਜਾਂਦੀ ਹੈ। ਕਈ ਵਾਰ ਇਹੋ ਜਿਹੀਆਂ ਪੇਟੀਆਂ ਉਹਨਾਂ ਪਹਾੜੀ ਲੋਕਾਂ ਦੁਆਰਾ ਵੀ ਬੰਨੀਆਂ ਜਾਂਦੀਆਂ ਸਨ ਜਿਨ੍ਹਾਂ ਦੇ ਘਰ ਸਿਰਫ਼ ਧੀਆਂ ਜੰਮਦੀਆਂ ਹੋਣ ਜਾਂ ਅਪਾਹਜ ਬੱਚੇ ਜਨਮ ਲੈਂਦੇ ਹੋਣ। ਇਸ ਰੀਤ ਤੋਂ ਇਕ ਚੀਜ਼ ਹੋਰ ਸਪੱਸ਼ਟ ਹੁੰਦੀ ਹੈ ਕਿ ਪੁੱਤਰ ਪ੍ਰਾਪਤੀ ਦੀ ਲਾਲਸਾ ਸਿਰਫ ਪੰਜਾਬੀ/ਭਾਰਤੀ ਸਮਾਜ ਵਿਚ ਹੀ ਨਹੀਂ ਬਲਕਿ ਦਾਗ਼ਿਸਤਾਨੀ ਲੋਕਾਂ ਵਿਚ ਵੀ ਪਾਈ ਜਾਂਦੀ ਹੈ। ਦਾਗ਼ਿਸਤਾਨੀ ਸਮਾਜ ਵੀ ਮਰਦ ਪ੍ਰਧਾਨ ਸਮਾਜ ਹੈ ਜਿਸ ਵਿਚ ਲੇਖਕ ਖ਼ੁਦ ਮੰਨਦਾ ਹੈ ਕਿ ਔਰਤਾਂ ਦੇ ਹਿੱਸੇ ਵਧੇਰੇ ਦੁੱਖ ਆਉਂਦੇ ਹਨ।

> "ਅਸੀਂ ਤਿੰਨ ਭਰਾ ਸਾਂ, ਤੇ ਇਕ ਭੈਣ, ਸਭ ਤੋਂ ਵੱਡੀ। ਸਾਡੀਆਂ ਸਾਰੀਆਂ ਔਰਤਾਂ ਵਾਂਗ, ਉਸਦੇ ਨਸੀਬਾਂ ਵਿਚ ਬਹੁਤ ਜ਼ਿਆਦਾ ਮਿਹਨਤ, ਦੁੱਖ ਤੇ ਹੰਝੂ ਲਿਖੇ ਹੋਏ ਸਨ।"[11]

ਔਰਤ ਮਰਦ ਦਾ ਵਿਤਕਰਾ ਬੇਸ਼ੱਕ ਵੇਖਣ ਨੂੰ ਮਿਲਦਾ ਹੈ ਪਰ ਫਿਰ ਵੀ ਔਰਤ ਨੂੰ ਸਤਿਕਾਰਤ ਥਾਂ ਮਿਲਦੀ ਹੈ। ਭੈਣ, ਪਤਨੀ, ਮਾਂ ਆਦਿ ਰੂਪਾਂ ਵਿਚ ਉਸਦੀ ਇੱਜ਼ਤ ਕੀਤੀ ਜਾਂਦੀ ਹੈ। ਦਾਗ਼ਿਸਤਾਨੀ ਔਰਤਾਂ ਦੀ ਜ਼ਿੰਦਗੀ ਵੀ ਕਈ ਬੰਦਿਸ਼ਾਂ ਵਿਚ ਘਿਰੀ ਹੋਈ ਹੈ। ਜ਼ਿਆਦਾਤਰ ਔਰਤਾਂ ਘਰ ਦੀ ਚਾਰਦੀਵਾਰੀ ਦੇ ਅੰਦਰ ਰਹਿੰਦੀਆਂ ਹਨ ਅਤੇ ਘੁੰਢ ਕੱਢਣ ਦੀ ਰਵਾਇਤ ਵੀ ਦਾਗ਼ਿਸਤਾਨੀ ਸਭਿਆਚਾਰ ਦਾ ਹਿੱਸਾ ਹੈ।

ਵਿਆਹ ਪ੍ਰਬੰਧ ਹਰੇਕ ਸਮਾਜ ਦੀ ਨੀਂਹ ਹੁੰਦਾ ਹੈ ਜਿਸ ਉੱਤੇ ਕੋਈ ਵੀ ਸਮਾਜ ਪਨਪਦਾ, ਵੱਧਦਾ, ਫੁੱਲਦਾ ਤੇ ਉਸਰਦਾ ਹੈ। ਦਾਗ਼ਿਸਤਾਨ ਵਿਚ ਅੰਤਰ ਰਾਜੀ ਅਤੇ ਅੰਤਰ

ਜਾਤੀ ਵਿਆਹਾਂ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ ਪਰ ਹੁਣ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਇਹਨਾਂ ਵਿਆਹਾਂ ਨੂੰ ਵੀ ਪ੍ਰਵਾਨਗੀ ਮਿਲ ਗਈ ਹੈ। ਇਸਤੋਂ ਇਲਾਵਾ ਤਲਾਕ ਅਤੇ ਬਹੁ-ਵਿਆਹ ਦੀ ਰੀਤ ਵੀ ਵੇਖਣ ਨੂੰ ਮਿਲਦੀ ਹੈ ਪਰ ਫਿਰ ਵੀ ਇਸ ਰਿਸ਼ਤੇ ਵਿਚ ਮੋਹ ਪਿਆਰ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।

ਜੇਕਰ ਦਾਗ਼ਿਸਤਾਨ ਵਿਚ ਮਾਂ ਬੋਲੀ ਦੀ ਅਹਿਮੀਅਤ ਅਤੇ ਭਾਸ਼ਾ ਦੀ ਗੱਲ ਕੀਤੀ ਜਾਵੇ ਤਾਂ ਲੇਖਕ ਇਸ ਬਾਰੇ ਬਹੁਤ ਵਿਸਤਾਰ ਸਹਿਤ ਚਰਚਾ ਕਰਦਾ ਹੈ। ਵਿਭਿੰਨ ਉਦਾਹਰਨਾਂ, ਹਵਾਲਿਆਂ ਅਤੇ ਲੋਕ ਕਹਾਣੀਆਂ ਦੇ ਜ਼ਰੀਏ ਉਹ ਮਾਂ ਬੋਲੀ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਲੇਖਕ ਲਿਖਦਾ ਹੈ ਕਿ ਉਹ ਪੈਰਿਸ ਵਿਚ ਇਕ ਚਿਤਰਕਾਰ ਨੂੰ ਮਿਲਦਾ ਹੈ ਜੋ ਮਾਤ ਭੂਮੀ ਨਾਲ ਬਹੁਤ ਮੋਹ ਰੱਖਦਾ ਸੀ ਪਰ ਮਜ਼ਬੂਰੀ-ਵੱਸ ਦੇਸ ਵਾਪਸ ਨਹੀਂ ਸੀ ਪਰਤ ਸਕਦਾ। ਲੇਖਕ ਵਾਪਸ ਆ ਕੇ ਚਿਤਰਕਾਰ ਦੇ ਰਿਸ਼ਤੇਦਾਰਾਂ ਨੂੰ ਲੱਭਦਾ ਹੈ ਅਤੇ ਉਹਨਾਂ ਨੂੰ ਚਿਤਰਕਾਰ ਦੇ ਜਿਉਂਦੇ ਹੋਣ ਦੀ ਖ਼ਬਰ ਦਿੰਦਾ ਹੈ। ਪ੍ਰਦੇਸੀਂ ਬੈਠੇ ਪੁੱਤ ਦੀਆਂ ਗੱਲਾਂ ਸੁਣ ਕੇ ਮਾਂ ਖੁਸ਼ ਹੁੰਦੀ ਹੈ ਅਤੇ ਪੁੱਛਦੀ ਹੈ ਕਿ ਕੀ ਉਸਨੇ ਅਵਾਰ ਬੋਲੀ ਵਿਚ ਗੱਲ ਕੀਤੀ ਤਾਂ ਲੇਖਕ ਦੱਸਦਾ ਹੈ ਕਿ ਨਹੀਂ ਉਹ ਫਰਾਂਸੀਸੀ ਬੋਲਦਾ ਸੀ ਤਾਂ ਮਾਂ ਇਹ ਸੁਣਦੇ ਹੀ ਆਪਣਾ ਮੂੰਹ ਕਾਲੇ ਘੁੰਢ ਹੇਠ ਢੱਕ ਲੈਂਦੀ ਹੈ। ਦਾਗ਼ਿਸਤਾਨ ਵਿਚ ਅਜਿਹਾ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਕੋਈ ਮਾਂ ਆਪਣਾ ਪੁੱਤ ਮਰਨ ਦੀ ਖ਼ਬਰ ਸੁਣਦੀ ਹੈ। ਇਸ ਉਪਰੰਤ ਮਾਂ ਕਹਿੰਦੀ ਹੈ ਕਿ ਉਹ ਮੇਰਾ ਪੁੱਤ ਨਹੀਂ ਹੋ ਸਕਦਾ, ਕੋਈ ਹੋਰ ਹੋਵੇਗਾ ਕਿਉਂਕਿ ਉਸਦਾ ਪੁੱਤਰ ਉਹ ਬੋਲੀ ਕਦੀ ਨਹੀ ਭੁੱਲ ਸਕਦਾ ਜੋ ਉਸਨੂੰ ਇਕ ਅਵਾਰ ਮਾਂ ਨੇ ਸਿਖਾਈ ਹੋਵੇ। ਲੇਖਕ ਇਸ ਪ੍ਰਕਾਰ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਕਰਦਾ ਹੈ। ਮਾਂ ਬੋਲੀ ਵਿਚ ਅਪਣੱਤ ਦਾ ਅਜਿਹਾ ਅਹਿਸਾਸ ਹੈ ਜੋ ਸਿਰਫ਼ ਮਾਂ ਦੀ ਬੁੱਕਲ ਵਿਚੋਂ ਹੀ ਮਾਣਿਆ ਜਾ ਸਕਦਾ ਹੈ ਦੂਜੀਆਂ ਭਾਸ਼ਾਵਾਂ ਅਜਿਹੇ ਅਹਿਸਾਸ ਤੋਂ ਸੱਖਣੀਆਂ ਹਨ। ਲੇਖਕ ਦਾ ਮੰਨਣਾ ਹੈ ਕਿ ਅੰਗਰੇਜ਼ੀ ਬੋਲਣ ਵਾਲਾ ਮਨੁੱਖ ਵਧੇਰੇ ਪੜ੍ਹਿਆ-ਲਿਖਿਆ ਜਾਂ ਸਭਿਅਕ ਨਹੀਂ ਹੋ ਸਕਦਾ ਕਿਉਂਕਿ ਜੇਕਰ ਅਵਾਰ ਭਾਸ਼ਾ ਬੋਲਣ ਵਾਲਾ ਅੰਗਰੇਜ਼ੀ ਤੋਂ ਅਨਜਾਣ ਹੈ ਤਾਂ ਅੰਗਰੇਜ਼ੀ ਬੋਲਣ ਵਾਲਾ ਵੀ ਤਾਂ ਅਵਾਰ ਭਾਸ਼ਾ ਨੂੰ ਬੋਲਣਾ ਨਹੀਂ ਜਾਣਦਾ। ਹਰ ਭਾਸ਼ਾ ਦੀ ਆਪਣੀ ਮਹੱਤਤਾ ਅਤੇ ਆਪਣੀ ਸ਼ਬਦਾਵਲੀ ਹੈ। ਹਰੇਕ ਲਫ਼ਜ਼ ਦੇ ਪਿੱਛੇ ਇਕ ਅਹਿਸਾਸ ਪਿਆ ਹੁੰਦਾ ਹੈ ਜਿਵੇਂ: ਖੁਸ਼ੀ, ਗ਼ਮੀ/ਦਰਦ, ਵਧਾਈ, ਸੁੰਦਰਤਾ, ਝੂਠ, ਸੱਚ, ਲਾਅਨਤ, ਚਾਨਣ, ਹਨੇਰਾ ਆਦਿ। ਜੇਕਰ ਕੋਈ ਅਨਜਾਣ ਵਿਅਕਤੀ ਵੀ ਸਾਡੀ ਮਾਂ ਬੋਲੀ ਵਿਚ ਗੱਲ ਕਰਦਾ ਹੈ ਤਾਂ ਸਾਡੀ ਸਹਿਜੇ ਹੀ ਉਸਦੇ ਨਾਲ ਇਕ ਸਾਂਝ ਸਥਾਪਤ ਹੋ ਜਾਂਦੀ ਹੈ। ਦਾਗ਼ਿਸਤਾਨ ਛੋਟਾ ਜਿਹਾ ਪ੍ਰਦੇਸ ਹੋਣ ਦੇ ਬਾਵਜੂਦ ਵੀ ਇੱਥੇ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਵੇਂ: ਲਾਕ, ਅਵਾਰ, ਕੁਮੀਕ, ਤਾਤ, ਲੇਜ਼ਗੀਨ, ਦਾਰਗ਼ੀਨ ਆਦਿ। ਰਸੂਲ ਹਮਜ਼ਾਤੋਵ ਜਿੱਥੇ ਅਵਾਰ ਭਾਸ਼ਾ ਨੂੰ ਬਹੁਤ ਪਿਆਰ ਕਰਦਾ ਹੈ ਉੱਥੇ ਹਰ ਭਾਸ਼ਾ ਦਾ ਸਤਿਕਾਰ ਵੀ ਕਰਦਾ ਹੈ। ਰਸੂਲ ਹਮਜ਼ਾਤੋਵ:

> "ਮੇਰੇ ਲਈ ਕੌਮਾਂ ਦੀਆਂ ਬੋਲੀਆਂ ਆਕਾਸ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ ਇਕ ਵੱਡੇ ਸਾਰੇ ਸਿਤਾਰੇ ਵਿਚ ਮਿਲ ਕੇ ਇਕ ਹੋ ਜਾਣ, ਜਿਸਨੇ ਅੱਧਾ ਆਕਾਸ਼ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਪਰ ਆਕਾਸ਼ ਵਿਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ

ਰੱਖਣ ਦਿਓ।"[12]

ਦਾਗ਼ਿਸਤਾਨੀ ਬੋਲੀਆਂ ਦੀ ਆਪਣੀ ਖ਼ੂਬਸੂਰਤੀ ਹੈ ਹਰੇਕ ਬੋਲੀ ਵਿਚ ਭਾਵਪੂਰਤ ਲਫ਼ਜ਼ ਮਿਲਦੇ ਹਨ। ਦਾਗ਼ਿਸਤਾਨੀ ਭਾਸ਼ਾਵਾਂ ਦੀ ਅਹਿਮੀਅਤ ਦਾ ਅੰਦਾਜ਼ਾ ਇਹਨਾਂ ਬਦਅਸੀਸਾਂ ਤੋਂ ਵੀ ਲਗਾਇਆ ਜਾ ਸਕਦਾ ਹੈ ਜੋ ਦਾਗ਼ਿਸਤਾਨੀ ਲੋਕ ਆਪਸ ਵਿਚ ਲੜਦੇ ਸਮੇਂ ਦਿੰਦੇ ਹਨ:

- ਅੱਲਾ ਕਰੇ, ਤੇਰੇ ਬੱਚੇ ਉਸ ਮਾਂ ਬੋਲੀ ਤੋਂ ਵਾਂਝੇ ਰਹਿਣ ਜਿਹੜੀ ਉਹਨਾਂ ਦੀ ਮਾਂ ਬੋਲਦੀ ਹੈ।
- ਅੱਲਾ ਕਰੇ, ਤੇਰੇ ਬੱਚਿਆਂ ਨੂੰ ਉਹਨਾਂ ਦੀ ਬੋਲੀ ਸਿਖਾਉਣ ਵਾਲੀ ਨਾ ਰਹੇ।
- ਅੱਲਾ ਕਰੇ, ਤੇਰੇ ਬੱਚੇ ਉਹਨਾਂ ਤੋਂ ਵਾਂਝੇ ਰਹਿਣ, ਜਿਨ੍ਹਾਂ ਨੂੰ ਉਹ ਆਪਣੀ ਬੋਲੀ ਸਿਖਾ ਸਕਦੇ ਹਨ।
- ਅੱਲਾ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।

ਇਹ ਸਾਰੀਆਂ ਉਹ ਬਦਅਸੀਸਾਂ ਹਨ ਜੋ ਦਾਗ਼ਿਸਤਾਨੀ ਭਾਸ਼ਾ ਅਤੇ ਬੋਲੀ ਨਾਲ ਜੁੜੀਆਂ ਹਨ ਪਰ ਇਸਤੋਂ ਇਲਾਵਾ ਵੀ ਦਾਗ਼ਿਸਤਾਨੀ ਲੋਕਾਂ ਕੋਲ ਬਦਅਸੀਸਾਂ ਦਾ ਭੰਡਾਰ ਪਿਆ ਹੋਇਆ ਹੈ ਜਿਸਦਾ ਇਸਤੇਮਾਲ ਉਹ ਸਮੇਂ-ਸਮੇਂ ਤੇ ਕਰਦੇ ਰਹਿੰਦੇ ਹਨ। ਲੇਖਕ ਅਨੁਸਾਰ ਇਹਨਾਂ ਬਦਅਸੀਸਾਂ ਨੂੰ ਇਕੱਤਰ ਕਰਕੇ ਇਕ ਕਿਤਾਬ ਬਣਾਈ ਜਾ ਸਕਦੀ ਹੈ ਜਿਸ ਤੋਂ ਇਹਨਾਂ ਪਹਾੜੀ ਲੋਕਾਂ ਦੀ ਰਚਨਾਤਮਕਤਾ, ਬਾਰੀਕਪੁਣੇ, ਕਲਪਣਾ ਅਤੇ ਭਾਵਪੂਰਨ ਬੋਲੀ ਦਾ ਪ੍ਰਗਟਾਵਾ ਹੋਵੇਗਾ। ਜਿਸ ਪ੍ਰਕਾਰ ਪੰਜਾਬੀਆਂ ਦੀ ਭਾਸ਼ਾ ਵਿਚ ਗਾਲ੍ਹਾਂ ਕੱਢਣਾ ਉਹਨਾਂ ਦੇ ਸਭਿਆਚਾਰ ਦਾ ਹਿੱਸਾ ਹੈ ਇਸੇ ਪ੍ਰਕਾਰ ਦਾਗ਼ਿਸਤਾਨੀ ਲੋਕ ਜੀਵਨ ਵਿਚ ਬਦਅਸੀਸਾਂ ਖ਼ਾਸ ਭੂਮਿਕਾ ਨਿਭਾਉਂਦੀਆਂ ਹਨ। ਕੋਈ ਵੀ ਪਹਾੜੀ ਜੋ ਮਾਂ ਬੋਲੀ ਤੋਂ ਸੱਖਣਾ ਹੈ ਉਹ ਬਦਅਸੀਸਾਂ ਤੋਂ ਬਿਨਾ ਵੀ ਆਪਣਾ ਮਾਣ-ਸਨਮਾਨ ਅਤੇ ਇੱਜ਼ਤ ਗੁਆ ਬੈਠਦਾ ਹੈ।

ਹਰੇਕ ਲੋਕਧਾਰਾ, ਸਭਿਆਚਾਰ ਦੇ ਆਪਣੇ ਅਖਾਣ, ਮੁਹਾਵਰੇ, ਕਹਾਵਤਾਂ, ਲੋਕ ਸਿਆਣਪਾਂ ਆਦਿ ਹੁੰਦੇ ਹਨ ਅਤੇ ਇਹ ਹਰੇਕ ਭਾਸ਼ਾ ਦਾ ਅਣਮੁੱਲਾ ਸਰਮਾਇਆ ਹੈ। ਇਹਨਾਂ ਵਿਚ ਸਾਡੇ ਵੱਡੇ- ਵਡੇਰਿਆਂ ਦੀ ਜ਼ਿੰਦਗੀ ਦੇ ਅਨੁਭਵ, ਨਿਚੋੜ, ਜ਼ਿੰਦਗੀ ਦੀਆਂ ਸੱਚਾਈਆਂ ਆਦਿ ਪਏ ਹੋਏ ਹਨ। ਕਿਉਂਕਿ ਹਰੇਕ ਕੌਮ ਦਾ ਲੋਕ ਸਾਹਿਤ ਵਿਲੱਖਣ ਹੁੰਦਾ ਹੈ, ਇਸ ਲਈ ਇਹਨਾਂ ਨੂੰ ਜ਼ਿਆਦਾਤਰ ਉਸ ਖਿੱਤੇ ਵਿਸ਼ੇਸ਼ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ, ਜਿੱਥੋਂ ਦੀ ਇਹ ਉਪਜ ਹੁੰਦੇ ਹਨ। ਬਹੁਤ ਸਾਰੇ ਅਖਾਣ ਮੁਹਾਵਰੇ ਅਜਿਹੇ ਵੀ ਮਿਲ ਜਾਂਦੇ ਹਨ ਜੋ ਵਿਭਿੰਨ ਸਮਾਜਾਂ ਦੇ ਪ੍ਰਸੰਗ ਵਿਚ ਵੀ ਵੇਖੇ ਜਾਣ ਤਾਂ ਢੁਕਵੇਂ ਅਰਥਾਂ ਦਾ ਸੰਚਾਰ ਕਰਦੇ ਹਨ। ਇਸਤੋਂ ਇਲਾਵਾ ਲੋਕ ਸਾਹਿਤ ਦਾ ਪੈਟਰਨ ਹਰ ਸਥਾਨ ਤੇ ਲਗਪਗ ਇੱਕੋ ਜਿਹਾ ਰਹਿੰਦਾ ਹੈ। ਵਣਜਾਰਾ ਬੇਦੀ ਲੋਕ ਸਾਹਿਤ ਦੇ ਮਹੱਤਵਪੂਰਨ ਹਿੱਸੇ ਅਖਾਣ ਨੂੰ ਇਸ ਪ੍ਰਕਾਰ ਪ੍ਰਭਾਸ਼ਿਤ ਕਰਦੇ ਹਨ,

> "ਅਖਾਣ ਉਹ ਬੱਝਵੇਂ ਤੇ ਪ੍ਰਮਾਣੀਕ ਵਾਕ ਹਨ, ਜਿਹੜੇ ਮਨੁੱਖੀ ਜੀਵਨ ਨਾਲ ਸੰਬੰਧਿਤ ਕਿਸੇ ਅਨੁਭਵ ਦੇ ਸਾਰ ਨੂੰ ਸੰਖੇਪ ਵਿਚ ਪ੍ਰਗਟਾਉਂਦੇ ਤੇ ਬੋਲ ਚਾਲ ਵਿਚ ਅਹਿਮ ਵਰਤੀਣ ਕਰਕੇ ਮੂੰਹੋ-ਮੂੰਹ ਅਗਲੀ ਪੀੜ੍ਹੀ ਤੱਕ ਪਹੁੰਚਦੇ ਹਨ।"[13]

ਹਥਲੀ ਪੁਸਤਕ ਵਿਚ ਲੋਕ-ਸਿਆਣਪਾਂ ਦਾ ਵੱਡਾ ਹਿੱਸਾ ਵੇਖਣ ਨੂੰ ਮਿਲਦਾ ਹੈ। ਡਾ.

ਨਾਹਰ ਸਿੰਘ ਅਨੁਸਾਰ,

> "ਸਿਆਣਪ ਦੇ ਟੋਟੇ ਮੁਹਾਵਰਿਆਂ ਅਤੇ ਅਖਾਣਾਂ ਦੇ ਪ੍ਰਕਾਰਜ ਵਿਚ ਵਰਤੇ ਜਾਂਦੇ ਨਿੱਤ ਜੀਵਨ ਦੇ ਅਨੁਭਵ ਵਿਚੋਂ ਪ੍ਰਮਾਣਿਤ ਹੋਏ ਗਿਆਨਾਤਮਕ ਸੂਤਰ ਹਨ, ਜਿਨ੍ਹਾਂ ਅੰਦਰ ਅਨੁਭਵ ਦੀ ਸਰਬ ਸਧਾਰਨਤਾ ਤੋਂ ਬਿਨਾਂ ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਕੋਈ ਸ਼ਰਤ ਨਹੀਂ ਲੱਗੀ ਹੁੰਦੀ।"[14]

ਦਾਗ਼ਿਸਤਾਨੀ ਲੋਕ ਬੋਲੀ ਬੋਲਦੇ ਸਮੇਂ ਕਈ ਪ੍ਰਕਾਰ ਦੇ ਅਖਾਣ, ਮੁਹਾਵਰੇ, ਕਹਾਵਤਾਂ ਤੇ ਲੋਕ ਸਿਆਣਪਾਂ ਦੀ ਵਰਤੋਂ ਕਰਦੇ ਹਨ। ਇਹ ਅਖਾਣ, ਮੁਹਾਵਰੇ ਤੇ ਲੋਕ ਸਿਆਣਪਾਂ ਜਿੱਥੇ ਉਹਨਾਂ ਦੀ ਬੋਲੀ ਨੂੰ ਸ਼ਿੰਗਾਰਦੇ ਤੇ ਸੰਵਾਰਦੇ ਹਨ ਉੱਥੇ ਇਹ ਪਹਾੜੀ ਲੋਕਾਂ ਨੂੰ ਚੰਗੀ ਜੀਵਨ-ਜਾਚ ਦੇ ਨਾਲ ਲਬਰੇਜ਼ ਵੀ ਕਰਦੇ ਹਨ। ਰਸੂਲ ਹਮਜ਼ਾਤੋਵ ਇਸ ਲੋਕ ਸਾਹਿਤ ਦੇ ਨਾਲ ਜੁੜੇ ਵੱਡੇ ਭਾਗ ਨੂੰ ਆਪਣੀ ਪੁਸਤਕ ਦਾ ਹਿੱਸਾ ਬਣਾਉਂਦਾ ਹੈ। ਕੁਝ ਉਦਾਹਰਨਾਂ:

- ਉਸਨੂੰ ਚੰਗਾ ਨਾਂ ਤਾਂ ਦੇ ਦਿੱਤਾ ਗਿਆ ਹੈ। ਉਹ ਆਦਮੀ ਕਿਸ ਤਰ੍ਹਾਂ ਦਾ ਬਣੇਗਾ।
- ਬਾਜ਼ ਨੂੰ ਤੂੜੀ ਅਤੇ ਖੋਤੇ ਨੂੰ ਮਾਸ ਖਵਾਉਣ ਦੀ ਕਦੀ ਕੋਸ਼ਿਸ਼ ਨਾ ਕਰੋ।
- ਖ਼ੂਬਸੂਰਤ ਘਰ ਵੀ ਢਹਿ ਜਾਏਗਾ, ਜੇ ਉਸਦੀਆਂ ਕੰਧਾਂ ਕਾਫ਼ੀ ਮਜ਼ਬੂਤ ਨਹੀਂ ਤਾਂ।
- ਇਕ ਵਾਰ ਮੁਰਗੀ ਨੇ ਚੀਲ ਹੋਣ ਦਾ ਸੁਪਨਾ ਲਿਆ। ਉਹ ਉੱਚੀਆਂ ਚੱਟਾਨਾਂ ਦੇ ਉੱਪਰੋਂ ਦੀ ਉੱਡੀ ਤੇ ਆਪਣੇ ਪਰ੍ਹ ਤੁੜਵਾ ਬੈਠੀ।
- ਅਖਾਣ-ਤਰਬੂਜ਼ ਨੂੰ ਚੀਰਨ ਲੱਗਿਆਂ ਵੀ ਹੁਸ਼ਿਆਰ ਰਹੋ ਕਿਤੇ ਉਸ ਵਿਚੋਂ ਵੀ ਕੋਈ ਲਾਕ ਨਾ ਭੁੜਕ ਕੇ ਨਿਕਲ ਆਏ।
- ਇਕੋ ਸੂਈ ਨਾਲ ਵਿਆਹ ਦਾ ਸੂਟ ਵੀ ਸੀਤਾ ਜਾਂਦਾ ਹੈ ਤੇ ਕਫ਼ਨ ਵੀ।
- ਕਹਾਵਤ- ਉਹ ਦਰਵਾਜ਼ਾ ਨਾ ਖੋਹਲੋ ਜਿਹੜਾ ਤੁਸੀਂ ਮੁੜ ਕੇ ਬੰਦ ਨਾ ਕਰ ਸਕੋਗੇ।
- ਕਹਾਵਤ- ਦਲੇਰੀ ਇਹ ਨਹੀਂ ਪੁੱਛਦੀ ਕਿ ਪਥਰੀਲੀ ਕੰਧ ਕਿੰਨੀ ਉੱਚੀ ਹੈ।

ਅਜਿਹੀਆਂ ਲੋਕ ਸਿਆਣਪਾਂ ਦੀ ਵੱਡੀ ਗਿਣਤੀ ਇਸ ਪੁਸਤਕ ਵਿਚ ਵੇਖਣ ਨੂੰ ਮਿਲਦੀ ਹੈ। ਇਹ ਅਖਾਣ, ਮੁਹਾਵਰੇ, ਕਹਾਵਤਾਂ, ਲੋਕ ਸਿਆਣਪਾਂ ਸਿਰਫ਼ ਕੁਝ ਭਾਸ਼ਾਈ ਤੱਤ ਹੀ ਨਹੀ ਹੁੰਦੇ ਬਲਕਿ ਇਹ ਮਨੁੱਖੀ ਜਨ-ਜੀਵਨ ਦੇ ਅਣਮੁੱਲੇ ਗਹਿਣੇ ਹਨ। ਇਹ ਮਨੁੱਖੀ, ਜੀਵਨ ਸੱਚ ਨਾਲ ਜੁੜਿਆ ਅਜਿਹਾ ਨਿਚੋੜ ਹੈ ਜਿਸਦੇ ਨਾਲ ਮਨੁੱਖੀ ਜੀਵਨ ਨੈਤਿਕ ਕਦਰਾਂ-ਕੀਮਤਾਂ ਤੇ ਚੰਗੇਰੇ ਮੁੱਲਾਂ ਦਾ ਧਾਰਨੀ ਬਣਦਾ ਹੈ। ਲੇਖਕ ਨੇ ਜਿੱਥੇ ਸੱਚ, ਦਲੇਰੀ, ਨਿਡਰਤਾ ਅਦਿ ਨੂੰ ਦਾਗ਼ਿਸਤਾਨੀ ਲੋਕਾਂ ਦੇ ਜੀਵਨ ਦਾ ਅਹਿਮ ਹਿੱਸਾ ਦੱਸਿਆ ਹੈ ਉੱਥੇ ਝੂਠ, ਬੇਈਮਾਨੀ ਆਦਿ ਤੋਂ ਦੂਰ ਰਹਿਣ ਦੀ ਤਾੜਨਾ ਵੀ ਕੀਤੀ ਹੈ। ਅਜਿਹੀਆਂ ਬਹੁਤ ਸਾਰੀਆਂ ਲੋਕ ਕਹਾਣੀਆਂ ਹਥਲੀ ਪੁਸਤਕ ਵਿਚ ਮਿਲਦੀਆਂ ਹਨ ਜੋ ਪਹਾੜੀ ਲੋਕਾਂ ਦੇ ਜੀਵਨ ਦਾ ਅਹਿਮ ਅੰਗ ਹਨ। ਇਹ ਲੋਕ ਕਹਾਣੀਆਂ, ਸਮਾਜ ਦੀਆਂ ਤਲਖ਼ ਹਕੀਕਤਾਂ, ਸੱਚਾਈਆਂ ਤੋਂ ਜਾਣੂ ਕਰਾਉਂਦੀਆਂ ਹਨ। ਇਹਨਾਂ ਨੂੰ ਪੜ੍ਹ ਕੇ ਮਨੁੱਖ ਕਈ ਕੁਝ ਸਿੱਖਦਾ ਹੈ ਅਤੇ ਵੱਡੀ ਗੱਲ ਇਹ ਕਿ ਇਹ ਸਾਹਿਤ ਮਨੁੱਖ ਨੂੰ ਜ਼ਿੰਦਗੀ ਜਿਊਣ ਦੇ ਢੰਗਾਂ ਤੋਂ ਵਾਕਿਫ਼ ਕਰਵਾਉਂਦਾ ਹੈ। ਵਿਭਿੰਨ ਅਵਾਰ ਕਥਾਵਾਂ, ਲੋਕ ਗਾਥਾਵਾਂ, ਲੋਕ ਕਹਾਣੀਆਂ ਦੇ ਜਰੀਏ ਲੇਖਕ ਅਣਮੁੱਲੇ ਵਿਚਾਰ ਆਪਣਿਆਂ ਦੇ ਨਾਲ ਸਾਂਝੇ ਕਰਦਾ ਹੈ ਜਿਵੇਂ: ਤਿੰਨ ਸ਼ਿਕਾਰੀਆਂ ਤੇ ਭੇੜੀਏ ਦੀ ਕਥਾ ਵਿਚ ਕਥਨੀ ਤੇ ਕਰਨੀ ਵਿਚ ਸਮਾਨਤਾ ਤੇ ਜ਼ੋਰ ਦਿੱਤਾ ਗਿਆ ਹੈ, ਸੰਗਰੇਯੇ

ਦੇ ਬੇਟੇ ਅਤੇ ਪੰਜ ਰੂਬਲਾਂ ਦੀ ਕਹਾਣੀ ਵਿਚ ਕਿਰਤ ਦੀ ਮਹੱਤਤਾ ਉਜਾਗਰ ਕੀਤੀ ਗਈ ਹੈ। ਪਿੰਜਰੇ ਵਿਚ ਬੰਦ ਪੰਛੀ ਵਾਲੀ ਅਵਾਰ ਕਥਾ ਵਿਚ ਮਾਤ ਭੂਮੀ ਦੇ ਮੋਹ ਨੂੰ ਦਰਸਾਇਆ ਗਿਆ ਹੈ। ਨੀਲ ਕੰਠ ਅਤੇ ਬੱਚਿਆਂ ਦੀ ਕਹਾਣੀ ਵਿਚ ਸੰਤੁਲਨ ਤੇ ਜ਼ੋਰ ਦਿੱਤਾ ਗਿਆ ਹੈ। ਬਲਖ਼ਾਰ ਘੁਮਿਆਰਾਂ ਦੀ ਉਹਨਾਂ ਦੇ ਬਰਤਨਾਂ ਦੀ ਤੇ ਉਹਨਾਂ ਦੇ ਭੈੜੇ ਖਰੀਦਦਾਰਾਂ ਦੀ ਕਹਾਣੀ ਵਿਚ ਮਿਹਨਤ, ਕਿਰਤ ਅਤੇ ਸੁਹਜ ਕਲਾ ਵਰਗੇ ਗੁਣ ਅਤੇ ਉਸ ਕਲਾ ਨਾਲ ਜੁੜੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ। ਸੱਚ ਅਤੇ ਝੂਠ ਵਾਲੀ ਕਹਾਣੀ ਵਿਚ ਸੱਚ ਦੀ ਅਹਿਮੀਅਤ ਨੂੰ ਉਲੀਕਿਆ ਗਿਆ ਹੈ। ਇਕ ਗਰੀਬ ਵੱਲੋਂ ਅਮੀਰ ਦਿੱਖਣ ਦੀ ਚਾਹਤ ਵਾਲੀ ਕਹਾਣੀ ਵਿਚ ਦਿਖਾਵੇ ਦੀ ਜ਼ਿੰਦਗੀ ਤੇ ਵਿਅੰਗ ਕੀਤਾ ਗਿਆ ਹੈ। ਕਵੀ ਦੀ ਵਾਰਤਾ ਵਿਚੋਂ ਅਸਲੀ, ਸੱਚੇ ਤੇ ਇਮਾਨਦਾਰ ਕਵੀਆਂ ਦੀ ਹੋਂਦ ਤੇ ਜ਼ੋਰ ਦਿੱਤਾ ਗਿਆ ਹੈ। ਇਸਤੋਂ ਇਲਾਵਾ ਜਿੱਥੇ ਇਹ ਪੁਸਤਕ ਚੰਗੇ ਸਾਹਿਤਕਾਰ, ਅਲੋਚਕ, ਅਨੁਵਾਦਕ ਲਈ ਮਹੱਤਤਾ ਦੀ ਧਾਰਨੀ ਬਣਦੀ ਹੈ, ਉੱਥੇ ਚੰਗੀ ਜੀਵਨ-ਜਾਚ ਨਾਲ ਜੁੜੀਆਂ ਕਈ ਕਥਾਵਾਂ, ਸਿਆਣਪਾਂ ਨਾਲ ਭਰਪੂਰ ਇਹ ਪੁਸਤਕ ਸਿਰਫ਼ ਕਿਸੇ ਖ਼ਾਸ ਕੌਮ ਦੇ ਲਈ ਨਹੀਂ ਬਲਕਿ ਇਸਨੂੰ ਪੜ੍ਹਨ ਵਾਲੇ ਹਰ ਪਾਠਕ ਲਈ ਇਕ ਰਾਹ ਦਸੇਰੇ ਵਜੋਂ ਕਾਰਜਸ਼ੀਲ ਹੁੰਦੀ ਹੈ।

ਇਸ ਸਭ ਤੋਂ ਇਲਾਵਾ ਲੋਕ ਕਾਵਿ ਵਿਚ ਲੋਰੀਆਂ, ਦਾਗ਼ਿਸਤਾਨੀ ਸਜ਼ਾਵਾਂ ਅਤੇ ਕਾਨੂੰਨ, ਸਾਹਿਤ, ਸਾਹਿਤਕਾਰ, ਕਲਾ, ਕੌਸ਼ਲਤਾ ਅਤੇ ਵਿਧਾ ਆਦਿ ਨਾਲ ਜੁੜੇ ਨਿਯਮ, ਅਤੀਤ/ਪਰੰਪਰਾ ਦਾ ਮਹੱਤਵ, ਕਿਰਸਾਨੀ ਜੀਵਨ ਮਾਂ ਬੋਲੀ ਅਤੇ ਕਿਰਤ ਨਾਲ ਜੁੜੇ ਵਿਭਿੰਨ ਸਰੋਕਾਰ ਹਥਲੀ ਪੁਸਤਕ ਵਿਚ ਬਾਖ਼ੂਬੀ ਪੇਸ਼ ਹੋਏ ਹਨ। ਇਸ ਪੁਸਤਕ ਵਿਚੋਂ ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਦਾ ਮੂੰਹ-ਮੁਹਾਂਦਰਾ ਵੇਖਣ ਨੂੰ ਮਿਲਦਾ ਹੈ, ਜੋ ਪਹਾੜੀ ਲੋਕਾਂ ਦੀ ਜੀਵਨ-ਜਾਚ ਨੂੰ ਸੁਚੱਜੇ ਢੰਗ ਨਾਲ ਪ੍ਰਤੀਬਿੰਬਤ ਕਰਦਾ ਹੈ। ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਵੀ ਵਿਸ਼ਵੀਕਰਨ ਦੀ ਲਪੇਟ ਤੋਂ ਬਚ ਨਹੀਂ ਸਕਿਆ ਇਹੋ ਕਾਰਨ ਹੈ ਕਿ ਉਹਨਾਂ ਦੇ ਖਾਣ-ਪੀਣ ਭਾਸ਼ਾ, ਰਹਿਣ ਸਹਿਣ ਅਤੇ ਪਹਿਰਾਵੇ ਤੇ ਇਹ ਅਸਰ ਵੇਖਿਆ ਜਾ ਸਕਦਾ ਹੈ। ਆਪਣੀ ਕੌਮ ਨੂੰ ਪਿਆਰ ਕਰਨ ਵਾਲੇ ਦਾਗ਼ਿਸਤਾਨੀ ਅੱਜ ਵੀ ਵਿਦੇਸ਼ੀ ਵੋਦਕਾ ਦੇ ਥਾਂ ਤੇ ਪਹਾੜੀ ਸ਼ਰਾਬ ਨੂੰ ਤਰਜੀਹ ਦਿੰਦੇ ਹਨ ਅਤੇ ਮਾਂ ਬੋਲੀ ਨੂੰ ਸਰਵਉੱਚਤਾ ਦੇ ਪੱਧਰ ਤੇ ਗ੍ਰਹਿਣ ਕਰਦੇ ਹਨ ਪਰ ਨਵੀਂ ਪੀੜ੍ਹੀ ਵਿਸ਼ਵੀਕਰਨ ਦੇ ਪ੍ਰਭਾਵ ਤੋਂ ਅਛੋਹ ਨਹੀਂ ਹੈ।

> "ਦਾਗ਼ਿਸਤਾਨ ਵਿਚ ਹੁਣ ਨੌਜਵਾਨ ਕੌਮੀ ਲਿਬਾਸ ਨਹੀਂ ਪਾਉਂਦੇ ਉਹ ਪੈਂਟਾਂ, ਜੈਕਟਾਂ, ਟੀ ਸ਼ਰਟਾਂ ਜਾਂ ਟਾਈ ਨਾਲ ਆਮ ਕਮੀਜ਼ਾਂ ਪਾਈ ਫਿਰਦੇ ਹਨ। ਬਿਲਕੁਲ ਮਾਸਕੋ, ਤਬਲਿਸੀ, ਤਾਸਕੰਦ, ਦੁਸ਼ਾਬੇ ਜਾਂ ਮਿੰਸਕ ਵਾਂਗ । ਕੌਮੀ ਲਿਬਾਸ ਹੁਣ ਸਿਰਫ ਦਾਗ਼ਿਸਤਾਨ ਦੀ ਗੀਤ ਤੇ ਨਰਿੱਤ ਮੰਡਲੀ ਹੀ ਪਾਉਂਦੀ ਹੈ। ਮਤਲਬ ਕਿ ਕੌਮੀ ਲਿਬਾਸ ਦੇ ਦਿਨ ਪੁੱਗਦੇ ਜਾ ਰਹੇ ਹਨੜਜੇ ਇਹ ਬਿਲਕੁਲ ਖਤਮ ਵੀ ਨਹੀਂ ਹੋ ਗਿਆ ਤਾਂ।"[15]

ਲੋਕਧਾਰਾ, ਸਭਿਆਚਾਰ ਵਿਚ ਪਰਿਵਰਤਨ ਜ਼ਰੂਰ ਆ ਸਕਦਾ ਹੈ ਪਰ ਇਹ ਕਦੇ ਖਤਮ ਨਹੀਂ ਹੁੰਦਾ ਕਿਉਂਕਿ ਇਹ ਲੋਕ ਜੀਵਨ ਵਿਚ ਇਸ ਪ੍ਰਕਾਰ ਸਮਾਇਆ ਹੋਇਆ ਹੈ ਕਿ ਕੋਈ ਵੀ ਕੌਮ ਇਸਤੋਂ ਸੱਖਣੀ ਨਹੀਂ ਹੋ ਸਕਦੀ। ਰਸੂਲ ਹਮਜ਼ਾਤੋਵ ਨੇ ਆਪਣੀ ਪੁਸਤਕ ਵਿਚ ਦਾਗ਼ਿਸਤਾਨੀ ਜਨ ਜੀਵਨ ਦੀ ਝਲਕ ਨੂੰ ਇਸ ਪ੍ਰਕਾਰ ਪੇਸ਼ ਕੀਤਾ ਹੈ ਕਿ ਇਸਨੂੰ ਪੜ੍ਹਨ

ਵਾਲਾ ਹਰ ਪਾਠਕ ਆਪਣੀ ਜੀਵਨ ਜਾਚ ਨਾਲ ਜੁੜੇ ਅੰਸ਼ਾਂ ਨੂੰ ਦਾਗ਼ਿਸਤਾਨੀ ਜੀਵਨ ਜਾਚ ਵਿਚੋਂ ਵੇਖਦਾ ਹੈ। ਇਤਿਹਾਸ ਗਵਾਹ ਹੈ ਕਿ ਉਹ ਸਾਹਿਤਕ ਕਿਰਤਾਂ ਵਧੇਰੇ ਮਕਬੂਲ ਹੁੰਦੀਆਂ ਹਨ ਜੋ ਲੋਕ ਜੀਵਨ ਦੇ ਅੰਸ਼ਾਂ ਨਾਲ ਭਰਪੂਰ ਹੁੰਦੀਆਂ ਹਨ ਅਜਿਹੀਆਂ ਕਿਰਤਾਂ ਹਰ ਪਾਠਕ ਦੇ ਨਾਲ ਇਕ ਸਾਂਝ ਸਥਾਪਤ ਕਰਦੀਆਂ ਹਨ ਅਤੇ ਮੇਰਾ ਦਾਗ਼ਿਸਤਾਨ ਪੁਸਤਕ ਦਾ ਹਾਸਿਲ ਵੀ ਇਹੋ ਹੈ ਕਿ ਇਹ ਕਿਰਤ ਲੋਕ ਤੱਤਾਂ ਨਾਲ ਲਬਰੇਜ਼ ਹੈ। ਰਸੂਲ ਹਮਜ਼ਾਤੋਵ ਵੀ ਪੁਸਤਕ ਵਿਚ ਲਿਖਦਾ ਹੈ ਕਿ ਇਹ ਪੁਸਤਕ ਭਾਵੇਂ ਅਵਾਰ ਭਾਸ਼ਾ ਵਿਚ ਹੈ ਪਰ ਇਕ ਅਜਿਹੇ ਫੁੱਲ ਵਰਗੀ ਹੋਣੀ ਚਾਹੀਦੀ ਹੈ ਕਿ ਹਰ ਕੋਈ ਇਸ ਵਿਚੋਂ ਐਸੀ ਚੀਜ਼ ਲੱਭ ਸਕੇ ਜੋ ਉਸਦੇ ਦਿਲ ਨੂੰ ਪਿਆਰੀ ਹੋਵੇ। ਨਿਰਸੰਦੇਹ ਇਹ ਪੁਸਤਕ ਆਪਣੇ ਉਦੇਸ਼ ਨੂੰ ਪ੍ਰਾਪਤ ਕਰਦੀ ਹੈ। ਇਹ ਪੁਸਤਕ ਵਿਸ਼ੇ ਅਤੇ ਕਲਾ ਪੱਖੋਂ ਉੱਤਮ ਰਚਨਾ ਹੈ ਜੋ ਦਾਗ਼ਿਸਤਾਨੀ ਲੋਕਧਾਰਾ ਅਤੇ ਸਭਿਆਚਾਰ ਨੂੰ ਪੇਸ਼ ਕਰਦੀ ਹੋਈ, ਦਾਗ਼ਿਸਤਾਨ ਦੇ ਪ੍ਰਤੀਨਿਧ ਵਜੋਂ ਪੇਸ਼ ਹੁੰਦੀ ਹੈ।

**ਹਵਾਲੇ ਟਿੱਪਣੀਆਂ**


1. ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵਕੋਸ਼**, ਨੈਸ਼ਨਲ ਬੁੱਕ ਸ਼ਾਪ ਦਿੱਲੀ 2013 (ਜਿਲਦ ਅੱਠਵੀਂ) ਪੰਨਾ-2066
2. ਡਾ. ਜੀਤ ਸਿੰਘ ਜੋਸ਼ੀ, **ਲੋਕ ਕਲਾ ਤੇ ਸਭਿਆਚਾਰ**, ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2010 ਪੰਨਾ-12
3. pa.m.wikipedia.org.wiki. ਦਾਗ਼ਿਸਤਾਨ
4. ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ ਭਾਗ-1** (ਅਨੁ.ਗੁਰੁਬਖ਼ਸ਼) ਪਬਲਿਸ਼ਰਜ਼ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ 2010. (ਸੱਤਵੀਂ ਵਾਰ)
5. ਉਹੀ ਪੰਨਾ -23
6. ਉਹੀ ਪੰਨਾ-09
7. ਉਹੀ ਪੰਨਾ-21
8. ਡਾ.ਗੁਰਮੀਤ ਸਿੰਘ, **ਲੋਕਧਾਰਾ ਦੇ ਕੁਝ ਪੱਖ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਲੁਧਿਆਣਾ, 2006. ਪੰਨਾ-11
9. ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ ਭਾਗ-1** (ਅਨੁ.ਗੁਰੁਬਖ਼ਸ਼) ਪਬਲਿਸ਼ਰਜ਼ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ 2010 (ਸੱਤਵੀਂ ਵਾਰ). ਪੰਨਾ-63
10. Reaver. J and Boswell, **Fundamentals & Folk Literature**, Anthropological, Publocation Quester Haut 1962. P-55
11. ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ ਭਾਗ-1** (ਅਨੁ.ਗੁਰੁਬਖ਼ਸ਼) ਪਬਲਿਸ਼ਰਜ਼ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ 2010. (ਸੱਤਵੀਂ ਵਾਰ) ਪੰਨਾ-145
12. ਉਹੀ ਪੰਨਾ-73
13. ਸੁਹਿੰਦਰ ਸਿੰਘ ਬੇਦੀ, **ਸੁਹਜ ਪ੍ਰਬੋਧ**, ਨੈਸ਼ਨਲ ਬੁੱਕ ਸ਼ਾਪ ਦਿੱਲੀ-6, 1967 ਪੰਨਾ-75
14. ਡਾ. ਨਾਹਰ ਸਿੰਘ, **ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ**, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2006 ਪੰਨਾ-221.
15. ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ ਭਾਗ-1** (ਅਨੁ.ਗੁਰੁਬਖ਼ਸ਼) ਪਬਲਿਸ਼ਰਜ਼ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ 2010. (ਸੱਤਵੀਂ ਵਾਰ) ਪੰਨਾ-51

**ਕਹਾਣੀ**

# ਬਾਲੋ

**-ਪਰਵੇਜ਼ ਸੰਧੂ**

"ਤੂੰ ਕੋਈ ਇਸ਼ਕ ਦੀ ਕਹਾਣੀ ਕਿਉਂ ਨੀ ਲਿਖਦੀ"

ਰੂਹ ਦਾ ਕੋਈ ਹਿੱਸਾ ਅਕਸਰ ਉਹਨੂੰ ਪੁੱਛਦਾ।

"ਇਸ਼ਕ ਦੀ ਕੋਈ ਕਹਾਣੀ ਮੇਰੇ ਦਿਲ ਨੂੰ ਟੁੰਬਦੀ ਨਹੀਂ"

ਉਹ ਹੱਸ ਕੇ ਜੁਆਬ ਦਿੰਦੀ

"ਲੈ ਦੱਸ, ਤੇਰੇ ਦੁਆਲੇ ਰੋਜ਼ ਹੀ ਕੋਈ ਨਾ ਕੋਈ ਮੁਹੱਬਤ ਦਾ ਮਾਰਿਆ ਆਪਣੀ ਕਹਾਣੀ ਤੈਨੂੰ ਸੁਣਾ ਜਾਂਦਾ ਐ ..ਕੋਈ ਤਾਂ ਹੋਊ ਤੇਰੀ ਕਲਮ ਦੇ ਮੇਚ ਦਾ"

"ਨਹੀਂ ਇਹ ਮੁਹੱਬਤਾਂ ਦੇ ਵਿਸ਼ੇ ਮੇਰੀ ਕਲਮ ਨੂੰ ਰਾਸ ਨਹੀਂ ਆਉਂਦੇ"

"ਤੇ ਫੇਰ ਤੈਨੂੰ ਕਿਹੋ ਜਿਹੀ ਕਹਾਣੀ ਚਾਹੀਦੀ ਐ"

ਰੂਹ ਪੁੱਛਦੀ।

"ਕੋਈ ਐਸੀ ਕਹਾਣੀ ਜਿਹੜੀ ਧਰਤੀ ਨਾਲ ਜੁੜੀ ਹੋਵੇ ..ਮਿੱਟੀ ਨਾਲ ਲੱਥ ਪੱਥ ਹੋਵੇ..ਚਿੱਕੜ 'ਚ ਪੈਦਾ ਹੋ ਕੇ ਚਿੱਕੜ 'ਚ ਹੀ ਗੁਆਚ ਗਈ ਹੋਵੇ .. ਅੰਬਰਾਂ ਦੇ ਤਾਰਿਆਂ ਦੀ ਗੱਲ ਨਾ ਕਰਦੀ ਹੋਵੇ"

ਤੇ ਉਹ ਉਦਾਸ ਹੋ ਜਾਂਦੀ।

ਵਰ੍ਹਿਆਂ ਤੋਂ ਇਹ ਸਿਲਸਿਲਾ ਚਲਦਾ ਆਇਆ ਸੀ। ਕਿੰਨੀਆਂ ਹੀ ਕਹਾਣੀਆਂ ਉਹਦੇ ਦਿਲ ਤੋਂ ਹੁੰਦੀਆਂ ਹੋਈਆਂ ਕਾਗ਼ਜ਼ ਦੀ ਹਿੱਕ ਤੇ ਆਉਣ ਨੂੰ ਕਾਹਲ਼ੀਆਂ ਪੈਂਦੀਆਂ ਪਰ ਕਲਮ ਦੀ ਨੋਕ ਦੇ ਨਖ਼ਰੇ ਦੀ ਭੇਟ ਚੜ ਜਾਂਦੀਆਂ।

ਤੇ ਇੱਕ ਦਿਨ ਅਚਾਨਕ ਉਹਦੀ ਕਲਮ ਮੁਸਕਰਾਈ।

"ਝੱਲੀਏ ਰੋਜ਼ ਮੇਰੇ ਨਖ਼ਰੇ ਦੇ ਮਿਹਣੇ ਮਾਰਦੀ ਏ... ਚੱਲ ਅੱਜ ਕੋਈ ਪ੍ਰੇਮ ਕਹਾਣੀ ਲਿਖੀਏ, ਦੋਵੇਂ ਰਲ ਕੇ ਉਲੀਕੀਏ ਤੇਰੇ ਇਸ਼ਕ ਦੀ ਗਾਥਾ... ਚੱਲ ਮੁੜੀਏ ਬਚਪਨ ਵੱਲੀਂ ਜਿੱਥੇ ਪਹਿਲੀ ਵਾਰ ਤੈਨੂੰ ਉਹ ਮੋਟੀਆਂ ਅੱਖਾਂ ਵਾਲਾ ਪਤਲਾ ਜਿਹਾ ਮੁੰਡਾ ਮਿਲਿਆ ਸੀ ... ਉਨ੍ਹਾਂ ਵੇਲਿਆਂ ਦੀ ਗੱਲ ਕਰੀਏ ਜਦੋਂ ਤੈਨੂੰ ਪਤਾ ਵੀ ਨਹੀਂ ਸੀ ਕਿ ਮੁਹੱਬਤ ਹੁੰਦੀ ਕੀ ਏ"

ਇਸ ਵਾਰ ਉਹ ਕਲਮ ਦੇ ਨਾਲ ਨਾਲ ਆਪ ਵੀ ਮੁਸਕਰਾ ਪਈ।

"ਉਹਦੀ ਗੱਲ ਅੱਜ ਨਹੀਂ ਕਰਨੀ ..ਉਹ ਤਾਂ ਅੱਜ ਵੀ ਜਿਊਂਦਾ ਜਾਗਦਾ ਮੇਰੇ ਨਾਲ ਨਾਲ ਤੁਰਿਆ ਫਿਰਦਾ ਐ। ਉਹ ਕਹਾਣੀ ਉਦੋਂ ਲਿਖੀ ਜਾਏਗੀ, ਜਿਸ ਦਿਨ ਉਹ ਮੁੱਕ ਗਿਆ ਜਾਂ ਉਹਦੇ ਤੋਂ ਪਹਿਲਾਂ ਮੈਂ ਮੁੱਕ ਗਈ।"

"ਭਲਾ ਇਹ ਕਿਹੜੀ ਗੱਲ ਹੋਈ"

ਕਲਮ ਦੇ ਮੱਥੇ 'ਚ ਤਿਊੜੀ ਉੱਕਰੀ।

"ਜੇ ਕਿਸੇ ਦਿਨ ਕੱਠੇ ਹੀ ਮੁੱਕ ਗਏ ਫੇਰ ਕੌਣ ਲਿਖੂ ਤੇਰੀ ਗਾਥਾ"

ਕਲਮ ਨੇ ਠਾਹ ਕਰਦਾ ਇੱਕ ਸਵਾਲ ਕੀਤਾ ਤੇ ਉਹ ਇੱਕ ਜਨੂਨੀ ਜਿਹਾ ਹਾਸਾ ਹੱਸੀ।

"ਕਮਲ਼ੀਏ ਇਹੀ ਤਾਂ ਦੇਖਣਾ ਜੇ ਇਸ਼ਕ ਸੱਚਾ ਹੈ ਤਾਂ ਕੱਠੇ ਮਰਦੇ ਆਂ ਜਾਂ ਨਹੀਂ"

"ਨੀ ਝੱਲੀਏ ਤੇਰੀਆਂ ਗੱਲਾਂ ਕਈ ਵਾਰ ਮੈਨੂੰ ਸਮਝ ਨਹੀਂ ਆਉਂਦੀਆਂ..ਖ਼ਬਰੇ ਕੀ ਊਲ ਜਲੂਲ ਬੋਲਦੀ ਰਹਿੰਦੀ ਏ"

ਤੇ ਉਹਦੀ ਕਲਮ ਕਿਧਰੇ ਡੂੰਘੀ ਸੋਚ ਵਿੱਚ ਉੱਤਰ ਗਈ।

"ਤੂੰ ਮੇਰੇ ਬਾਰੇ ਐਨਾ ਨਾ ਸੋਚ। ਮੇਰੇ ਵਰਗਾ ਜਨੂਨੀ ਬੰਦਾ ਇਸ ਦੁਨੀਆ ਤੋਂ ਭਲਾ ਕਦ ਜਰ ਹੋਇਆ ਤੇ ਨਾ ਹੀ ਮੇਰਾ ਇਸ਼ਕ ਕਿਸੇ ਨੂੰ ਕਬੂਲ ਹੋਣੈ ... ਤੂੰ ਗੱਲ ਕਰ ਕਿਸੇ ਐਸੇ ਕਿੱਸੇ ਦੀ ਜਿਹੜਾ ਗੁਆਂਢ 'ਚ ਜਾਂ ਪਿੰਡ ਦੇ ਕਿਸੇ ਨੁੱਕਰ ਵਾਲੇ ਘਰ ਦਾ ਹੋਵੇ।"

"ਤੂੰ ਦੱਸ ਮੈਂ ਕੀ ਲਿਖਾਂ?"

"ਹੂੰ ਅ ਅ ਅ ਅ ਅ ..ਤੂੰ ਕੱਲ੍ਹੀ ਕੌਣ ਹੁੰਦੀ ਏ ਲਿਖਣ ਵਾਲੀ। ਠਹਿਰ ਜਾਹ ਮੇਰੀ ਰੂਹ ਨੂੰ ਸਾਵੀਂ ਹੋਣ ਦੇ... ਜਦ ਤੱਕ ਰੂਹ ਨਹੀਂ ਸਾਥ ਦਿੰਦੀ ਨਾ ਮੈਨੂੰ ਕਹਾਣੀ ਲੱਭਣੀ ਏ ਤੇ ਨਾ ਤੈਥੋਂ ਲਿਖੀ ਜਾਣੀ ਏ"

ਉਹਦੀ ਗੱਲ ਸੁਣ ਕੇ ਕਲਮ ਖਿੜਖਿੜਾ ਕੇ ਹੱਸੀ

"ਚੱਲ ਫੇਰ ਛੇੜ ਕਿਸੇ ਮਜਨੂੰ ਦੀ ਗੱਲ ... ਛੂਹ ਕਿਸੇ ਰਾਂਝੇ ਦਾ ਕਿੱਸਾ ਜਾਂ ਫੇਰ ਲਿਖ ਸੁੱਟ ਕਿਸੇ ਮਿਰਜ਼ੇ ਸਾਹਿਬਾਂ ਦੀ ਕਹਾਣੀ।"

"ਨਹੀਂ, ਉਹ ਕਿਤਾਬੀ ਕਿੱਸੇ ਨੇ। ਮੇਰੀ ਰੂਹ ਕਿਸੇ ਹੱਡ ਮਾਸ ਦੇ ਪੁਤਲਿਆਂ ਦੇ ਇਸ਼ਕ ਦੀ ਕਹਾਣੀ ਲੱਭਦੀ ਫਿਰਦੀ ਏ"

ਉਹਨੇ ਕਲਮ ਦੀ ਨੋਕ ਨੂੰ ਆਪਣੀ ਉਂਗਲ ਦੇ ਪੋਟੇ 'ਚ ਚੋਭਦਿਆਂ ਜਵਾਬ ਦਿੱਤਾ।

ਇਸ ਵਾਰ ਉਹ ਤੇ ਕਲਮ ਦੋਵੇਂ ਚੁੱਪ ਸੀ। ਰੂਹ ਦਾ ਉਹ ਆਸ਼ਕ ਟੁਕੜਾ ਕਿਧਰੇ ਦੂਰ ਭਟਕ ਰਿਹਾ ਸੀ।

ਭਲਾ ਇਹ ਕੇਹੀ ਤਲਾਸ਼ ਸੀ? ਹੋਰ ਸੈਂਕੜੇ ਵਿਸ਼ੇ ਉਹਦੇ ਆਲ਼ੇ ਦੁਆਲ਼ੇ ਭਟਕਦੇ ਫਿਰਦੇ ਸੀ ਪਰ ਰੂਹ ਨੂੰ ਸਿਰਫ਼ ਇੱਕ ਇਸ਼ਕ ਦੇ ਵਿਸ਼ੇ ਦੀ ਹੀ ਕਿਉਂ ਤਲਾਸ਼ ਸੀ?

'ਰੂਹ ਦੀਆਂ ਡੂੰਘੀਆਂ ਰਮਜ਼ਾਂ ਨੂੰ ਕੌਣ ਸਮਝੇ'

ਜਦ ਕਦੇ ਵੀ ਉਹ, ਰੂਹ ਤੇ ਕਲਮ ਇੱਕ ਥਾਂ ਇਕੱਠੀਆਂ ਹੁੰਦੀਆਂ ਤਾਂ ਇਉਂ ਇਹਨਾਂ ਵਿੱਚ ਤਕਰਾਰ ਹੁੰਦਾ ਸੀ ਪਰ ਇਹਨਾਂ ਤਿੰਨਾਂ ਦਾ ਮੇਲ ਹਮੇਸ਼ਾ ਇੱਕ ਖ਼ੂਬਸੂਰਤ ਅਹਿਸਾਸ ਨੂੰ ਜਨਮ ਦਿੰਦਾ।

"ਨੀ ਝੱਲੀਏ, ਕਹਾਣੀਆਂ ਤਾਂ ਤੇਰੇ ਘਰ ਦੇ ਕੋਨੇ-ਕੋਨੇ 'ਚ ਦੁੱਬਕੀਆਂ ਬੈਠੀਆਂ ਨੇ ਆਲਾ ਦੁਆਲਾ ਦੇਖ... ਕਰ ਦੇ ਅੱਜ ਘਰ ਦੇ ਖੂੰਜਿਆਂ ਦੀ ਝਾੜ ਪੂੰਝ।"

ਅਚਾਨਕ ਉਹਦੀ ਰੂਹ ਦਾ ਭਟਕਦਾ ਉਹੀ ਟੁਕੜਾ ਘਰ ਦੇ ਇੱਕ ਖੂੰਜੇ ਵਿੱਚ ਜਾ ਖੜੋਇਆ।

ਕਲਮ ਦੀ ਗੱਲ ਸੁਣ ਕੇ ਉਹ ਵੀ ਤ੍ਰਭਕ ਕੇ ਆਪਣੇ ਘਰ ਦੇ ਉਸ ਕੋਨੇ ਵਿੱਚ ਰੂਹ ਦੇ ਨਾਲ ਜਾ ਖੜੀ ਹੋਈ, ਜਿੱਥੇ ਉਹਦਾ ਨਿੱਕਾ ਜਿਹਾ ਪਿੰਡ ਵੱਸਦਾ ਸੀ।ਪਿਛਲੇ ਪੰਦਰਾਂ ਵਰ੍ਹਿਆਂ ਤੋਂ ਉਹਦਾ ਇਹ ਪਿੰਡ ਸਜਿਆ ਸਜਾਇਆ ਇਸੇ ਨੁੱਕਰੇ ਪਿਆ ਸੀ।ਭਾਵੇਂ ਅਮਰੀਕਾ 'ਚ ਰਹਿੰਦਿਆਂ ਉਹਨੂੰ ਜੁੱਗੜੇ ਹੋ ਗਏ ਸੀ ਪਰ ਫੇਰ ਵੀ ਜਦੋਂ ਇਸ ਖੂੰਜੇ ਵੱਲ ਤੱਕਦੀ ਤਾਂ ਉਹਨੂੰ ਪੂਰੇ ਦਾ ਪੂਰਾ ਪਿੰਡ ਯਾਦ ਆ ਜਾਂਦਾ ਤੇ ਉਸ ਪਿੰਡ ਦੀ ਹਵਾ ਵਿੱਚ ਤੈਰਦੀਆਂ ਕਹਾਣੀਆਂ

ਉਹਦੀ ਝੋਲੀ ਵਿੱਚ ਆ ਡਿਗਦੀਆਂ।

ਮਾਂ ਦੀ ਭੇਜੀ ਨਿਸ਼ਾਨੀ ਵੱਲ ਉਹਦੀ ਨਜ਼ਰ ਉੱਠੀ। ਉਹਦੀਆਂ ਅੱਖਾਂ ਤਰ ਹੋ ਗਈਆਂ ਤੇ ਉਹਨੂੰ ਯਾਦ ਆਇਆ, ਪੰਦਰਾਂ ਕੁ ਸਾਲ ਪਹਿਲਾਂ ਮਾਂ ਨੇ ਸਾਗ ਕੱਟਣ ਵਾਲੀ ਲੋਹੇ ਦੀ ਭਾਰੀ ਮਸ਼ੀਨ ਪਿੰਡੋਂ ਭੇਜੀ ਸੀ।

ਨਾਲ ਸੁਨੇਹਾ ਵੀ ਆਇਆ ਸੀ।

"ਪੁੱਤ ਮੈਨੂੰ ਪਤੈ ਰਸੋਈ ਦੇ ਕੰਮ ਤੈਨੂੰ ਨਹੀਂ ਆਉਂਦੇ। ਫੇਰ ਵੀ ਆਹ ਸਾਗ ਕੱਟਣ ਵਾਲੀ ਮਸ਼ੀਨ ਭੇਜ ਰਹੀ ਆਂ, ਸੋਚਿਆ ਮੇਰੀ ਧੀ ਘਰ ਦੇ ਕੰਮ ਕਰਦੀ ਔਖੀ ਹੋਣੀ ਆ... ਇਹਦੇ ਨਾਲ ਸਾਗ ਸੌਖਾ ਕੱਟਿਆ ਜਾਂਦੈ"

ਲੋਹੇ ਦੀ ਭਾਰੀ ਮਸ਼ੀਨ ਜਿਹੜੀ ਉਹਨੇ ਕਦੇ ਸਾਗ ਕੱਟਣ ਲਈ ਨਹੀਂ ਵਰਤੀ ਸੀ ਪਰ ਸਜਾਵਟ ਦਾ ਹਿੱਸਾ ਬਣ ਕੇ ਰਹਿ ਗਈ ਸੀ ਤੇ ਇੱਕ ਦਿਨ ਘਰ ਨੂੰ ਸਜਾਉਂਦੀ ਨੇ ਇਸ ਮਸ਼ੀਨ ਦੇ ਮੂਹਰੇ ਇੱਕ ਨਿੱਕੀ ਜਿਹੀ ਟੋਕਰੀ ਲਿਆ ਰੱਖੀ ਸੀ। ਦੂਜੇ ਦਿਨ ਟੋਕਰੀ ਵਿੱਚ ਕੁਝ ਬਨਾਵਟੀ ਘਾਹ ਲਿਆ ਕੇ ਰੱਖ ਦਿੱਤਾ ਸੀ।

ਤੇ ਮਾਂ ਵਲੋਂ ਭੇਜੀ ਇਸ ਮਸ਼ੀਨ ਦੇ ਦੁਆਲੇ ਇੱਕ ਨਿੱਕਾ ਜਿਹਾ ਪਿੰਡ ਜਿਹਾ ਵੱਸ ਗਿਆ।

ਪੰਜਾਬ ਤੋਂ ਲਿਆਂਦੀਆਂ ਚੱਕੀ ਪੀਹ ਰਹੀਆਂ, ਦੁੱਧ ਰਿੜ੍ਹਕਦੀਆਂ, ਮੰਜੇ ਬਿਸਤਰੇ ਤੇ ਪੀੜੀਆਂ 'ਤੇ ਸਜੀਆਂ ਬੈਠੀਆਂ ਗੁੱਡੀਆਂ ਨਾਲ ਉਹਦੇ ਘਰ ਦਾ ਇਹ ਕੋਨਾ ਜਿਊਂਦਾ ਜਾਗਦਾ ਇੱਕ ਟੱਬਰ ਜਿਹੇ ਵਾਂਗ ਮਹਿਕ ਉੱਠਿਆ ਸੀ।

ਸ਼ਾਇਦ ਉਹਦੇ ਅੰਦਰੋਂ ਉਹਦਾ ਬਚਪਨ ਅਜੇ ਗਿਆ ਨਹੀਂ ਸੀ।

ਉਹ ਜਦੋਂ ਵੀ ਉਦਾਸ ਹੁੰਦੀ ਆਪਣੇ ਇਸ ਪਿੰਡ ਕੋਲ ਆ ਬੈਠਦੀ ਤੇ ਉਹਦੇ ਅੰਦਰਲੀ ਇੱਕ ਨਿੱਕੀ ਜਿਹੀ ਕੁੜੀ ਨੱਚ ਉੱਠਦੀ।

ਤੇ ਇੱਕ ਕਹਾਣੀ ਉਹਦੀ ਰੂਹ ਨੂੰ ਰੁਸ਼ਨਾ ਜਾਂਦੀ।

"ਨੀ ਸੁਣ ਸਖੀਏ ਸਹੇਲੀਏ, ਕਿਧਰੇ ਇਹੀ ਕਹਾਣੀ ਤਾਂ ਨਹੀਂ ਜਿਹੜੀ ਤੇਰੇ ਚੇਤਿਆਂ 'ਚ ਭਟਕਦੀ ਫਿਰਦੀ ਏ"

ਕਲਮ ਨੇ ਰੂਹ ਨੂੰ ਹੁੱਝ ਮਾਰੀ।

"ਔਹ ਦੇਖ ਆਪਣੀ ਸਹੇਲੀ ਦੀ ਕਹਾਣੀ, ਜਿਹੜੀ ਵਰ੍ਹਿਆਂ ਤੋਂ ਇਹਦੇ ਚੇਤੇ ਵਿੱਚੋਂ ਨਹੀਂ ਵਿੱਸਰੀ"

ਰੂਹ ਨੇ ਕਲਮ ਨੂੰ ਇਸ਼ਾਰਾ ਕੀਤਾ।

ਪਰ ਉਹ ਚੁੱਪ ਸੀ ਕਿਧਰੇ ਦੂਰ ਪਹੁੰਚ ਗਈ ਸੀ ਸ਼ਾਇਦ।

ਨਿੱਕੜੇ ਜਿਹੇ ਪਿੰਡ ਦੀਆਂ ਗਲੀਆਂ ਵਿੱਚ ਭੱਜੀ ਫਿਰਦੀ ਦੋ ਗੁੱਤਾਂ ਵਾਲੀ ਇੱਕ ਨਿੱਕੀ ਜਿਹੀ ਕੁੜੀ। ਲਾਲ ਇੱਟਾਂ ਦੀਆਂ ਗਲੀ ਵਿੱਚ ਨੱਠੀ ਜਾਂਦੀ ਦੇ ਅਚਾਨਕ ਉਹਦੇ ਪੈਰ ਇੱਕ ਥਾਂ ਤੇ ਰੁਕ ਗਏ।

"ਸੜਕੇ ਤੇ ਰਿੜ ਵੱਟਿਆ
ਜਿਨ੍ਹਾਂ ਯਾਰੀ ਨਾ ਲਾਈ
ਉਨ੍ਹਾਂ ਦੁਨੀਆ ਤੋਂ ਕੀ ਖੱਟਿਆ"

ਟੁੱਟੇ ਹੋਏ ਦਰਵਾਜ਼ੇ ਦੀਆਂ ਝੀਤਾਂ ਵਿੱਚ ਦੀ ਇੱਕ ਮਿੱਠੀ ਜਿਹੀ ਮਰਦਾਨਾ ਆਵਾਜ਼ ਨਾਲ ਉਹ ਥਾਏਂ ਖੜ ਗਈ।

ਖੱਚ...ਖੱਚ ਕਰਦੀ ਪੱਠੇ ਕੁਤਰਨ ਵਾਲੀ ਮਸ਼ੀਨ ਦੀ ਤਾਲ 'ਤੇ ਗਾਉਂਦਾ ਉਹ ਸਾਂਵਲੇ ਰੰਗ ਵਾਲਾ ਫ਼ਕੀਰ ਜਿਹਾ ਬਜ਼ੁਰਗ ਉਹਦੇ ਮੂਹਰੇ ਸਕਾਰ ਆ ਖੜੋਇਆ।

"ਸਹੇਲੀਏ ਕੌਣ ਨੇ ਇਹ ਲੋਕ"

ਕਲਮ ਨੇ ਉਤਸੁਕਤਾ ਜਿਹੀ ਨਾਲ ਪੁੱਛਿਆ।

"ਇਹ ਨੇ ਮੇਰੀ ਇਸ਼ਕ ਦੀ ਕਹਾਣੀ ਦੇ ਪਾਤਰ"

"ਇਹ ਤਾਂ ਆਮ ਲੋਕ ਨੇ ..ਮਿੱਟੀ ਘੱਟੇ ਨਾਲ ਲਿੱਬੜੇ ਤਿੱਬੜੇ"

ਕਲਮ ਨੇ ਬੁੱਲ੍ਹ ਸਿਕੋੜੇ।

"ਅੜੀਏ ਇਸ਼ਕ ਕਿਤੇ ਉਹੀ ਤਾਂ ਨਹੀਂ ਹੁੰਦਾ ਜਿਹੜਾ ਰਾਜਿਆਂ ਦੇ ਮਹਿਲਾਂ ਵਿੱਚ ਜਨਮ ਲੈਂਦਾ ਏ ਜਾਂ ਮੁਹੱਬਤ ਉਹੀ ਤਾਂ ਨਹੀਂ ਹੁੰਦੀ ਜਿਹੜੀ ਅਸਮਾਨਾਂ ਤੋਂ ਤਾਰੇ ਤੋੜਨ ਦੀ ਗੱਲ ਕਰੇ... ਜਾਂ ਫੇਰ ਗੱਡੀਆਂ ਦੀਆਂ ਲੀਹਾਂ ਤੇ ਸਿਰ ਰੱਖ ਕੇ ਜਾਨ ਦੇਵੇ... ਝੱਲੀਏ ਮੁਹੱਬਤ ਦੇ ਬਹੁਤ ਰੂਪ ਹੁੰਦੇ ਨੇ"

"ਨੀ ਇਹ ਤਾਂ ਕੋਈ ਬਜ਼ੁਰਗ ਗ਼ਰੀਬ ਜਿਹਾ ਬੰਦਾ ਜਾਪਦੈ"

ਕਲਮ ਝਟਕੇ ਨਾਲ ਰੁਕੀ।

"ਭਲਾ ਬਾਬਿਆਂ ਦੇ ਇਸ਼ਕ ਦੀ ਕਹਾਣੀ ਵੀ ਹੁੰਦੀ ਐ"

ਕਲਮ ਦੇ ਬੁੱਲ੍ਹਾਂ ਤੇ ਇੱਕ ਸ਼ਿਕਾਇਤ ਉੱਭਰ ਆਈ।

ਤੇ ਉਹ ਖਿੜਖਿੜਾ ਕੇ ਹੱਸੀ।

"ਝੱਲੀਏ ਬਾਬੇ ਕਿਹੜਾ ਬਜ਼ੁਰਗ ਹੀ ਜੰਮਦੇ ਨੇ"

"ਅੱਛਾ... ਤੇ ਫੇਰ ਦੱਸ ਜੁਆਨੀ" 'ਚ ਇਹਨੇ ਕਿਹੜੀ ਨਹਿਰ ਪੁੱਟੀ ਸੀ... ਜਾਂ ਸਾਹਿਬਾਂ ਨੂੰ ਕੱਢ ਕੇ ਲਿਆਇਆ ਸੀ...ਉਹ ਫੇਰ ਕੌਣ ਸੀ ਜਿਹੜੀ ਕੱਚੇ ਘੜੇ ਤੇ ਤੈਰ ਕੇ ਇਹਨੂੰ ਮਿਲਣ ਆਉਂਦੀ ਸੀ"

ਕਲਮ ਨੇ ਸ਼ਰਾਰਤ ਨਾਲ ਪੁੱਛਿਆ।

"ਨਹੀਂ ਨੀ ਕਮਲ਼ੀਏ, ਇਹ ਤਾਂ ਆਮ ਲੋਕ ਸੀ... ਹੱਡ ਮਾਸ ਦੇ ਪੁਤਲੇ, ਰੋਜ਼ਮਰਾ ਦੀ ਜ਼ਿੰਦਗੀ ਨਾਲ ਲੜਦੇ ਗ਼ਰੀਬੀ ਨਾਲ ਜੂਝਦੇ ਲੋਕ ਸਨ"

"ਤੇ ਫੇਰ ਇਹ ਕਿਧਰ ਦੇ ਆਸ਼ਕ ਹੋਏ"

ਕਲਮ ਦਾ ਜਵਾਬ ਸੁਣ ਕੇ ਉਹਨੇ ਇੱਕ ਲੰਬਾ ਹੌਕਾ ਲਿਆ।

"ਕਮਲ਼ੀਏ ਕਲਮੇ ਨੀ ਤੂੰ ਕੀ ਜਾਣੇ, ਇਸ਼ਕ ਅਸਮਾਨਾਂ ਤੋਂ ਵਿਸ਼ਾਲ ਤੇ ਧਰਤੀ ਦੀ ਹਿੱਕ ਨਾਲੋਂ ਡੂੰਘਾ ਹੁੰਦੈ"

"ਫੇਰ ਦੱਸ ਤੇ ਸਹੀ ਇਹ ਇਸ਼ਕ ਕਿਥੋਂ ਸ਼ੁਰੂ ਹੋਇਐ ਕਿਥੇ ਖ਼ਤਮ ਹੋਇਆ"

ਕਲਮ ਨੇ ਉਤਸੁਕਤਾ ਨਾਲ ਪੁੱਛਿਆ।

"ਬੱਸ ਪਿੰਡ ਦੇ ਕੱਚੇ ਘਰ ਤੋਂ ਸ਼ੁਰੂ ਹੋ ਕੇ ਪਿੰਡ ਦੇ ਸਿਵਿਆਂ ਤੱਕ"

ਉਹ ਉਦਾਸ ਜਿਹੀ ਹੋ ਗਈ।

"ਅੜੀਏ ਇਹਨਾਂ ਆਸ਼ਕਾਂ ਦਾ ਨਾਂ ਤੇ ਦੱਸ ਦੇ"

"ਭਗਤ ਸਿਉਂ ਤੇ ਰਤਨੀ"

ਉਹ ਮੁਸਕਰਾ ਕੇ ਬੋਲੀ।

"ਹਾਏ ਨੀ ਇਹ ਤਾਂ ਆਸ਼ਕਾਂ ਦੇ ਨਾਉਂ ਵੀ ਨੀ ਲਗਦੇ ..ਅਖੇ ਭਗਤ ਸਿਉਂ ਤੇ ਰਤਨੀ"

ਕਲਮ ਨੇ ਨਹੋਰਾ ਜਿਹਾ ਮਾਰਿਆ।

"ਚੱਲ ਫੇਰ ਉੱਥੇ ਚੱਲੀਏ, ਜਿੱਥੇ ਇਸ ਇਸ਼ਕ ਦੀ ਸ਼ੁਰੂਆਤ ਹੋਈ ਸੀ"

ਕਲਮ ਸ਼ਰਾਰਤੀ ਹਾਸਾ ਹੱਸਦੀ ਉਹਦੀ ਰੂਹ ਨਾਲ ਪਿੰਡ ਵੱਲ ਨੂੰ ਉੱਡ ਗਈ।

ਅੱਖ ਦੇ ਫੋਰ ਵਿੱਚ ਉਹ ਦਰਜ਼ੀਆਂ ਦੀ ਬੀਹੀ ਆ ਗਈ ਸੀ ਜਿਵੇਂ ਕੱਲ੍ਹ ਜਿਹੇ ਦੀ ਗੱਲ ਹੋਵੇ।

ਵੱਡੀ ਲਾਲ ਇੱਟ ਦੀ ਬੀਹੀ ਦੇ ਦੋਵਾਂ ਪਾਸੇ ਕੱਚੇ ਪੱਕੇ ਘਰਾਂ ਦੀ ਡਾਰ। ਪਹਿਲਾ ਤਿੰਨ ਮੰਜਲਾ ਪੱਕਾ ਸਾਫ਼ ਸੁਥਰਾ ਘਰ ਰੱਜੇ ਪੁੱਜੇ ਦਰਜੀਆਂ ਦਾ ਸੀ ਤੇ ਨਾਲ ਦਾ ਇੱਕ ਜੱਟਾਂ ਦਾ ਘਰ ਛੱਡ ਕੇ ਸਾਰੇ ਦੇ ਸਾਰੇ ਘਰ ਦਰਜ਼ੀਆਂ ਦੇ ਸਨ। ਇਹ ਇੱਕੋ ਇੱਕ ਬੀਹੀ ਸੀ, ਜਿਹੜੀ ਪਿੰਡ ਦੇ ਦੂਜੇ ਪਾਸੇ ਵੱਲ ਨਹੀਂ ਸੀ ਨਿਕਲਦੀ। ਬੀਹੀ ਦੇ ਅਖੀਰ ਤੱਕ ਨਿੱਕੇ ਵੱਡੇ ਘਰ ਸਨ।ਜਿਹੜੇ ਦਰਜ਼ੀ ਪਿੰਡ ਛੱਡ ਕੇ ਸ਼ਹਿਰ ਕੰਮ ਕਰਨ ਜਾਂਦੇ ਸੀ, ਉਨ੍ਹਾਂ ਦੇ ਘਰਾਂ 'ਚ ਲਾਲ ਰੰਗ ਦਾ ਫ਼ਰਸ਼ ਚਮਕਦਾ ਦੂਰੋਂ ਦਿਸਦਾ ਸੀ ਤੇ ਕੁਝ ਘਰਾਂ ਦੇ ਟੁੱਟੇ ਬੂਹਿਆਂ ਉੱਪਰ ਗ਼ਰੀਬੀ ਪਹਿਰੇਦਾਰ ਬਣੀ ਬੈਠੀ ਸੀ। ਉਨ੍ਹਾਂ ਹੀ ਘਰਾਂ ਵਿੱਚ ਇੱਕ ਘਰ ਇਸ ਜੋੜੇ ਦਾ ਵੀ ਸੀ। ਸਾਰੀ ਬੀਹੀ ਵਿੱਚ ਸਵੇਰੇ ਸਵੇਰੇ ਨਿਆਣਿਆਂ ਦਾ ਚੀਕ ਚਿਹਾੜਾ ਤੇ ਦਿਨ ਵੇਲੇ ਕੱਪੜੇ ਸਿਉਂਣ ਵਾਲੀਆਂ ਮਸ਼ੀਨਾਂ ਦੀ ਗੜ ਗੜ।

ਭਗਤ ਸਿਉਂ ਦਾ ਕੱਚਾ ਕੋਠੜਾ ਨ੍ਹੇਰੇ ਨਾਲੋਂ ਵੀ ਹਨੇਰੀ ਕੋਠੜੀ। ਇੱਕ ਕਮਰਾ, ਨਿੱਕਾ ਜਿਹਾ ਵਿਹੜਾ। ਬੱਸ ਇਹੀ ਸੀ ਭਗਤ ਸਿਉਂ ਤੇ ਰਤਨੀ ਦੀ ਮਲਕੀਅਤ।

"ਅਗਾਂਹ ਦੱਸ"

ਕਲਮ ਬੇਸਬਰੀ ਹੋਈ ਪਈ ਸੀ।

"ਮਾਂ ਦੱਸਦੀ ਹੁੰਦੀ ਸੀ ਕਿ ਉਹਦੇ ਵਿਆਹ ਤੋਂ ਬਹੁਤ ਸਾਲ ਪਹਿਲਾਂ ਰਤਨੀ ਇਸੇ ਘਰ ਵਿਆਹੀ ਸੀ।"

ਰੱਜ ਕੇ ਗ਼ਰੀਬ ਬਾਪ ਦੀ ਧੀ ਤੇ ਅੰਤਾਂ ਦੇ ਗ਼ਰੀਬ ਭਗਤ ਸਿਉਂ ਦੀ ਘਰ ਵਾਲੀ .. ਪਰ ਹੱਥਾਂ ਵਿੱਚ ਲੋਹੜਿਆਂ ਦਾ ਸੰਜਮ, ਜ਼ੁਬਾਨ ਵਿੱਚ ਮਿਠਾਸ ਤੇ ਛਿਟੀ ਵਰਗੀ ਸੋਹਲ ਜਿਹੀ ਦੇਹ ਵਿੱਚ ਉਮਰਾਂ ਦਾ ਸਾਥ ਨਿਭਾਉਣ ਦਾ ਹੌਸਲਾ।

ਉੱਪਰੋਂ ਥਲੀ ਦੇ ਤਿੰਨ ਪੁੱਤ ਤੇ ਇੱਕ ਧੀ ..ਖ਼ਬਰੇ ਅੰਨ੍ਹੀ ਗ਼ਰੀਬੀ ਵਿੱਚ ਕਿੰਜ ਪਾਲੇ ਸੀ ਉਹ ਨਿਆਣੇ ਤੇ ਕਿਵੇਂ ਵਿਆਹੀ ਸੀ ਇੱਕੋ ਇੱਕ ਧੀ"

"ਝੱਲੀਏ ਇਹ ਭਲਾ ਕਾਹਦੀ ਇਸ਼ਕ ਕਹਾਣੀ ਹੋਈ। ਇਹ ਤਾਂ ਘਰ ਘਰ ਦੀ ਗੱਲ ਏ ..ਹਰ ਗਲੀ ਮੁਹੱਲੇ ਵਿੱਚ ਅਜਿਹੇ ਗ਼ਰੀਬ ਜੋੜੇ ਰਹਿੰਦੇ ਨੇ"

ਉਹਦੀ ਕਲਮ ਨੇ ਤਿੱਖੀ ਚੋਭ ਮਾਰੀ।

"ਹਾਂ ਨੀ ਕਲਮੇ ਤੂੰ ਸਹੀ ਕਿਹਾ, ਅਜਿਹੀਆਂ ਕਹਾਣੀਆਂ ਤਾਂ ਕੋਨੇ ਕੋਨੇ 'ਚ ਮਿਲ ਜਾਣਗੀਆਂ ਪਰ ਇਹ ਜੋੜਾ ਵੱਖਰਾ ਸੀ।"

ਤੇ ਉਹਦੀਆਂ ਅੱਖਾਂ ਮੂਹਰੇ ਦੋਵੇਂ ਬਜ਼ੁਰਗ ਆ ਖੜੋਏ।

ਉਹਨੇ ਬਚਪਨ ਤੋਂ ਲੈ ਕੇ ਭਗਤ ਸਿਉਂ ਤੇ ਰਤਨੀ ਦਾ ਇੱਕੋ ਰੂਪ ਦੇਖਿਆ ਸੀ।

ਸੁਕੜੀ ਜਿਹੀ ਰਤਨੀ ਸਾਂਵਲਾ ਰੰਗ... ਦੰਦਾਂ ਦੀ ਜਰਾ ਕੁ ਜਿੰਨੀ ਉੱਚੀ ਬੀੜ।ਚਿਹਰੇ ਉੱਪਰ ਗ਼ਰੀਬੀ ਤੇ ਉਮਰ ਦੀਆਂ ਲੀਕਾਂ ਦਾ ਜਾਲ ਤੇ ਮੱਥੇ ਦੀ ਤਿਊੜੀ ਵਿੱਚ ਘੁਲਿਆ ਜ਼ਿੰਦਗੀ ਭਰ ਦਾ ਸੰਘਰਸ਼। ਨਿੱਕੀਆਂ ਨਿੱਕੀਆਂ ਅੱਖਾਂ ਵਿੱਚ ਮੋਏ ਅਣਗਿਣਤ ਸੁਪਨੇ।

ਰਤਨੀ ਦਾ ਉਹੀ ਇੱਕੋ ਲਿਬਾਸ ਕਾਲਾ ਘੱਗਰਾ ਨਿੱਕੀ ਬੂਟੀ ਦੀ ਕਮੀਜ਼ ਤੇ ਘਸਮੈਲ਼ਾ ਜਿਹਾ ਦੁਪੱਟਾ।

ਜੁਆਨ ਕੁੜੀਆਂ ਬੁੜ੍ਹੀਆਂ ਅਕਸਰ ਉਹਦੇ ਘੱਗਰੇ ਨੂੰ ਦੇਖ ਕੇ ਹੱਸਦੀਆਂ।

"ਭਲਾ ਮਾਂਜੀ ਹੁਣ ਘੱਗਰਾ ਪਾਉਂਦਾ ਈ ਕੌਣ ਆ ?"

ਰਤਨੀ ਹੱਸ ਕੇ ਕਹਿੰਦੀ।

"ਨਾ ਧੀਏ ਤੁਹਾਡਾ ਬਾਬਾ ਮੈਨੂੰ ਐਂ ਈ ਵਿਆਹ ਕੇ ਲਿਆਇਆ ਸੀ"

ਬਾਬੇ ਦੇ ਨਾਂ ਤੇ ਕੁੜੀਆਂ ਮੂੰਹ 'ਚ ਪੱਲਾ ਲੈ ਕੇ ਹੱਸ ਪੈਂਦੀਆਂ।

ਬਾਬੇ ਭਗਤ ਸਿਉਂ ਦਾ ਰੰਗ ਕਾਲਾ, ਭਾਰੀ ਦੇਹ ਸਿਰ ਤੇ ਚਿੱਟੀ ਪਗੜੀ। ਗੋਲ ਮੋਲ ਢਿੱਡ ਤੋਂ ਉਤਾਂਹ ਚੜ੍ਹਿਆ ਕੁੜਤਾ ਤੇ ਗਿੱਟਿਆਂ ਤੋਂ ਥੋੜ੍ਹਾ ਉੱਚਾ ਪਜਾਮਾ।ਗਲੀ ਵਿੱਚ ਆਉਂਦੇ ਜਾਂਦੇ ਦੀ ਜੀਭ ਉੱਪਰ ਕਿਸੇ ਗੀਤ ਦੀਆਂ ਸਤਰਾਂ ਗਾਉਂਦਾ ਉਹ ਕਿਸੇ ਸੂਫ਼ੀ ਫ਼ਕੀਰ ਜਿਹਾ ਜਾਪਦਾ।

ਤੇ ਜਾਂ ਫੇਰ ਕਿਸੇ ਟੱਪੇ ਦੀ ਉੱਚੀ ਹੇਕ ਲਾਉਂਦਾ ਤਾਂ ਕੋਲੋਂ ਲੰਘਦੀ ਕੋਈ ਵਹੁਟੀ ਸੰਗ ਨਾਲ ਹੱਸ ਹੱਸ ਕੇ ਦੂਹਰੀ ਹੋ ਜਾਂਦੀ ਪਰ ਉਹ ਬੇਖ਼ਬਰ ਜਿਹਾ ਗਾਉਂਦਾ ਅਗਾਂਹ ਲੰਘ ਜਾਂਦਾ।

"ਕੋਠੇ ਤੋਂ ਉੱਡ ਕਾਵਾਂ ਵੇ
ਸੱਦ ਪਟਵਾਰੀ ਨੂੰ
ਜਿੰਦ ਮਾਹੀਏ ਦੇ ਨਾਂ ਲਾਵਾਂ..."

ਵਰ੍ਹੇ ਪਹਿਲਾਂ ਬਚਪਨ ਵਿੱਚ ਸੁਣੀ ਭਗਤ ਸਿਉਂ ਦੀ ਆਵਾਜ਼ ਦੇ ਪਿੱਛੇ ਪਿੱਛੇ ਤੁਰਦੀ ਉਹ ਬਾਹਰਲੀ ਹਵੇਲੀ ਕੋਲ ਆ ਕੇ ਰੁਕ ਗਈ।

ਗਾਰੇ ਨਾਲ ਚਿਣੀਆਂ ਇੱਟਾਂ ਵਾਲੇ ਦੋ ਕਮਰੇ! ਛੰਨ ਵਾਲੀ ਰਸੋਈ... ਬੂਹੇ ਕੋਲ ਉਹੀ ਪੱਠੇ ਕੁਤਰਨ ਵਾਲੀ ਮਸ਼ੀਨ ਤੇ ਬਾਣ ਦੇ ਮੰਜੇ ਉੱਪਰ ਮੁੱਠ ਕੁ ਚਿਤਰੇ ਬਿਤਰੇ ਜਿਹੇ ਵਾਲਾਂ ਨੂੰ ਖਿਲਾਰੀ ਬੈਠੀ ਰਤਨੀ ਤੇ ਦੌਣ ਵਾਲੇ ਪਾਸੇ ਬੈਠਾ ਰਤਨੀ ਦੇ ਵਾਲਾਂ ਨੂੰ ਤੇਲ ਲਾਉਂਦਾ ਭਗਤ ਸਿਉਂ। ਵਾਲਾਂ ਦਾ ਚੀਰ ਬਣਾਉਂਦੇ ਦੇ ਜੂੰਆਂ ਕੱਢਦੇ ਦੇ ਬੁੱਲ੍ਹਾਂ ਤੇ ਨੱਚਦਾ ਕੋਈ ਟੱਪਾ ਵਿਹੜੇ ਵਿੱਚੋਂ ਹੁੰਦਾ ਹੋਇਆ ਬੀਹੀ ਤੱਕ ਅੱਪੜ ਜਾਂਦਾ।

"ਸੜਕੇ ਤੇ ਰਿੜ ਵੱਟਿਆ
ਬਾਲੋ ਦੀ ਜ਼ੰਜੀਰੀ ਟੁੱਟ ਗਈ
ਹੱਥ ਲਾ ਕੇ ਕੀ ਖੱਟਿਆ..."

"ਅੜੀਏ ਦੱਸ ਖਾਂ ਇਹ ਕੌਣ ਸੀ ਕੋਈ ਫ਼ਕੀਰ ਜਾਂ ਕੋਈ ਸਾਧੂ... ਤੇਰੇ ਚੇਤਿਆਂ 'ਚ ਇਹ ਲੋਕ ਕਿਉਂ ਵਸੇ ਹੋਏ ਨੇ"

ਕਲਮ ਨੇ ਬੇਸਬਰੀ ਨਾਲ ਪੁੱਛਿਆ।

ਉਹਨੇ ਮੀਲਾਂ ਦਾ ਸਫ਼ਰ ਤਹਿ ਕਰਨ ਵਰਗਾ ਲੰਬਾ ਹੌਕਾ ਲਿਆ।

"ਤੇ ਸੁਣ ਫੇਰ ਝੱਲੀਏ... ਮੈਂ ਉਦੋਂ ਨਿਆਣੀ ਸਾਂ... ਨਹੀਂ ਸੀ ਜਾਣਦੀ ਇਸ ਪਿਆਰ ਵਿਆਹ ਦੀਆਂ ਗੱਲਾਂ ਪਰ ਬਾਬਾ ਭਗਤ ਸਿਉਂ ਤੇ ਮਾਂਜੀ ਰਤਨੀ ਮੇਰੇ ਦਿਲ ਦੇ ਕਰੀਬ ਸਨ ..ਅੱਜ ਵੀ ਉਹ ਦੋਵੇਂ ਮੇਰੀਆਂ ਯਾਦਾਂ ਦੇ ਹਿੱਸੇ ਨੇ... ਭਗਤ ਸਿਉਂ ਦਰਜ਼ੀਆਂ ਦਾ ਪੁੱਤ ਸੀ ਪਰ ਉਹ ਬਾਕੀਆਂ ਵਾਂਗ ਕੱਪੜੇ ਨਹੀਂ ਸੀ ਸਿਊਂਦਾ। ਉਹ ਕੱਪੜਾ ਵੇਚਦਾ ਸੀ ਗਲੀਉ ਗਲੀ ਪਿੰਡੋ ਪਿੰਡ। ਇਹਦੇ ਨਾਲ ਹੀ ਉਹਨੇ ਟੱਬਰ ਪਾਲਿਆ ਸੀ।ਸਵੇਰੇ ਉੱਠ ਕੇ ਸਾਈਕਲ ਦੇ ਕੈਰੀਅਰ ਉੱਪਰ ਥਾਨਾਂ ਦੀਆਂ ਤਹਿਆਂ ਲੱਦ ਕੇ ਘਰੋਂ ਨਿਕਲਦਾ।ਬੀਹੀ ਤੱਕ ਰਤਨੀ ਉਹਦੇ ਸਾਈਕਲ ਦੇ ਪਿੱਛੇ ਪਿੱਛੇ ਤੁਰਦੀ। ਉਦੋਂ ਤੱਕ ਮੂੰਹ 'ਚ ਕੋਈ ਗੀਤ ਗਾਉਂਦਾ ਭਗਤ ਸਿਉ ਸਾਈਕਲ ਨੂੰ ਸਾਵਾਂ ਕਰਦਾ ਕਦੇ ਕੱਪੜਿਆਂ ਵਾਲੀ ਡੱਗੀ ਨੂੰ ਠੀਕ ਕਰਦਾ ਪਿੱਛੇ ਆਉਂਦੀ ਰਤਨੀ ਵੱਲ ਦੇਖਦਾ... ਗਲੀ ਦੇ ਮੋੜ ਤੇ ਆ ਕੇ ਰਤਨੀ ਸਾਈਕਲ ਦੇ ਪਿਛਾਂਹ ਖੜ ਕੇ ਕੱਪੜਿਆਂ ਦੇ ਥਾਨਾਂ ਦੀਆਂ ਤਹਿਆਂ ਤੇ ਪੋਲਾ ਪੋਲਾ ਹੱਥ ਫੇਰਦੀ।ਭਗਤ ਸਿਉਂ ਸਾਈਕਲ ਉੱਪਰ ਚੜ੍ਹਨ ਤੋਂ ਪਹਿਲਾਂ ਰਤਨੀ ਨੂੰ ਕਹਿੰਦਾ

"ਰਤਨੀਏ ਆਪਣਾ ਧਿਆਨ ਰੱਖੀਂ। ਬਾਹਲ਼ਾ ਕੰਮ ਨਾ ਕਰੀਂ"

ਜਿੰਨਾ ਚਿਰ ਭਗਤ ਸਿਉਂ ਰਤਨੀ ਦੀਆਂ ਅੱਖਾਂ ਤੋਂ ਓਹਲੇ ਨਾ ਹੋ ਜਾਂਦਾ, ਉਦੋਂ ਤੱਕ ਉਹ ਬੀਹੀ ਦੇ ਮੋੜ ਤੇ ਖੜੀ ਰਹਿੰਦੀ ਮਲ ਮਲ ਦੇ ਦੁਪੱਟੇ ਨੂੰ ਸੂਤ ਕਰਦੀ। ਦਿਨ ਦੇ ਕੰਮਾਂ ਵਿੱਚ ਰੁੱਝ ਜਾਂਦੀ।

ਪਿੰਡ ਵਾਲੇ ਘਰ ਤੋਂ ਬਾਹਰ ਨਿੱਕੀ ਜਿਹੀ ਹਵੇਲੀ ਵਿੱਚ ਬੰਨੇ ਪਸ਼ੂਆਂ ਦੇ ਕੰਮ ਕਰਦੀ ਉਹ ਭਗਤ ਸਿਉਂ ਬਿਨਾ ਕੱਲੀ ਕੱਲੀ ਜਿਹੀ ਲਗਦੀ, ਬਿਨਾ ਰੂਹ ਤੋਂ ਤੁਰੀ ਫਿਰਦੀ ਦੇਹ ਜਾਪਦੀ। ਮਿੱਟੀ ਦੇ ਗਾਰੇ ਨਾਲ ਜੋੜ ਜੋੜ ਕੇ ਖੜੀਆਂ ਕੰਧਾਂ ਦੇ ਅੰਦਰੋਂ ਉਹਦੀ ਖੰਘ ਕਈ ਵਾਰ ਬੀਹੀ ਦੇ ਦੂਜੇ ਮੋੜ ਤੱਕ ਸੁਣਦੀ।ਨਿੱਕੇ ਮੋਟੇ ਕੰਮ ਕਰਦੀ ਕਦੇ ਬਾਹਰ ਗਲੀ ਵਿੱਚ ਖੜ ਕੇ ਢਲਦੇ ਸੂਰਜ ਵੱਲ ਦੇਖਦੀ ਭਗਤ ਸਿਉਂ ਨੂੰ ਉਡੀਕਦੀ।

ਸ਼ਾਮ ਢਲੇ ਭਗਤ ਸਿਉਂ ਆਪਣੀ ਫੇਰੀ ਤੋਂ ਆਉਂਦਾ।

ਤੇ ਫੇਰ ਉਹ ਦੋਵੇਂ ਰਲ ਮਿਲ ਕੇ ਘਰ ਦਾ ਕੰਮ ਕਰਦੇ। ਕਦੇ ਚੁੱਲ੍ਹੇ ਦੀ ਬਲਦੀ ਲਟ ਲਟ ਅੱਗ ਮੂਹਰੇ ਬੈਠ ਕੇ ਚਾਹ ਪੀਂਦੇ ਤੇ ਕਦੇ ਪਸ਼ੂਆਂ ਲਈ ਘਾਹ ਖੋਤਣ ਤੁਰ ਜਾਂਦੇ।

"ਨੀ ਫਲਾਣੀਏ ਰਤਨੀ ਤੇ ਭਗਤ ਸਿਉਂ ਦਾ ਬਾਹਲ਼ਾ ਈ ਮੋਹ ਆ"

ਦੋਵਾਂ ਨੂੰ ਕਦਮ ਨਾਲ ਕਦਮ ਮਿਲਾ ਕੇ ਤੁਰੇ ਜਾਂਦਿਆਂ ਨੂੰ ਦੇਖ ਕੇ ਪਿੰਡ ਦੀ ਕੋਈ ਸ਼ਰਾਰਤੀ ਕੁੜੀ ਦੂਜੀ ਨੂੰ ਹੱਸ ਕੇ ਆਖਦੀ। ਪਰ ਰਤਨੀ ਨੇ ਕਦੇ ਕੁੜੀਆਂ ਵਹੁਟੀਆਂ ਦੀਆਂ ਗੱਲਾਂ ਦਾ ਬੁਰਾ ਨਹੀਂ ਸੀ ਮੰਨਿਆ। ਉਹ ਹਮੇਸ਼ਾ ਮੋਹਰਿਓਂ ਹੱਸ ਪੈਂਦੀ।

ਕਈ ਵਾਰ ਤਾਂ ਇਉਂ ਲਗਦਾ ਸੀ ਜਿਵੇਂ ਸਾਰੇ ਪਿੰਡ ਵਿੱਚ ਇੱਕੋ ਇੱਕ ਜੋੜਾ ਜਿਹੜਾ ਇੱਕ ਦੂਜੇ ਨੂੰ ਅੰਤਾਂ ਦਾ ਮੋਹ ਕਰਦਾ ਸੀ। ਜਦੋਂ ਲੋਕਾਂ ਦੇ ਘਰਾਂ ਵਿੱਚੋਂ ਤੀਵੀਂ ਆਦਮੀ ਦੇ ਲੜਨ ਦੀ ਆਵਾਜ਼ ਆਉਂਦੀ, ਉਦੋਂ ਇਹ ਦੋਵੇਂ ਜਣੇ ਚੁੱਲ੍ਹੇ ਦੀ ਮੱਠੀ ਮੱਠੀ ਅੱਗ ਮੂਹਰੇ ਬੈਠੇ ਦੁੱਖ ਸੁੱਖ ਕਰ ਰਹੇ ਹੁੰਦੇ।

ਉਂਜ ਤਾਂ ਉਹ ਦੋਵੇਂ ਪਿੰਡ ਵਾਲੇ ਘਰੋਂ ਹਵੇਲੀ ਨੂੰ ਵੀ ਆਉਂਦੇ ਤਾਂ ਦੋਵੇਂ ਇਕੱਠੇ ਹੀ ਆਉਂਦੇ। ਰਤਨੀ ਮੂਹਰੇ ਤੇ ਭਗਤ ਸਿਉਂ ਪਿੱਛੇ ਪਿੱਛੇ ਜਿਵੇਂ ਦੋਵੇਂ ਕਿਸੇ ਡੋਰ ਨਾਲ ਬੰਨੇ ਹੋਏ

ਹੋਣ ਪਰ ਜੇ ਕਿਧਰੇ ਰਤਨੀ ਕੱਲੀ ਖੇਤਾਂ ਵੱਲ ਨੂੰ ਨਿਕਲ ਜਾਂਦੀ ਤਾਂ ਭਗਤ ਸਿਉਂ ਪਲਾਂ ਘੜੀਆਂ ਵਿੱਚ ਅੰਨ੍ਹਾ ਬੋਲਾ ਹੋ ਜਾਂਦਾ।ਰਤਨੀ ਨੂੰ ਲੱਭਦਾ ਕਿਸੇ ਨੂੰ ਪੁੱਛ ਬੈਠਦਾ

"ਕੁੜੀਏ ਆਪਣੀ ਮਾਂਜੀ ਨੂੰ ਦੇਖਿਆ ਕਿਧਰੇ"

ਚੁੰਨੀ ਦਾ ਲੜ ਮੂੰਹ 'ਚ ਪਾ ਕੇ ਹੱਸਦੀ ਕੁੜੀ ਲੋਟ ਪੋਟ ਹੋ ਜਾਂਦੀ ਤੇ ਕੋਲ ਖੜੀ ਕੋਈ ਇਲਤੀ ਵਹੁਟੀ ਕਹਿ ਦਿੰਦੀ,

"ਭਾਈਆ ਔਧਰ ਨੂੰ ਜੰਗਲ ਪਾਣੀ ਗਈ ਐ...ਜਾਹ ਸੁੰਘ ਲੈ ਉਹਨੂੰ"

ਕੁੜੀਆਂ ਦੇ ਨਾਲ ਉਹ ਵੀ ਹੱਸ ਪੈਂਦਾ।

ਪਰ ਉਹਦੇ ਲਈ ਇਹ ਆਮ ਜਿਹੀ ਗੱਲ ਸੀ।ਕਿਥੋਂ ਤੇ ਕਿਵੇਂ ਉਨ੍ਹਾਂ ਦੀ ਅੰਨ੍ਹੀ ਮੁਹੱਬਤ ਨੇ ਮੋੜ ਲਿਆ ਸੀ, ਕਿਸੇ ਨੂੰ ਨਹੀਂ ਸੀ ਪਤਾ ਪਰ ਉਨ੍ਹਾਂ ਸਮਿਆਂ 'ਚ ਅਜਿਹਾ ਜੋੜਾ ਕਿਸੇ ਨੇ ਨਹੀਂ ਸੀ ਵੇਖਿਆ।ਸ਼ਾਇਦ ਰੀਝ ਤਾਂ ਹਰ ਔਰਤ ਮਰਦ ਦੀ ਇਹੀ ਸੀ ਕਿ ਉਨ੍ਹਾਂ ਨੂੰ ਵੀ ਕੋਈ ਅਜਿਹਾ ਪਿਆਰ ਕਰੇ ਪਰ ਨਿੱਕੇ ਜਿਹੇ ਪਿੰਡ ਵਿੱਚ ਕੌਣ ਐਨੀ ਹਿੰਮਤ ਕਰ ਸਕਦਾ ਸੀ।

ਤੇ ਫੇਰ ਅਚਾਨਕ ਜੁਆਨ ਪੁੱਤ ਦੀ ਮੌਤ ਬਾਅਦ ਉਹ ਹਮੇਸ਼ਾ ਲਈ ਪਿੰਡ ਵਾਲਾ ਘਰ ਛੱਡ ਕੇ ਹਵੇਲੀ ਆ ਵਸੇ ਸਨ। ਸ਼ਾਇਦ ਘਰ ਵਿੱਚ ਨੂੰਹ ਨਾਲ ਕੋਈ ਲੜਾਈ ਝਗੜਾ ਸੀ ਪਰ ਉਨ੍ਹਾਂ ਨੇ ਹਵੇਲੀ ਵਿੱਚ ਨਿੱਕੀ ਜਿਹੀ ਦੁਨੀਆ ਵਸਾ ਲਈ ਸੀ। ਇੱਕ ਕਮਰੇ ਵਿੱਚ ਮੱਝ ਅਤੇ ਇੱਕ ਅੱਧ ਹੋਰ ਪਸ਼ੂ ਤੇ ਦੂਜੀ ਵਿੱਚ ਦੋ ਮੰਜੀਆਂ। ਵਿਹੜੇ ਦੇ ਇੱਕ ਪਾਸੇ ਪਸ਼ੂਆਂ ਦੀ ਖੁਰਲੀ ਤੇ ਪੱਠਿਆਂ ਵਾਲੀ ਮਸ਼ੀਨ.....।

ਪੱਠੇ ..ਮਸ਼ੀਨ ..ਰਤਨੀ ਮਾਂਜੀ.... ਬਾਬਾ ਭਗਤ ਸਿਉਂ... ਤੇ ਉਹਦੇ ਬਚਪਨ ਦੀਆਂ ਯਾਦਾਂ...।

ਉਹਦੀ ਸੋਚ ਝਟਕੇ ਨਾਲ ਇੱਕ ਥਾਂ ਦੇ ਆ ਕੇ ਰੁਕ ਗਈ।

"ਨੀ ਦੱਸ ਖਾਂ ਏਸ ਮਸ਼ੀਨ ਨਾਲ ਤੇਰੀ ਕਿਹੜੀ ਯਾਦ ਜੁੜੀ ਹੋਈ ਏ"

ਕਲਮ ਨੇ ਸਵਾਲ ਕੀਤਾ।

"ਯਾਦ ਤੇ ਕੋਈ ਵੱਡੀ ਨਹੀਂ ਪਰ ਏਸ ਮਸ਼ੀਨ ਨੂੰ ਦੇਖ ਕੇ ਮੈਨੂੰ ਉਹ ਦੋਵੇਂ ਚੇਤੇ ਜ਼ਰੂਰ ਆ ਜਾਂਦੇ ਨੇ"

ਇੱਕ ਹੌਕਾ ਉਹਦੇ ਧੁਰ ਅੰਦਰੋਂ ਨਿਕਲਿਆ।

ਮਾਂ ਨੇ ਜਿਸ ਦਿਨ ਇਹ ਮਸ਼ੀਨ ਭੇਜੀ ਸੀ, ਉਸ ਦਿਨ ਵੀ ਮੈਂ ਉਦਾਸ ਹੋਈ ਸਾਂ।

"ਕਿਉਂ"

ਕਲਮ ਨੇ ਸਵਾਲ ਕੀਤਾ।

"ਨਿੱਕੀ ਉਮਰ ਨੂੰ ਪਤਾ ਨਹੀਂ ਹੁੰਦੈ ਕਿ ਗ਼ਰੀਬੀ ਕੀ ਹੁੰਦੀ ਐ ... ਉਹਨੂੰ ਵੀ ਨਹੀਂ ਸੀ ਪਤਾ ਪਰ ਇੰਨਾ ਕੁ ਅਹਿਸਾਸ ਜਰੂਰ ਸੀ ਕਿ ਰਤਨੀ ਤੇ ਭਗਤ ਸਿਉਂ ਰੋਜ਼ ਦੀ ਜ਼ਿੰਦਗੀ ਨੂੰ ਮਰ ਮਰ ਕੇ ਕੱਢਦੇ ਨੇ। ਉਨ੍ਹਾਂ ਦਿਨਾਂ ਵਿੱਚ ਰਤਨੀ ਮਾਂਜੀ ਖੰਘਦੀ ਖੰਘਦੀ ਢਿੱਡ ਫੜ ਕੇ ਮੰਜੇ ਉੱਪਰ ਢੇਰੀ ਹੋ ਜਾਇਆ ਕਰਦੀ ਸੀ ਪਰ ਫੇਰ ਵੀ ਚੁੱਲ੍ਹੇ ਚੌਂਕੇ ਦਾ ਕੰਮ ਕਰਦੀ ਰੋਟੀ ਬਣਾਉਂਦੀ ਤੇ ਭਗਤ ਸਿਉਂ ਬਾਬਾ ਚੁੱਲ੍ਹੇ ਮੂਹਰੇ ਬੈਠ ਕੇ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ। ਕਦੇ ਮਘਦੀ ਅੱਗ ਨੂੰ ਹਿਲਾਉਣ ਲੱਗ ਜਾਂਦਾ ਕਦੇ ਧੂੰਏਂ ਨੂੰ ਫੂਕਾਂ ਮਾਰਦਾ।

ਉਸ ਉਮਰੇ ਹੁਣ ਉਹ ਕੱਪੜਿਆਂ ਵਾਲੀ ਡੱਗੀ ਦੀ ਥਾਂ ਘਾਹ ਖੋਤ ਕੇ ਸਾਈਕਲ ਪਿੱਛੇ ਲੱਦ ਕੇ ਲਿਆਉਂਦਾ ਤੇ ਕਦੇ ਕਿਧਰੋਂ ਪੱਠੇ ਵੱਢ ਕੇ ਲੈ ਆਉਂਦਾ।ਉਨ੍ਹਾਂ ਦੋਵਾਂ ਦੀ ਜ਼ਿੰਦਗੀ ਬੱਸ ਇਸੇ ਘੇਰੇ ਵਿੱਚ ਘੁੰਮ ਰਹੀ ਸੀ।

"ਅੜੀਏ ਤੂੰ ਇਹ ਤਾਂ ਦੱਸਿਆ ਈ ਨਹੀਂ ਕਿ ਤੇਰੀ ਕੀ ਸਾਂਝ ਸੀ ਸੀ ਇਸ ਜੋੜੇ ਨਾਲ"

ਕਲਮ ਨੇ ਮੁੜ ਉਹੀ ਸਵਾਲ ਕੀਤਾ।

ਕਲਮ ਦੀ ਗੱਲ ਅਣਗੌਲੀ ਜਿਹੀ ਕਰ ਕੇ ਉਹ ਭਗਤ ਸਿਉਂ ਤੇ ਰਤਨੀ ਦੀ ਹਵੇਲੀ ਦਾ ਦਰ ਟੱਪ ਕੇ ਬਾਣ ਦੇ ਮੰਜੇ ਤੇ ਜਾ ਬੈਠੀ ਤੇ ਅਛੋਪਲੇ ਜਿਹੇ ਉਹਦੀ ਕਲਮ ਵੀ ਉਹਦੇ ਸੱਜੇ ਹੱਥ ਜਾ ਬੈਠੀ। ਇਹ ਥਾਂ ਉਹਦੀ ਕਲਮ ਲਈ ਇੱਕ ਦਮ ਨਵੀਂ ਸੀ, ਪਰ ਉਹਦੀ ਰੂਹ ਇੱਥੇ ਖ਼ਬਰੇ ਕਿੰਨੀ ਵਾਰ ਆ ਚੁੱਕੀ ਸੀ।ਇਹ ਥਾਂ ਉਹਦੀ ਰੂਹ ਲਈ ਓਪਰਾ ਨਹੀਂ ਸੀ।ਅੱਜ ਪਹਿਲੀ ਵਾਰ ਉਹ, ਉਹਦੀ ਰੂਹ ਤੇ ਉਹਦੀ ਕਲਮ ਤਿੰਨੇ ਜਣੀਆਂ ਇੱਕ ਥਾਂ ਤੇ ਇਕੱਠੀਆਂ ਬੈਠੀਆਂ ਸਨ ਤੇ ਉਨ੍ਹਾਂ ਦੇ ਦੁਆਲੇ ਅਨੇਕਾਂ ਹੀ ਮਿੱਠੀਆਂ ਯਾਦਾਂ ਨੱਚ ਪਈਆਂ।

"ਆ ਨੀ ਕਲਮੇ ਲਿਖ ਮੇਰੀ ਬਾਲੋ ਦੀ ਕਹਾਣੀ"

ਤੇ ਫੇਰ ਉਸ ਹਵੇਲੀ ਦੇ ਵਿਹੜੇ ਵਿੱਚ ਸਿਰਫ਼ ਚਿੱਟੇ ਰਿਬਨਾਂ ਵਾਲੀ ਗੁਲਾਬੀ ਕੋਠੀ ਵਾਲਿਆਂ ਦੀ ਪੋਤੀ ਬੇਬੀ, ਬੇਬੀ ਦੀ ਰੂਹ ਉਹਦੀ ਕਲਮ ਤੇ ਦੋ ਸਾਂਵਲੇ ਜਿਹੇ ਪਰਛਾਵਿਆਂ ਬਿਨਾ ਉੱਥੇ ਹੋਰ ਕੋਈ ਨਹੀਂ ਸੀ।

"ਕੋਠੇ ਤੇ ਖਲੋ ਮਾਹੀਆ  
ਚੰਨ ਭਾਵੇਂ ਚੜ੍ਹੇ ਨਾ ਚੜ੍ਹੇ  
ਸਾਨੂੰ ਤੇਰੀ ਲੋਅ ਮਾਹੀਆ"

ਬੇਬੀ ਨੇ ਉੱਚੀ ਆਵਾਜ਼ ਵਿੱਚ ਹੇਕ ਲਾਉਂਦੇ ਭਗਤ ਸਿਉਂ ਦੇ ਪਰਛਾਵੇਂ ਵੱਲ ਦੇਖਿਆ ਤੇ ਉਹ ਬਹੁਤ ਪਿਛਾਂਹ ਪਰਤ ਗਈ।

"ਯਾਦ ਨਹੀਂ ਉਮਰ ਦਾ ਉਹ ਕਿਹੜਾ ਵਰਾ ਸੀ, ਪਰ ਅਚਾਨਕ ਇੱਕ ਦਿਨ ਉਹ ਸਹੇਲੀਆਂ ਨਾਲ ਖੇਡਦੀ ਖੇਡਦੀ ਇਸ ਪਸ਼ੂਆਂ ਵਾਲੀ ਕੱਚੀ ਹਵੇਲੀ ਵਿੱਚ ਆ ਵੜੀ ਸੀ। ਉਂਜ ਤਾਂ ਇਸੇ ਬੀਹੀ 'ਚ ਉਹ ਨਿੱਤ ਖੇਡਦੀ ਭੱਜੀ ਫਿਰਦੀ ਵੱਡੀ ਹੋਈ ਸੀ।ਉਹਦਾ ਘਰ ਕਿਹੜਾ ਕੋਈ ਬਾਹਲਾ ਦੂਰ ਸੀ। ਔਹ ਬੀਹੀ ਦੇ ਮੋੜ ਵਾਲੀ ਗੁਲਾਬੀ ਕੋਠੀ ਵਾਲੇ ਸਰਦਾਰ ਦੀ ਪੋਤੀ ਤੇ ਪਿੰਡ ਦੇ ਨਿਆਣਿਆਂ ਦੀ ਸਰਦਾਰਨੀ। ਘਰ ਵਿਚ ਕਦੇ ਡੱਕਾ ਨਹੀਂ ਸੀ ਤੋੜਿਆ ਪਰ ਇੱਕ ਦਿਨ ਅਚਾਨਕ ਹੀ ਬਾਬੇ ਭਗਤ ਸਿਉਂ ਨੂੰ ਪੱਠਿਆਂ ਵਾਲੀ ਮਸ਼ੀਨ ਮੂਹਰੇ ਹਫਦੇ ਨੂੰ ਦੇਖ ਲਿਆ ਸੀ। ਸਾਹੋ ਸਾਹ ਹੋਇਆ ਬਜ਼ੁਰਗ ਜੋੜਾ ਇੱਕ ਮਸ਼ੀਨ ਦੇ ਅਗਲੇਰੇ ਪਾਸੇ ਮਸ਼ੀਨ ਦੇ ਹੱਥੇ ਨੂੰ ਪੂਰੇ ਜ਼ੋਰ ਨਾਲ ਘੁਮਾਉਂਦਾ ਹੋਇਆ ਤੇ ਰਤਨੀ ਪੱਠਿਆਂ ਦੇ ਰੁੱਗ ਭਰ ਭਰ ਕੇ ਮਸ਼ੀਨ ਦੇ ਪਿਛਲੇ ਪਾਸੇ ਖੜੀ ਕਦੇ ਖੰਘ ਨਾਲ ਦੂਹਰੀ ਹੋ ਜਾਂਦੀ ਤੇ ਕਦੇ ਆਪਣੇ ਸਾਹਾਂ ਨਾਲ ਲੜਦੀ ਹੋਈ ਹਿੰਮਤ ਕਰਕੇ ਪੱਠਿਆਂ ਦਾ ਰੁੱਗ ਭਰ ਲੈਂਦੀ।"

ਉਸ ਉਮਰੇ ਬੇਬੀ ਨੂੰ ਨਹੀਂ ਸੀ ਪਤਾ ਕਿ ਇਹਨੂੰ ਗ਼ਰੀਬੀ ਨਾਲ ਲੜਨਾ ਕਹਿੰਦੇ ਨੇ।

ਪਰ ਕੁਝ ਤੇ ਸੀ ਜਿਹੜਾ ਉਹਦੇ ਅੰਦਰ ਧੂਹ ਪਾਉਂਦਾ ਸੀ ਤੇ ਉਸ ਦਿਨ ਉਹਨੇ ਅੱਡੀਆਂ ਚੁੱਕ ਕੇ ਬਾਬੇ ਦੇ ਹੱਥੋਂ ਮਸ਼ੀਨ ਦਾ ਹੱਥਾ ਫੜ ਲਿਆ ਸੀ।

"ਕੋਈ ਨੀ ਪੁੱਤ ਰਹਿਣ ਦੇ ਤੇਰੇ ਕੱਪੜੇ ਖਰਾਬ ਹੋ ਜਾਣਗੇ"

ਬਾਬੇ ਨੇ ਹੈਰਾਨੀ ਤੇ ਮੋਹ ਨਾਲ ਸਿਰ ਤੇ ਹੱਥ ਰੱਖਦਿਆਂ ਕਿਹਾ ਸੀ।

ਪਰ ਉਹ ਕਿਥੇ ਕਿਸੇ ਦੀ ਸੁਣਦੀ ਸੀ।

"ਰਤਨੀਏ ਤੂੰ ਬਹਿ ਜਾਹ ਰਾਮ ਕਰ ਲੈ ਮੈਂ ਰੁੱਗ ਲਾਉਂਦੈ"

ਤੇ ਦੇਖਦਿਆਂ ਦੇਖਦਿਆਂ ਨਿੱਕੀ ਜਿਹੀ ਕੁੜੀ ਨੇ ਫੁਰਤੀ ਨਾਲ ਮਸ਼ੀਨ ਨੂੰ ਗੇੜਾ ਦਿੱਤਾ ਤੇ ਬਾਬੇ ਭਗਤ ਸਿਉਂ ਨੇ ਪੱਠਿਆਂ ਦਾ ਰੁੱਗ ਲਾਉਂਦਿਆਂ ਉੱਚੀ ਹੇਕ ਲਾਈ ਤੇ ਘੜੀ ਪਲਾਂ 'ਚ ਮਸ਼ੀਨ ਮੂਹਰੇ ਪਿਆ ਖਾਲੀ ਟੋਕਰਾ ਹਰੇ ਕਚੂਰ ਰੰਗ ਦੇ ਨਿੱਕੇ ਨਿੱਕੇ ਟੁਕੜਿਆਂ ਨਾਲ ਭਰ ਗਿਆ। ਉਸ ਦਿਨ ਤੋਂ ਬਾਅਦ ਜਦੋਂ ਵੀ ਉਹ ਬਾਬੇ ਭਗਤ ਸਿਉਂ ਦੀ ਹਵੇਲੀ ਵਿਚੋਂ ਮਸ਼ੀਨ ਦੀ ਖੱਚ ਖੱਚ ਸੁਣਦੀ ਤੇ ਉਹ ਭੱਜ ਕੇ ਬਾਬੇ ਦੇ ਮੂਹਰੇ ਜਾ ਖੜਦੀ ਮਾਂਜੀ ਕਦੇ ਕੋਈ ਨਿੱਕਾ ਮੋਟਾ ਕੰਮ ਕਰਦੀ, ਕਦੇ ਮੰਜੇ ਤੇ ਬੈਠੀ ਅਸੀਸਾਂ ਦੀ ਪੰਡ ਖੋਲ੍ਹ ਲੈਂਦੀ।

"ਨੀ ਧੀਏ ਜੀਂਦੀ ਰਹੁ। ਰੱਬ ਤੈਨੂੰ ਲੰਬੀਆਂ ਉਮਰਾਂ ਦੇਵੇ, ਜਿਹੜਾ ਕੰਮ ਢਿੱਡੋਂ ਜੰਮੇ ਨਹੀਂ ਕਰਦੇ ਉਹ ਤੂੰ ਕਰ ਜਾਂਦੀ ਏਂ"

ਤੇ ਫੇਰ ਇਹ ਸਿਲਸਿਲਾ ਆਮ ਜਿਹਾ ਹੋ ਗਿਆ। ਘਰੋਂ ਝਿੜਕੇ ਪੈਂਦੇ ਪਰ ਘਰਦਿਆਂ ਦਾ ਗੁੱਸਾ ਭੁੱਲ ਭੁਲਾ ਕੇ ਤਰਕਾਲ਼ਾਂ ਪੈਂਦੇ ਹੀ ਉਹ ਪੱਠੇ ਕੁਤਰਨ ਜਾ ਲਗਦੀ।ਪਤਾ ਨਹੀਂ ਬਾਬੇ ਦੇ ਗੀਤਾਂ 'ਚ ਕੋਈ ਖਿੱਚ ਸੀ ਜਾਂ ਉਹਦਾ ਉਸ ਜੋੜੇ ਨਾਲ ਕੋਈ ਜਨਮਾਂ ਦਾ ਸਾਥ ਸੀ ਪਰ ਹੁਣ ਉਹਦੀ ਇਹ ਰੋਜ਼ ਦੀ ਆਦਤ ਬਣ ਗਈ ਸੀ।

ਦੇਖਦੇ ਦੇਖਦੇ ਬੇਬੀ ਦਾ ਕੱਦ ਮਸ਼ੀਨ ਦੇ ਹੱਥੇ ਨਾਲੋਂ ਗਿੱਠ ਉੱਚਾ ਹੋ ਗਿਆ ਸੀ ਤੇ ਭਗਤ ਸਿਉਂ ਦੇ ਗੀਤਾਂ ਦੇ ਮਾਅਨੇ ਹੁਣ ਉਹਨੂੰ ਕੁਝ ਕੁਝ ਸਮਝ ਆਉਣ ਲੱਗ ਪਏ ਸੀ।

"ਅੰਬੀ ਦਾ ਬੂਟਾ ਈ
ਤੇਰੇ ਬਿਨਾ ਇਸ ਜੱਗ ਤੇ ਨੀ ਬਾਲੋ
ਸਾਡਾ ਜੀਣਾ ਝੂਠਾ ਈ"

ਇੱਕ ਦਿਨ ਭਗਤ ਸਿਉਂ ਨੇ ਮਿੱਠੀ ਜਿਹੀ ਹੇਕ ਕੱਢੀ ਤੇ ਬੇਬੀ ਨੇ ਇੱਕ ਝਟਕੇ ਨਾਲ ਮਸ਼ੀਨ ਰੋਕ ਦਿੱਤੀ।

"ਬਾਬਾ ਜੀ ਇਹ "ਬਾਲੋ" ਕੌਣ ਐ"

ਭਗਤ ਸਿਉਂ ਨੇ ਪੱਠਿਆਂ ਦੇ ਰੁੱਗ ਵਾਲਾ ਹੱਥ ਥਾਏਂ ਰੋਕ ਲਿਆ।ਮੰਜੇ ਉੱਪਰ ਬੈਠੀ ਰਤਨੀ ਨੇ ਮੈਲੇ ਦੁਪੱਟੇ ਨੂੰ ਬੁੱਲ੍ਹਾਂ 'ਚ ਘੁੱਟ ਲਿਆ।

"ਪੁੱਤ ਬਾਲੋ ਕਿੱਸਿਆਂ ਕਹਾਣੀਆਂ 'ਚ ਵੱਸਦੀ ਕੋਈ ਪਰੀ ਹੈ, ਜੀਹਦੀ ਅਜੇ ਤੈਨੂੰ ਸਮਝ ਨਹੀਂ ਆਉਣੀ"

ਭਗਤ ਸਿਉਂ ਨੇ ਝਟਕੇ ਨਾਲ ਗੱਲ ਮੁਕਾਉਣੀ ਚਾਹੀ।

"ਨਹੀਂ ਬਾਬਾ ਜੀ ਮੈਨੂੰ ਦੱਸੋ ਇਹ ਬਾਲੋ ਕੌਣ ਹੈ"

ਉਹਦੇ ਅੰਦਰਲੀ ਜ਼ਿੱਦੀ ਕੁੜੀ ਐਨੀ ਛੇਤੀ ਮੰਨਣ ਵਾਲੀ ਨਹੀਂ ਸੀ।

"ਪੁੱਤ ਬਾਲੋ ਕਿਤਾਬਾਂ ਦੇ ਵਰਕਿਆਂ 'ਚ ਬੰਦ ਕੋਈ ਸੋਹਣੀ ਸੁਨੱਖੀ ਕੁੜੀ ਹੈ ਬਿਲਕੁਲ ਤੇਰੀ ਮਾਂਜੀ ਰਤਨੀ ਵਰਗੀ"

ਭਗਤ ਸਿਉਂ ਦੀ ਗੱਲ ਸੁਣ ਕੇ ਰਤਨੀ ਨੇ ਮੈਲੇ ਦੁਪੱਟੇ ਦਾ ਲੜ ਬੁੱਲ੍ਹਾਂ ਨਾਲ ਚੱਬਿਆ,

ਉਹਦੀਆਂ ਅੱਖਾਂ ਹੱਸੀਆਂ ਤੇ ਬੇਬੀ ਨੇ ਹੈਰਾਨੀ ਨਾਲ ਰਤਨੀ ਵੱਲ ਦੇਖਿਆ। ਉਹਦੀ ਨਿਆਣੀ ਬੁੱਧੀ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਰਤਨੀ ਵਿੱਚ ਸੋਹਣੇ ਹੋਣ ਵਾਲੀ ਕਿਹੜੀ ਚੀਜ਼ ਸੀ। ਇਹ ਉਨ੍ਹਾਂ ਪਰੀਆਂ ਵਰਗੀ ਤਾਂ ਨਹੀਂ ਜਿਨ੍ਹਾਂ ਬਾਰੇ ਉਹ ਬਚਪਨ ਤੋਂ ਸੁਣਦੀ ਆਈ ਸੀ।ਦੁੱਧ ਚਿੱਟੇ ਰੰਗ, ਸੁਨਹਿਰੀ ਵਾਲ ਤੇ ਸੋਹਣੇ ਨਕਸ਼ਾਂ ਵਾਲੀਆਂ ਪਰੀਆਂ ਦੇ ਰੂਪ ਰਤਨੀ ਨਾਲ ਤਾਂ ਨਹੀਂ ਸੀ ਮਿਲਦੇ।

ਅਣਗਿਣਤ ਸਵਾਲ ਸਨ ਜਿਹੜੇ ਉਹਦੀ ਨਿਆਣੀ ਰੂਹ ਨੂੰ ਕਦੇ ਸਮਝ ਨਹੀਂ ਸੀ ਆਏ ਤੇ ਨਾ ਹੀ ਰਤਨੀ ਦਾ ਸੁਹੱਪਣ ਉਹਦੀ ਸੋਚ ਦੇ ਮੇਚ ਆਇਆ ਸੀ।ਪਰ ਹੁਣ ਉਹ ਭਗਤ ਸਿਉਂ ਨੂੰ ਸਵਾਲ ਨਹੀਂ ਸੀ ਪੁੱਛਦੀ। ਸਾਲਾਂ ਦੇ ਸਾਲ ਲੰਘ ਗਏ ਸਨ ਭਗਤ ਸਿਉਂ ਤੇ ਰਤਨੀ ਦੇ ਵਿਹੜੇ ਦੀਆ ਉਹ ਕਮਜ਼ੋਰ ਜਿਹੀਆਂ ਮੱਝਾਂ ਦੇ ਕੀਲੇ ਸੁੰਨੇ ਹੋ ਗਏ ਸਨ। ਖੁਰਲੀਆਂ ਮੂੰਹ ਟੱਡੀ ਅਸਮਾਨਾਂ ਵੱਲ ਝਾਕਦੀਆਂ ਰਹਿ ਗਈਆਂ ਸਨ।ਬੋਰੀਆਂ ਤੇ ਪੱਲੀਆਂ ਨਾਲ ਢਕੀ ਮਸ਼ੀਨ ਕਦੋਂ ਦੀ ਚੁੱਪ ਚੁਪੀਤੇ ਕੋਨੇ ਵਿੱਚ ਖੜੀ ਚਿੱਟੇ ਰਿਬਨਾਂ ਵਾਲੀ ਕੁੜੀ ਦੇ ਹੱਥਾਂ ਦੀ ਛੂਹ ਨੂੰ ਉਡੀਕਦੀ ਬੁੱਢੀ ਹੋ ਗਈ ਸੀ। ਜੇ ਉਸ ਹਵੇਲੀ ਵਿੱਚ ਕੁਝ ਨਹੀਂ ਸੀ ਬਦਲਿਆ ਤਾਂ ਉਹ ਸੀ ਭਗਤ ਸਿਉਂ ਤੇ ਰਤਨੀ ਦੀ ਮੁਹੱਬਤ।

ਜਿਉਂ ਜਿਉਂ ਰਤਨੀ ਦੀ ਸਿਹਤ ਨਿੱਘਰਦੀ ਜਾ ਰਹੀ ਸੀ ਉਵੇਂ ਉਵੇਂ ਦੋਵਾਂ ਦੇ ਪਿਆਰ ਦੀ ਸਾਂਝ ਹੋਰ ਗੂੜ੍ਹੀ ਹੁੰਦੀ ਜਾ ਰਹੀ ਸੀ।ਰਤਨੀ ਦਾ ਜ਼ਿਆਦਾ ਵਕਤ ਮੰਜੇ ਉੱਪਰ ਹੀ ਬੀਤਦਾ ਤੇ ਭਗਤ ਸਿਉਂ ਦਾ ਵਕਤ ਰਤਨੀ ਦੀ ਚਾਕਰੀ 'ਚ ਬੀਤ ਜਾਂਦਾ।

ਖ਼ਬਰੇ ਕਿਹੜੀ ਚੰਦਰੀ ਕਾਲੀ ਖੰਘ ਰਤਨੀ ਨੂੰ ਚੰਬੜ ਗਈ ਸੀ, ਜਿਹੜੀ ਉਹਦੇ ਹੱਡਾਂ ਨੂੰ ਅੰਦਰੋਂ ਅੰਦਰ ਖੋਰ ਰਹੀ ਸੀ।

ਸੁੱਕੀ ਲੱਕੜ ਦੀ ਟਾਹਣੀ ਵਰਗੀ ਰਤਨੀ ਦੀ ਦੇਹ ਨੂੰ ਭਗਤ ਸਿਉਂ ਫੁੱਲਾਂ ਵਾਂਗ ਸਾਂਭ ਸਾਂਭ ਰੱਖਦਾ।

"ਹਾਏ ਐਨੀ ਮੁਹੱਬਤ"

ਅਚਾਨਕ ਉਹਦੀ ਕਲਮ ਝਟਕੇ ਨਾਲ ਰੁਕੀ।

ਕਲਮ ਦੀ ਸਿਆਹੀ ਕਾਗ਼ਜ਼ ਦੀ ਹਿੱਕ ਨੂੰ ਲਹੂ ਲੁਹਾਨ ਕਰ ਗਈ। ਅੱਜ ਪਹਿਲੀ ਵਾਰ ਉਹਦੀ ਕਲਮ ਨੂੰ ਅਹਿਸਾਸ ਹੋਇਆ ਸੀ ਕਿ ਜ਼ਰੂਰੀ ਨਹੀਂ, ਮੁਹੱਬਤਾਂ ਮਹਿਲਾਂ ਵਾਲਿਆਂ ਨੂੰ ਹੀ ਰਾਸ ਆਉਂਦੀਆਂ ਨੇ। ਇਸ਼ਕ ਕਿੱਸਿਆਂ ਤੱਕ ਹੀ ਸੀਮਤ ਨਹੀਂ ਹੈ। ਮੁਹੱਬਤਾਂ ਕਹਾਣੀਆਂ ਵਿੱਚ ਹੀ ਨਹੀਂ ਜਿਉਂਦੀਆਂ ਇਹ ਇਸ਼ਕ ਤਾਂ ਸੱਚ ਮੁੱਚ ਮਿੱਟੀ ਵਿੱਚ ਪੈਦਾ ਹੋ ਕੇ ਮਿੱਟੀ ਵਿੱਚ ਹੀ ਖ਼ਤਮ ਹੋ ਸਕਦਾ ਹੈ।

"ਛੇਤੀ ਦੱਸ ਖਾਂ ਫੇਰ ਕੀ ਹੋਇਆ ?"

ਕਲਮ ਨੇ ਸਿਆਹੀ ਦਾ ਘੁੱਟ ਭਰਦਿਆਂ ਕਾਹਲੀ ਨਾਲ ਪੁੱਛਿਆ।

ਉਹਦੀ ਰੂਹ ਅਜੇ ਵੀ ਹਵੇਲੀ ਦੀਆਂ ਤਿੜਕਦੀਆਂ ਕੰਧਾਂ ਵਿੱਚੋਂ ਭਗਤ ਸਿਉਂ ਤੇ ਰਤਨੀ ਦੀ ਖ਼ੁਸ਼ਬੂ ਲੱਭਦੀ ਫਿਰਦੀ ਸੀ।

ਪਰ ਉਹ ਤੇ ਕਦੋਂ ਦੇ ਮੁੱਕ ਗਏ ਸਨ।

ਰਤਨੀ ਭੋਰਾ ਭੋਰਾ ਕਰਕੇ ਮੁੱਕਦੀ ਜਾ ਰਹੀ ਸੀ।ਭਗਤ ਸਿਉਂ ਸਵੇਰੇ ਉੱਠਦਾ ਚੁੱਲ੍ਹੇ ਦੀ ਮੱਠੀ ਮੱਠੀ ਅੱਗ ਉੱਤੇ ਚਾਹ ਬਣਾਉਂਦਾ ਘੁੱਟ ਘੁੱਟ ਕਰਕੇ ਆਪ ਰਤਨੀ ਨੂੰ ਪਿਲਾਉਂਦਾ

ਮਾਹੀਏ ਦਾ ਕੋਈ ਟੱਪਾ ਛੇੜ ਲੈਂਦਾ।

"ਖੂਹਾਂ ਦਾ ਪਾਣੀ ਏ
ਸੱਜਣਾਂ ਤੋਂ ਵਾਰ ਦੇਵਾਂ
ਜਿੰਦ ਐਵੇਂ ਵੀ ਤੇ ਜਾਣੀ ਏ"

ਮੁੱਠ ਕੁ ਹੋਈ ਰਤਨੀ ਵਿੱਚ ਨਾ ਹੁਣ ਖੰਘਣ ਦੀ ਹਿੰਮਤ ਸੀ ਨਾ ਜਿਊਣ ਦੀ। ਕਈ ਵਾਰ ਚੰਦਰੀ ਖੰਘ ਉਹਨੂੰ ਮੌਤ ਦੇ ਦਰਵਾਜ਼ੇ ਤੱਕ ਲੈ ਜਾਂਦੀ ਪਰ ਭਗਤ ਸਿਉਂ ਥੰਮ੍ਹ ਬਣ ਕੇ ਮੌਤ ਨੂੰ ਮੋਹਰਿਓਂ ਹੋ ਕੇ ਟੱਕਰਦਾ।ਸਵੇਰ ਤੋਂ ਲੈ ਕੇ ਸ਼ਾਮ ਤੱਕ ਤੇ ਸ਼ਾਮ ਤੋਂ ਲੈ ਕੇ ਸਾਰੀ ਰਾਤ ਉਹ ਕਦੇ ਰਤਨੀ ਦੇ ਮੂੰਹ ਵਿੱਚ ਪਾਣੀ ਪਾਉਂਦਾ, ਕਦੇ ਤਲੀਆਂ ਝੱਸਦਾ। ਕਦੇ ਸਿਰ ਦੇ ਸੁੱਕੇ ਵਾਲਾਂ ਵਿੱਚ ਤੇਲ ਲਾਉਂਦਾ ਚਿੱਟੇ ਰੁੱਖੇ ਵਾਲਾਂ ਦੇ ਚੀਰ ਬਣਾ ਬਣਾ ਕੇ ਜੂੰਆਂ ਕੱਢਦਾ।ਬੀਹੀ ਵਿੱਚ ਲੰਘਦੇ ਲੋਕ ਭਗਤ ਸਿਉਂ ਨੂੰ ਦੇਖਦੇ ਤੇ ਮੁਸਕਰਾ ਕੇ ਅਗਾਂਹ ਲੰਘ ਜਾਂਦੇ।

ਹੁਣ ਪਿੰਡ ਵਾਲਿਆਂ ਨੂੰ ਇਹ ਸਾਰਾ ਕੁਝ ਅਜੀਬ ਨਹੀਂ ਸੀ ਲਗਦਾ।

ਪਰ ਫੇਰ ਵੀ ਕਈ ਵਾਰ ਭਗਤ ਸਿਉਂ ਨੂੰ ਹਾਸੇ ਠੱਠੇ ਨਾਲ ਸਵਾਲ ਕਰ ਦਿੰਦਾ।

"ਬਾਬਾ ਐਨਾ ਮੋਹ ?... ਉਹ ਵੀ ਆਵਦੀ ਜਨਾਨੀ ਨਾਲ"

ਤੇ ਭਗਤ ਸਿਉਂ ਹੱਸ ਕੇ ਕਹਿੰਦਾ

"ਪੁੱਤ ਵਿਆਹ ਕੇ ਲਿਆਂਦੀ ਐ। ਮਹਾਰਾਜ ਦੀ ਹਜ਼ੂਰੀ 'ਚ ਵੈਦਾ ਕੀਤਾ ਸੀ... ਨਾਲੇ ਬੱਲਿਆ ਸਾਰੀ ਉਮਰ ਮੇਰੇ ਮੋਢੇ ਨਾਲ ਮੋਢਾ ਲਾ ਕੇ ਦੁੱਖ ਸੁਖ ਕੱਠਿਆਂ ਨੇ ਝੱਲੇ ਨੇ ਹੁਣ ਕਿੱਦਾਂ 'ਕੱਲੀ ਨੂੰ ਛੱਡ ਦਿਆਂ।"

ਸੱਚ ਮੁੱਚ ਉਹਨੇ ਰਤਨੀ ਨੂੰ ਇੱਕ ਪਲ ਵੀ ਇਕੱਲੇ ਨਹੀਂ ਸੀ ਛੱਡਿਆ।ਨਿੱਕੇ ਬਾਲ ਵਾਂਗ ਉਹ ਰਤਨੀ ਨੂੰ ਹੱਥਾਂ ਤੇ ਚੁੱਕ ਕੇ ਘੱਗਰੇ ਸਮੇਤ ਨਲਕੇ ਕੋਲ ਬਣੇ ਖੁਰੇ ਵਿੱਚ ਲਿਆ ਕੇ ਬਿਠਾ ਦਿੰਦਾ ਤੇ ਹੌਲੀ ਹੌਲੀ ਪਾਣੀ ਦੀ ਗੜਵੀ ਲੈ ਕੇ ਰਤਨੀ ਨੂੰ ਨੁਹਾਉਂਦਾ... ਪੋਟਿਆਂ ਨਾਲ ਰਤਨੀ ਦੇ ਚਿਹਰੇ ਉੱਪਰ ਸਾਬਣ ਲਾਉਂਦਾ ਤੇ ਗਿੱਲੇ ਕੱਪੜਿਆਂ ਸਣੇ ਚੁੱਕ ਕੇ ਕੋਠੜੀ ਵਿੱਚ ਲੈ ਜਾਂਦਾ।

ਕਈ ਵਾਰ ਪਿੰਡ ਦੀ ਕੋਈ ਬੁੜ੍ਹੀ ਕੁੜੀ ਖੁਸਰ ਫੁਸਰ ਕਰਦੀ

"ਹਾਆਹਹ ਨੀ ਕੱਲ੍ਹ ਰਾਤੀ ਵਿਹੜੇ 'ਚ ਇੱਕੋ ਮੰਜੇ ਤੇ ...."

"ਫਿੱਟੇ ਮੂੰਹ ਇਸ ਉਮਰੇ"

ਆਪਸ ਵਿੱਚ ਗੱਲ ਕਰਕੇ ਹੱਸਦੀਆਂ ਕੁੜੀਆਂ ਲੋਟ ਪੋਟ ਹੋ ਜਾਂਦੀਆਂ।

ਪਰ ਉਹ ਦੋਵੇਂ ਪਿੰਡ ਦੇ ਲੋਕਾਂ ਤੋਂ ਬੇਖ਼ਬਰ ਇੱਕ ਦੂਜੇ ਦਾ ਹੱਥ ਫੜ ਕੇ ਮੌਤ ਵੱਲ ਨੂੰ ਨਿੱਕੇ ਨਿੱਕੇ ਕਦਮ ਪੁੱਟਦੇ ਤੁਰੇ ਜਾ ਰਹੇ ਸਨ।

ਤੇ ਹੁਣ ਚਿੱਟੇ ਰਿਬਨਾਂ ਵਾਲੀ ਕੁੜੀ ਨੂੰ ਮੁਹੱਬਤ ਦੇ ਮਾਅਨੇ ਸਮਝ ਆਉਣ ਲੱਗ ਪਏ ਸੀ। ਹੁਣ ਵੀ ਉਹ ਕਦੇ ਕਦਾਈਂ ਭਗਤ ਸਿਉਂ ਦੀ ਹਵੇਲੀ ਦਾ ਦਰਵਾਜ਼ਾ ਲੰਘ ਕੇ ਦੋਵਾਂ ਦੇ ਕੋਲ ਆ ਬੈਠਦੀ ਭਗਤ ਸਿਉਂ ਦੀ ਬਾਲੋ ਹੁਣ ਉਹਨੂੰ ਖ਼ੂਬਸੂਰਤ ਲੱਗਣ ਲੱਗ ਪਈ ਸੀ ਉਨ੍ਹਾਂ ਕੋਲ ਬੈਠੀ ਉਹ ਅਕਸਰ ਸੋਚਦੀ।

"ਮੁਹੱਬਤ ਹੋਵੇ ਤਾਂ ਅਜਿਹੀ ਜਿਹੜੀ ਹੱਡਾਂ ਨਾਲ ਜਾਵੇ... ਬੱਸ ਸੁੱਚੜੇ ਇਸ਼ਕ ਦੀ ਪੀਂਘ ਇੱਕ ਵਾਰ ਅਸਮਾਨੀ ਉੱਡੇ ਤਾਂ ਮੁੜ ਕਦੇ ਨਾ ਲੱਥੇ"

"ਬਾਬਾ ਜੀ ਮਾਂਜੀ ਵੀ ਤੁਹਾਨੂੰ ਐਨਾ ਹੀ ਪਿਆਰ ਕਰਦੀ ਐ"

ਇੱਕ ਦਿਨ ਉਹਨੇ ਭਗਤ ਸਿਉਂ ਨੂੰ ਪੁੱਛ ਲਿਆ ਸੀ।

"ਬੱਗਿਆ ਮੈਂ ਤੇਰੀ ਮਾਂਜੀ ਨੂੰ ਕਦੇ ਪੁੱਛਿਆ ਈ ਨਈਂ... ਨਾਲੇ ਪੁੱਤਰਾ ਪਿਆਰ ਪੁੱਛਣ ਦੱਸਣ ਵਾਲੀ ਚੀਜ਼ ਨਈ ਹੁੰਦੀ। ਇਹ ਤਾਂ ਜਦ ਹੋ ਗਿਆ ਬੱਸ ਹੋ ਗਿਆ"

ਤੇ ਸ਼ਾਇਦ ਉਹ ਆਖ਼ਰੀ ਦਿਨ ਸੀ ਜਦੋਂ ਭਗਤ ਸਿਉਂ ਨੇ ਲੰਬੀ ਹੇਕ ਲਾਈ ਸੀ।

"ਨਲਕੇ ਤੋਂ ਜੱਗ ਭਰੀਏ
ਜਿਨ੍ਹਾਂ ਨਾਲ ਲਾ ਲਈਆਂ
ਉਨ੍ਹਾਂ ਪਿੱਛੇ ਲੱਗ ਮਰੀਏ"

ਇੱਕ ਰਾਤ ਪਿੰਡ ਦੇ ਕੁੱਤਿਆਂ ਦਾ ਝੁੰਡ ਤਰਕਾਲਾਂ ਵੇਲੇ ਭਗਤ ਸਿਉਂ ਦੀ ਗਲੀ ਵਿੱਚ ਦੀ ਲੰਘਿਆ।

ਆਲ਼ੇ ਦੁਆਲੇ ਦੇ ਘਰਾਂ ਦੀਆਂ ਔਰਤਾਂ ਆਪੋ ਆਪਣੇ ਘਰਾਂ ਵਿੱਚੋਂ ਬਾਹਰ ਆ ਗਈਆਂ।ਆਉਣ ਵਾਲੇ ਮਾੜੇ ਵੇਲੇ ਦੀ ਕਾਲਖ ਵਾਤਾਵਰਨ ਵਿੱਚ ਘੁਲਦੀ ਜਾ ਰਹੀ ਸੀ।

"ਹੁਣ ਤੇ ਵਿਚਾਰੀ ਨੂੰ ਚੱਕ ਲਾ ਰੱਬਾ"

ਕੋਈ ਕੋਈ ਸਿਆਣਾ ਬੋਲ ਪਿੰਡ ਦੀ ਹਵਾ ਵਿੱਚ ਉੱਡ ਕੇ ਗੁਆਚ ਜਾਂਦਾ।

"ਬਾਬਾ ਤਾਂ ਰੋ ਰੋ ਮਰ ਜੂ"

ਕੋਈ ਨਿਆਣੀ ਬੁੱਧੀ ਵਾਲਾ ਹੱਸ ਹੱਸ ਦੂਹਰਾ ਹੋ ਜਾਂਦਾ।

ਅੱਧੀ ਕੁ ਰਾਤ ਨੂੰ ਭਗਤ ਸਿਉਂ ਦੀ ਹਵੇਲੀ ਵਿੱਚੋਂ ਵਾਹਗੁਰੂ ਵਾਹਗੁਰੂ ਦੀਆਂ ਅਵਾਜ਼ਾਂ ਹਵੇਲੀ ਦੀਆਂ ਕੰਧਾਂ ਪਾੜ ਕੇ ਬੀਹੀ ਤੱਕ ਫੈਲ ਗਈਆਂ।ਘੜੀ ਪਲ 'ਚ ਸਾਰੇ ਪਿੰਡ ਨੂੰ ਖਬਰ ਹੋ ਗਈ। ਜਿਉਂ ਜਿਉਂ ਲੋਕਾਂ ਨੂੰ ਪਤਾ ਲਗਦਾ ਗਿਆ। ਭਗਤ ਸਿਉਂ ਦੀ ਹਵੇਲੀ ਤਾਂ ਕੀ ਸਾਰੀ ਦੀ ਸਾਰੀ ਬੀਹੀ 'ਚ ਲੋਕ ਆਣ ਕੇ ਖੜੇ ਹੋ ਗਏ।

ਰਤਨੀ ਨੂੰ ਹੱਥਾਂ 'ਚ ਚੁੱਕ ਕੇ ਬੈਠਾ ਭਗਤ ਸਿਉਂ ਅਜੇ ਵੀ ਉੱਚੀ-ਉੱਚੀ ਵਾਹਿਗੁਰੂ ਵਾਹਗੁਰੂ ਕਰ ਰਿਹਾ ਸੀ।

ਲੋਕ ਹੈਰਾਨ ਸਨ।ਕੁਝ ਸਿਆਣਿਆਂ ਨੇ ਅਗਾਂਹ ਵੱਧ ਕੇ ਜ਼ਮੀਨ ਤੇ ਚਿੱਟੀ ਚਾਦਰ ਵਿਛਾਈ ਤੇ ਰਤਨੀ ਦੀ ਲਾਸ਼ ਨੂੰ ਭਗਤ ਸਿਉਂ ਦੀ ਗੋਦੀ ਵਿੱਚੋਂ ਚੁੱਕ ਕੇ ਚਾਦਰ ਉੱਪਰ ਲਿਟਾ ਦਿੱਤਾ।

ਲੋਕ ਹੈਰਾਨ ਸਨ।ਭਗਤ ਸਿਉਂ ਦੀ ਅੱਖ ਵਿੱਚੋਂ ਇੱਕ ਵੀ ਹੰਝੂ ਨਹੀਂ ਸੀ ਵਗਿਆ। ਰਾਤ ਪਤਾ ਨਹੀਂ ਕਿਵੇਂ ਲੰਘੀ। ਚੜ੍ਹਦੀ ਸਵੇਰ ਪਿੰਡ ਵਾਲਿਆਂ ਨੇ ਬਾਲਣ ਇਕੱਠਾ ਕਰ ਕੇ ਸਿਵਿਆਂ ਵਿੱਚ ਲਿਜਾ ਰੱਖਿਆ ਸੀ। ਤੇ ਪਿੰਡ ਦੀਆਂ ਔਰਤਾਂ ਰਤਨੀ ਨੂੰ ਇਸ਼ਨਾਨ ਕਰਾਉਣ ਆ ਖੜੀਆਂ ਹੋਈਆਂ।

ਭਗਤ ਸਿਉਂ ਅਜੇ ਵੀ ਰਤਨੀ ਦੀ ਲਾਸ਼ ਕੋਲ ਬੈਠਾ ਪਾਠ ਕਰੀ ਜਾ ਰਿਹਾ ਸੀ।

"ਪੁੱਤ ਮੈਂ ਇਹ ਸਾਰੇ ਰਵਾਜ ਨਈ ਮੰਨਦਾ। ਨਾਲੇ ਹੁਣ ਤਾਡੀ ਮਾਂ ਨੂੰ ਕਿਸੇ ਇਸ਼ਨਾਨ ਦੀ ਲੋੜ ਨਈਂ"

ਆਂਢ ਗੁਆਂਢ ਹੈਰਾਨ ਸੀ ਦਿਨ ਚੜ੍ਹਦੇ ਹੀ ਰਤਨੀ ਦੀ ਦੇਹ ਨੂੰ ਇਸ਼ਨਾਨ ਕਰਾ ਕੇ ਚਿੱਟਾ ਘੱਗਰਾ, ਕੁੜਤੀ ਤੇ ਦੁੱਧ ਚਿੱਟੇ ਅਣਲੱਗ ਦੁਪੱਟੇ ਨਾਲ ਸ਼ਿੰਗਾਰ ਕੇ ਭਗਤ ਸਿਉਂ

ਸੁਰਖ਼ਰੂ ਹੋ ਕੇ ਬਹਿ ਗਿਆ ਸੀ। ਪਿੰਡ ਦੇ ਲੋਕ ਕੋਲ ਆ ਕੇ ਬੈਠਦੇ ਅਫ਼ਸੋਸ ਕਰਦੇ ਤੇ ਸੋਚਦੇ ਭਗਤ ਸਿਉਂ ਹੁਣ ਵੀ ਰੋਇਆ ਹੁਣ ਵੀ ਰੋਇਆ ਪਰ ਭਗਤ ਸਿਉਂ ਦੀ ਅੱਖ ਗਿੱਲੀ ਤੱਕ ਨਹੀਂ ਸੀ ਹੋਈ।

ਰਿਸ਼ਤੇਦਾਰ ਧੀਆਂ ਪੁੱਤਾਂ ਨੂੰ ਸੱਦੇ ਦਿੱਤੇ ਗਏ ਅਰਥੀ ਚੁੱਕਣ ਦੀ ਤਿਆਰੀ ਹੋਈ ਤੇ ਅਚਾਨਕ ਬੀਹੇ ਦੇ ਮੋੜ ਤੇ ਨਾਲ ਦੇ ਪਿੰਡੋਂ ਸੱਦੇ ਬਾਜੇ ਵਾਲੇ ਆ ਖੜੇ ਹੋਏ।ਪਿੰਡ ਦੇ ਲੋਕਾਂ ਦੇ ਮੂੰਹ ਟੱਡੇ ਰਹਿ ਗਏ ਸਨ।ਪਿੰਡ 'ਚ ਕੋਈ ਵਿਆਹ ਨਹੀਂ ਸੀ। ਕੋਈ ਖ਼ੁਸ਼ੀ ਦਾ ਮਹੌਲ ਨਹੀਂ ਸੀ। ਇੱਕ ਪਾਸੇ ਇੱਕ ਲਾਸ਼ ਤੇ ਚਹੁੰ ਕਦਮਾਂ ਤੇ ਵੱਜ ਰਹੇ ਬਾਜੇ ਸੁਣ ਕੇ ਲੋਕਾਂ ਦਾ ਹੈਰਾਨ ਹੋਣਾ ਬਣਦਾ ਸੀ।

ਹਵੇਲੀ ਵਿੱਚੋਂ ਅਰਥੀ ਉੱਠੀ, ਭੀੜ ਵਿੱਚੋਂ ਕਈਆਂ ਦੇ ਰੋਣ ਦੀ ਆਵਾਜ਼ ਆਈ। ਅਰਥੀ ਦੇ ਨਾਲ ਨਾਲ ਤੁਰਿਆ ਜਾ ਰਿਹਾ ਭਗਤ ਸਿਉਂ ਅਚਾਨਕ ਖੜ ਗਿਆ। ਔਰਤਾਂ ਦੀ ਭੀੜ ਵੱਲ ਦੇਖਦੇ ਨੇ ਸਭ ਨੂੰ ਚੁੱਪ ਰਹਿਣ ਲਈ ਕਿਹਾ।

"ਨਾ ਨਾ ਪੁੱਤ ਕਿਸੇ ਨੇ ਨਈ ਰੋਣਾ... ਪੁੱਤ ਤਾਡੇ ਰੋਣ ਨਾਲ ਰਤਨੀ ਦੀ ਰੂਹ ਨੂੰ ਦੁੱਖ ਹੋਊ... ਬੱਸ ਸਾਰੇ ਵਾਹਗੁਰੂ ਵਾਹਗੁਰੂ ਕਰੋ"

ਰੋਂਦੀਆਂ ਬੁੜੀਆਂ ਕੁੜੀਆਂ ਚੁੱਪ ਹੋ ਗਈਆਂ।

ਭਗਤ ਸਿਉਂ ਦੀ ਹਵੇਲੀ ਤੋਂ ਲੈ ਕੇ ਸਿਵਿਆਂ ਤੱਕ ਜਾਂਦੇ ਹਜੂਮ ਵਰਗਾ ਦ੍ਰਿਸ਼ ਲੋਕਾਂ ਨੇ ਪਹਿਲਾਂ ਕਦੇ ਵੀ ਨਹੀਂ ਸੀ ਦੇਖਿਆ। ਮੂਹਰੇ ਮੂਹਰੇ ਬਰਾਤ ਵਾਂਗ ਸਜਿਆ ਬੈਂਡ ਪਿੱਛੇ ਰਤਨੀ ਦੀ ਅਰਥੀ ਤੇ ਮਗਰ ਸਾਰੇ ਦਾ ਸਾਰਾ ਪਿੰਡ।ਅਜਿਹੀ ਅਰਥੀ ਪਹਿਲਾਂ ਕਿਸੇ ਨੇ ਨਹੀਂ ਸੀ ਦੇਖੀ।

ਸਿਵਿਆਂ ਦੇ ਅੰਦਰ ਲੱਕੜਾਂ ਤੇ ਪਾਥੀਆਂ ਨਾਲ ਚਿਣੀ ਹੋਈ ਚਿਖਾ ਨੂੰ ਦੇਖ ਕੇ ਬੈਂਡ ਵਾਲਿਆਂ ਦੀ ਧੁੰਨ ਉਦਾਸ ਜਿਹੀ ਹੋ ਕੇ ਆਪੇ ਚੁੱਪ ਹੋ ਗਈ ਸੀ ਤੇ ਭਗਤ ਸਿਉਂ ਤੇ ਉਹਦੇ ਮਗਰ ਖੜੇ ਲੋਕਾਂ ਦੇ ਕੰਠ ਵਿੱਚੋਂ ਵਾਹਿਗੁਰੂ ਦੇ ਜਾਪ ਦੀ ਆਵਾਜ਼ ਹੋਰ ਵੀ ਉੱਚੀ ਹੋ ਗਈ ਸੀ।

ਪਿੰਡ ਦੀ ਹਵਾ ਵਿੱਚ ਵਾਹਿਗੁਰੂ ਵਾਹਿਗੁਰੂ ਦਾ ਜਾਪ ਪਿੰਡ ਦੀ ਹਵਾ ਵਿੱਚ ਘੁਲ ਕੇ ਸਿਵਿਆਂ 'ਚ ਵੱਸਦੀਆਂ ਰੂਹਾਂ ਨੂੰ ਛੂਹ ਰਿਹਾ ਸੀ।

ਰਤਨੀ ਦਾ ਸਿਵਾ ਬਲਦਾ ਰਿਹਾ। ਭਗਤ ਸਿਉਂ ਦੀ ਅੱਖ ਵਿੱਚੋਂ ਇੱਕ ਵੀ ਹੰਝੂ ਨਹੀਂ ਕਿਰਿਆ।ਧੀਆਂ ਪੁੱਤਾਂ ਨੇ ਬਾਪ ਦੇ ਗੱਲ ਲੱਗ ਕੇ ਰੋਣਾ ਚਾਹਿਆ ਤਾਂ ਉਹ ਕਹਿ ਦਿੰਦਾ।

"ਨਾ ਸ਼ੇਰਾ ਆਪਣੀ ਮਾਂ ਦੀ ਰੂਹ ਨੂੰ ਤਕਲੀਫ਼ ਨਹੀਂ ਦੇਣੀ, ਮਸਾਂ ਸੁੱਤੀ ਐ... ਸੌਣ ਦਿਉ ਆਵਦੀ ਮਾਂ ਨੂੰ।"

ਸਿਵਾ ਠੰਡਾ ਹੋਣ ਤੱਕ ਭਗਤ ਸਿਉਂ ਕੋਲ ਬੈਠਾ ਰਿਹਾ।

ਸਾਰਾ ਪਿੰਡ ਚੁੱਪ ਸੀ।

ਤੇ ਹੁਣ ਉਹ ਤੇ ਉਹਦੀ ਕਲਮ ਵੀ ਖ਼ਾਮੋਸ਼ ਸਨ ਪਰ ਰੂਹ ਅਜੇ ਵੀ ਭਗਤ ਸਿਉਂ ਦੀ ਹਵੇਲੀ ਵਿੱਚ ਭਟਕ ਰਹੀ ਸੀ।

"ਨੀ ਦੱਸ ਫੇਰ ਕੀ ਹੋਇਐ... ਬਾਲੋ ਤੋਂ ਬਿਨਾ ਮਾਹੀਆ ਕਿੰਜ ਜਿਉਂਦਾ ਰਹਿ ਗਿਐ ?"

ਅਖੀਰ ਕਲਮ ਨੇ ਚੁੱਪ ਤੋੜੀ।

ਤੇ ਉਹ ਜਿਵੇਂ ਨੀਂਦ ਤੋਂ ਜਾਗੀ ਉਹਨੇ ਆਪਣੇ ਆਲ਼ੇ ਦੁਆਲੇ ਤੱਕਿਆ। ਉਹਦੇ ਘਰ ਦੇ ਕੋਨੇ ਵਿੱਚ ਵਸਿਆ ਉਹਦਾ ਨਿੱਕਾ ਜਿਹਾ ਪਿੰਡ ਤੇ ਉਹੀ ਮਾਂ ਦੀ ਦਿੱਤੀ ਮਸ਼ੀਨ ਤੇ ਮਸ਼ੀਨ ਦੇ ਆਲ਼ੇ ਦੁਆਲੇ ਖੜੇ ਗੁੱਡੇ ਗੁੱਡੀਆਂ ਜਿਵੇਂ ਇੱਕੋ ਝਟਕੇ 'ਚ ਸਾਹ ਵਿਹੂਣੇ ਹੋ ਗਏ ਹੋਣ।

"ਨਾ ਨੀ ਉਸ ਦਿਨ ਸਿਰਫ਼ ਬਾਲੋ ਹੀ ਨਹੀਂ ਮੁੱਕੀ... ਉਸ ਦਿਨ ਤੋਂ ਬਾਅਦ ਭਗਤ ਸਿਉਂ ਦੀ ਹਵੇਲੀ ਵਿੱਚੋਂ ਕਦੇ ਕਿਸੇ ਨੇ ਬਾਲੋ ਮਾਹੀਏ ਦੇ ਟੱਪਿਆ ਦੀ ਆਵਾਜ਼ ਨਹੀਂ ਸੁਣੀ। ਉਹਦੇ ਪ੍ਰਾਣ ਤਾਂ ਬਾਲੋਂ ਦੇ ਨਾਲ ਹੀ ਚਲੇ ਗਏ ਸਨ। ਪਿੱਛੇ ਤਾਂ ਇੱਕ ਬੁੱਤ ਰਹਿ ਗਿਆ ਸੀ ਤੇ ਅਜੇ ਰਤਨੀ ਦਾ ਤੇਰ੍ਹਾਂ ਵੀ ਨਹੀਂ ਸੀ ਮਨਾਇਆ ਇੱਕ ਰਾਤ ਚੁੱਪ ਚੁਪੀਤਾ ਭਗਤ ਸਿਉਂ ਵੀ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ।

"ਕਹਿੰਦੇ ਨੇ ਆਖਰੀ ਵਾਰ ਉਹਨੇ ਰਤਨੀ ਨੂੰ ਵਾਜ ਮਾਰੀ ਸੀ ਤੇ ਕੁਝ ਪਲਾਂ 'ਚ ਉਹਦੇ ਸਾਹਾਂ ਦੀ ਡੋਰ ਟੁੱਟ ਗਈ ਸੀ।"

ਉਹਦੇ ਬੋਲਾਂ ਦੀ ਨਮੀ ਕਲਮ ਦੀ ਸਿਆਹੀ 'ਚ ਘੁਲ ਕੇ ਚਾਰੇ ਪਾਸੇ ਪਸਰ ਗਈ ਜਾਪੀ।

"ਮਾਫ ਕਰੀਂ ਅੜੀਏ... ਮੈਨੂੰ ਨਹੀਂ ਸੀ ਪਤਾ ਕਿ ਮੁਹੱਬਤ ਦਾ ਇਹ ਰੂਪ ਵੀ ਹੁੰਦੈ। ਤੂੰ ਸੱਚ ਆਂਹਦੀ ਸੈਂ ...ਚੰਨ ਤਾਰਿਆਂ ਨਾਲ ਹੀ ਇਸ਼ਕ ਨਹੀਂ ਹੁੰਦਾ, ਇਹ ਤਾਂ ਚਿੱਕੜ 'ਚ ਵੀ ਪੈਦਾ ਹੋ ਸਕਦੈ ..."

ਕਲਮ ਦੀ ਅੱਖ ਵਿੱਚੋਂ ਇੱਕ ਹੰਝੂ ਨਿੱਕਲ ਕੇ ਕਾਗਜ਼ ਦੀ ਹਿੱਕ ਤੇ ਫੈਲ ਗਿਆ।

ਹੁਣ ਉਹ ਦੋਵੇਂ ਚੁੱਪ ਸਨ ਮਸਾਣਾਂ 'ਚ ਧੁਖਦੀ ਅੱਗ ਵਾਂਗ ਉਨ੍ਹਾਂ ਦੇ ਅੰਦਰੀਂ ਵੀ ਕੁਝ ਧੁਖ ਰਿਹਾ ਸੀ।

ਉਨ੍ਹਾਂ ਦੋਵਾਂ ਕੋਲ ਜਿਵੇਂ ਸ਼ਬਦ ਮੁੱਕ ਗਏ ਸਨ, ਪਰ ਰੂਹ ਅਜੇ ਵੀ ਭਗਤ ਸਿਉਂ ਦੀ ਹਵੇਲੀ ਦੇ ਬੂਹੇ 'ਚ ਅੱਖਾਂ ਗੱਡੀ ਖੜੀ ਸੀ, ਜਿੱਥੇ ਚਿੱਟੇ ਰਿਬਨਾਂ ਵਾਲੀ ਕੋਠੀ ਵਾਲੇ ਸਰਦਾਰ ਦੀ ਪੋਤੀ ਮੰਜੇ ਨਾਲ ਜੁੜੀ ਬਿਮਾਰ ਰਤਨੀ ਦੇ ਚਿਹਰੇ ਵਿੱਚੋਂ ਕਿਸੇ ਪਰੀ ਦੇ ਨਕਸ਼ ਲੱਭ ਰਹੀ ਸੀ ਤੇ ਘਸਮੈਲ਼ੇ ਕੱਪੜਿਆਂ ਵਾਲਾ ਸੂਫ਼ੀ ਜਿਹਾ ਬਾਬਾ ਭਗਤ ਸਿਉਂ ਕਦੇ ਰਤਨੀ ਦੇ ਸਿਰ ਦੀਆਂ ਜੂੰਆਂ ਕੱਢਦਾ, ਕਦੇ ਘੁੱਟ ਘੁੱਟ ਕਰਕੇ ਪਾਣੀ ਪਿਆਉਂਦਾ, ਉੱਚੀ ਹੇਕ ਨਾਲ ਗਾਉਣ ਲੱਗ ਪੈਂਦਾ ਸੀ ...।

ਗੱਡੀ ਆਈ ਏ ਟੇਸ਼ਣ ਤੇ  
ਪਿੱਛੇ ਹਟ ਵੇ ਬਾਬੂ  
ਮੈਨੂੰ ਮਾਹੀਆ ਦੇਖਣ ਦੇ  
ਪਿੱਛੇ ਹਟ ਵੇ ਬਾਬੂ  
ਵੇ ਮੈਨੂੰ ਬਾਲੋ ਦੇਖਣ ਦੇ...  
ਵੇ ਮੈਨੂੰ ਬਾਲੋ ਦੇਖਣ ਦੇ...

***

ਕਹਾਣੀ

# ਤੂੰ ਆਪ ਸਮਝ

**-ਬਲਦੇਵ ਸਿੰਘ ਢੀਂਡਸਾ**

ਰਾਤ ਦੇ ਦਸ ਕੁ ਵੱਜੇ ਹਨ। ਕਰੋਨਾ ਵਾਇਰਸ ਨਾਲ਼ ਲੜਨ ਹਿੱਤ ਲੱਗੇ ਕਰਫਿਊ ਕਾਰਨ ਅੰਦਰ ਬੈਠੇ ਨੂੰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਇੰਟਰਨੈੱਟ ਅਤੇ ਫ਼ੂਨ ਦੀ ਵਰਤੋਂ ਵਧ ਗਈ ਹੈ। ਹੁਣ ਵੀ ਇਕ ਮਿੱਤਰ ਪਿਆਰੇ ਨਾਲ਼ ਕਾਫ਼ੀ ਚਿਰ ਗੱਲਬਾਤ ਹੋ ਕੇ ਹਟੀ ਹੈ। ਸੌਣ ਦੀ ਤਿਆਰੀ 'ਚ ਫ਼ੂਨ ਨੂੰ ਸਾਈਲੈਂਟ ਮੋਡ ਤੇ ਲਾ ਰਿਹਾ ਹਾਂ। ਸਕਰੀਨ ਤੇ ਕੇ. ਰਾਣਾ ਨਾਂ ਚਮਕਿਆ ਹੈ। ਝੱਟ ਦੇਣੀ ਆਨ ਕਰਕੇ ਕੰਨ ਨੂੰ ਲਾ ਕੇ 'ਹੈਲੋ' ਆਖਿਆ ਹੈ।

"ਹੈਲੋ ਅੰਕਲ ਮੈਂ ਮਿਸਿਜ਼ ਰਾਣਾ ਬੋਲਦੀ ਹਾਂ ਗੁਰਾਇਆ ਤੋਂ। ਅੰਕਲ ਇਹਨਾਂ ਨੂੰ ਕੁਝ ਹੋ ਗਿਆ ਹੈ। ਇਹ ਬੈਠੇ ਬੈਠੇ ਕੁਰਸੀ ਤੋਂ ਡਿੱਗ ਪਏ ਨੇ। ਇਹ ਆਪਣੇ...।"

ਮੈਨੂੰ ਲਗਦਾ ਘਬਰਾਈ ਹੋਈ ਰਾਣਾ ਦਾ ਫ਼ੂਨ ਵੀ ਡਿੱਗ ਪਿਆ ਹੈ। 'ਖੜਕ' ਦੀ ਆਵਾਜ਼ ਤੋਂ ਮਗਰੋਂ ਇਹ ਬੰਦ ਹੋ ਗਿਆ ਹੈ।

'ਇਹਨਾਂ ਨੂੰ ਕੁਝ ਹੋ ਗਿਆ ਹੈ।' ਘਬਰਾਈ ਰਾਣਾ ਦੇ ਬੋਲ ਮੇਰੇ ਸਿਰ 'ਚ ਘੁੰਮੀ ਜਾ ਰਹੇ ਹਨ।

'ਇਹਨਾਂ ਤੋਂ' ਮਤਲਬ ਡਾ. ਹਰਮੇਲ ਸਿੰਘ 'ਰਾਣਾ'। ਜਾਣੀ 'ਰਾਣਾ ਹੌਸਪੀਟਲ' ਦੇ ਮਾਲਕ।

ਮੈਂ ਡਾਕਟਰ ਰਾਣੇ ਦਾ ਨੰਬਰ ਲਾਉਂਦਾ ਹਾਂ। ਇਹ ਵੀ ਬੰਦ ਹੈ। ਫਿਰ ਮਿਸਿਜ਼ ਰਾਣਾ ਦੇ ਫ਼ੂਨ 'ਤੇ ਲਾਉਂਦਾ ਹਾਂ। ਇਹ ਵੀ ਚੁੱਪ ਹੈ।

ਜੇ ਕਰਫਿਊ ਨਾ ਹੁੰਦਾ ਤਾਂ ਮੈਂ ਗੱਡੀ ਕੱਢਣੀ ਸੀ ਤੇ ਵੀਹ-ਪੱਚੀ ਮਿੰਟ 'ਚ 'ਰਾਣਾ ਹੌਸਪੀਟਲ' ਪਹੁੰਚ ਜਾਣਾ ਸੀ। ਰਸਤੇ ਵਿਚ ਪੈਂਦੇ ਦੋ ਜਬਰਦਸਤ ਨਾਕਿਆਂ ਦੀ ਪੁੱਛ ਪੜਤਾਲ ਮੇਰਾ ਰਾਹ ਰੋਕ ਰਹੀ ਹੈ। ਉਸ ਤਰ੍ਹਾਂ ਮੈਂ ਖ਼ੁਦ ਵੀ ਕਾਨੂੰਨ ਦੀ ਉਲੰਘਣਾ ਕਰਨੀ ਠੀਕ ਨਹੀਂ ਸਮਝਦਾ।

ਰਾਣਾ ਫਿਰ ਫ਼ੂਨ ਕਰੂੰਗੀ ਇਹ ਮੈਨੂੰ ਪੱਕੀ ਆਸ ਹੈ। ਇਸੇ ਆਸ ਨਾਲ਼ ਮੈਂ ਬਿਸਤਰ 'ਤੇ ਪੈ ਗਿਆ ਹਾਂ। ਅੱਖਾਂ ਮੀਟ ਲਈਆਂ ਹਨ ਪਰ ਮਨ ਨੇ ਅੱਖਾਂ ਖੋਲ੍ਹ ਲਈਆਂ ਹਨ। ਇਹ ਕਈ ਵਰ੍ਹੇ ਪਿਛਾਂਹ ਝਾਕਣ ਲੱਗ ਪਿਆ ਹੈ-

ਮੈਨੂੰ ਫਗਵਾੜੇ ਦੇ ਬਾਹਰਵਾਰ ਜੀ.ਟੀ. ਰੋਡ ਤੇ ਪੈਂਦੇ 'ਰਤਨ ਹੌਸਪੀਟਲ' ਵਿਚ ਦਾਖ਼ਲ ਇਕ ਰਿਸ਼ਤੇਦਾਰ ਕੋਲ਼ ਕੁਝ ਦਿਨ ਰਹਿਣਾ ਪੈ ਗਿਆ ਸੀ। ਉੱਥੇ ਹੀ ਮਿਲਿਆ ਸੀ ਡਾ. ਹਰਮੇਲ ਸਿੰਘ ਰਾਣਾ। ਜੋ ਨਵਾਂ ਨਵਾਂ 'ਰਤਨ ਹੌਸਪੀਟਲ' 'ਚ ਨੌਕਰੀ ਕਰਨ ਲੱਗਾ ਸੀ। ਸੁਨੱਖਾ-ਮਿੱਠ ਬੋਲੜਾ। ਉੱਚਾ ਲੰਮਾ ਪਰ ਪਤਲਾ ਪਤੰਗ। ਚਾਰ ਕੁ ਦਿਨਾਂ ਵਿਚ ਹੀ ਉਹ ਮੇਰੇ ਨਾਲ਼ ਇੰਨਾ ਘੁਲ਼ ਮਿਲ਼ ਗਿਆ ਸੀ ਕਿ ਜਿਵੇਂ ਅਸੀਂ ਮੁੱਦਤ ਤੋਂ ਇਕ ਦੂਜੇ ਨੂੰ ਜਾਣਦੇ ਹੋਈਏ। ਜਿੱਥੇ ਮੈਨੂੰ ਉਸਦਾ ਪਿਆਰ ਸਤਿਕਾਰ ਭਰਿਆ ਵਰਤਾਅ ਪ੍ਰਭਾਵਿਤ ਕਰ ਰਿਹਾ ਸੀ, ਉੱਥੇ ਸ਼ਾਇਦ ਮੇਰਾ ਲੇਖਕ ਹੋਣਾ ਉਸ ਨੂੰ ਚੰਗਾ ਲੱਗ ਰਿਹਾ ਸੀ। ਮੈਂ ਉਸਨੂੰ ਆਪਣਾ ਪਲੇਠਾ

ਕਹਾਣੀ ਸੰਗ੍ਰਹਿ ਭੇਟ ਜੁ ਕਰ ਚੁੱਕਾ ਸੀ। ਉਹ ਫੁਰਸਤ ਦੇ ਪਲਾਂ ਵਿਚ ਮੇਰੇ ਕੋਲ਼ ਆਕੇ ਕਿਸੇ ਨਾ ਕਿਸੇ ਕਹਾਣੀ ਦੀ ਚਰਚਾ ਕਰ ਜਾਂਦਾ। ਸਿੱਟਾ ਇਹ ਹੋਇਆ ਕਿ ਮੈਂ ਵੀ ਦੁਆਈ ਦਾਰੂ ਲੈਣ 'ਰਤਨ ਹਸਪਤਾਲ' ਜਾਣ ਲੱਗ ਪਿਆ। ਮੈਂ ਇਕ ਦੋ ਵਾਰ ਗੁਰਾਇਆ ਉਸਦੇ ਘਰ ਵੀ ਜਾ ਆਇਆ ਸੀ। ਗੱਲ ਕੀ ਉਮਰ ਦੇ ਪਾੜੇ ਦੇ ਬਾਵਜੂਦ ਸਾਡੀ ਗੱਲਬਾਤ ਦਾ ਪੱਧਰ ਦੋਸਤੀ ਮੇਚ ਦਾ ਹੋ ਗਿਆ। ਉਹ ਮੈਨੂੰ ਅੰਕਲ ਕਹਿਕੇ ਬੁਲਾਉਂਦਾ ਤੇ ਮੈਂ ਉਸਨੂੰ ਰਾਣਾ ਜਾਂ ਰਾਣੇ ਆਖਦਾ। ਬਿਨਾਂ ਕੰਮ ਤੋਂ ਵੀ ਮੈਂ ਲੰਘਦੇ ਵੜਦੇ ਉਸਨੂੰ ਮਿਲ਼ ਆਉਣਾ।

ਇਕ ਵਾਰੀ ਮੈਂ ਜਲੰਧਰੋਂ ਆ ਰਿਹਾ ਸੀ। ਦਿਲ ਕੀਤਾ ਰਾਣੇ ਨੂੰ ਮਿਲ਼ ਹੀ ਜਾਂਦਾ ਹਾਂ। ਹਸਪਤਾਲ ਮੂਹਰੇ ਗੱਡੀ ਰੋਕ ਟਾਇਮ ਦੇਖਿਆ ਤਾਂ ਰਾਣੇ ਹੁਰਾਂ ਦੀ ਲੰਚ ਬ੍ਰੇਕ ਦਾ ਸਮਾਂ ਸੀ। ਜਿਸ ਦਾ ਮਤਲਬ ਰਾਣਾ ਬੇਸਮਿੰਟ ਵਿਚ ਆਪਣੇ ਕਮਰੇ ਵਿਚ ਹੋਵੇਗਾ। ਮੈਂ ਕਮਰੇ ਨੂੰ ਸਿੱਧਾ ਹੋ ਤੁਰਿਆ। ਕਮਰੇ 'ਚ ਰਾਣੇ ਨਾਲ਼ ਖ਼ੂਬਸੂਰਤ, ਲੰਮੀ ਝੰਮੀ ਭਰਮੇ ਅੰਗਾਂ ਵਾਲ਼ੀ ਲੜਕੀ ਬੈਠੀ ਖਾਣਾ ਖਾ ਰਹੀ ਸੀ। ਖਾਣਾ ਲਗਪਗ ਖ਼ਤਮ ਹੀ ਸੀ। ਮੈਨੂੰ ਦੇਖਕੇ ਦੋਨੋ ਉੱਠ ਖੜ੍ਹੇ ਹੋ ਗਏ। ਸਤਿ ਸ਼੍ਰੀ ਅਕਾਲ ਦਾ ਅਦਾਨ ਪ੍ਰਦਾਨ ਹੋਇਆ।

"ਅੰਕਲ ਜੀ ਤੁਸੀਂ ਦਸ ਮਿੰਟ ਪਹਿਲਾ ਫ਼ੂਨ ਕਰ ਦਿੰਦੇ। ਆਪਾਂ ਲੰਚ ਇਕੱਠੇ ਕਰਦੇ।" ਰਾਣੇ ਨੇ ਬੜੀ ਅਪਣੱਤ ਨਾਲ਼ ਆਖ਼ਿਆ ਸੀ।

"ਕੋਈ ਨੀ ਪੁੱਤਰਾ ਤੁਸੀਂ ਖਾਣਾ ਖਾ ਲਿਆ ਸਮਝੋ ਮੈਂ ਖਾ ਲਿਆ। ਚਾਹ 'ਕੱਠੇ ਪੀ ਲੈਂਦੇ ਹਾਂ। ਮੈਂ ਜਲੰਧਰੋਂ ਆਇਆ ਹਾਂ। ਲੰਘਣ ਲੱਗੇ ਦੇ ਖਿਆਲ 'ਚ ਆਇਆ ਬਈ ਡਾਕਟਰ ਸਾਬ੍ਹ ਨੂੰ ਮਿਲ਼ਿਆ ਕਾਫ਼ੀ ਚਿਰ ਹੋ ਗਿਆ, ਅੱਜ ਮਿਲ਼ ਹੀ ਚਲਦੇ ਹਾਂ।" ਮੈਂ ਡਾਕਟਰ ਸਾਬ੍ਹ ਆਖਕੇ ਕੁੜੀ ਸਾਹਵੇਂ ਮੁੰਡੇ ਦੀ ਇੱਜ਼ਤ ਵਧਾਉਣ ਦੀ ਕੋਸ਼ਿਸ਼ ਕੀਤੀ ਸੀ।

ਕੁੜੀ ਨੇ ਜੂਠੇ ਭਾਂਡੇ ਚੁੱਕ ਕੇ ਨਾਲ਼ ਬਣੀ ਰਸੋਈ ਵਿਚ ਰੱਖ ਦਿੱਤੇ। ਰਾਣਾ ਵੀ ਉੱਠਿਆ ਤੇ ਸਿੰਕ 'ਤੇ ਹੱਥ ਧੋ ਕੇ ਮੇਰੇ ਕੋਲ਼ ਆਣ ਬੈਠਾ ਸੀ। ਕੁੜੀ ਮੇਰੇ ਲਈ ਪਾਣੀ ਦਾ ਗਿਲਾਸ ਲੈ ਆਈ। ਮੇਰੇ ਮੋਹਰੇ ਪਾਣੀ ਰੱਖਕੇ ਆਪ ਵੀ ਕੁਰਸੀ 'ਤੇ ਬੈਠ ਗਈ। ਰਾਣੇ ਨੇ ਮੇਰੇ ਬਾਰੇ ਕੁੜੀ ਨੂੰ ਦੱਸਿਆ ਅਤੇ ਕੁੜੀ ਨੂੰ ਕਿਹਾ, 'ਕਮਲ ਤੂੰ ਆਪਣੇ ਬਾਰੇ ਆਪ ਦੱਸ।'

"ਅੰਕਲ ਜੀ ਮੇਰਾ ਨਾਂ ਕਮਲਪ੍ਰੀਤ ਕੌਰ ਹੈ। ਆਖਦੇ ਸਾਰੇ ਕਮਲ ਹੀ ਹਨ। ਮੈਂ ਨਰਸਿੰਗ ਕੀਤੀ ਹੈ ਅਤੇ ਛੇ ਕੁ ਮਹੀਨੇ ਤੋਂ ਇੱਥੇ ਜਾਬ ਕਰ ਰਹੀ ਹਾਂ। ਫਗਵਾੜੇ ਮਾਡਲ ਟਾਊਨ ਵਿਚ ਸਾਡਾ ਘਰ ਹੈ।"

"ਮੰਮੀ ਡੈਡੀ ਕੀ ਕਰਦੇ ਹਨ ? ਬਾਕੀ ਪਰਿਵਾਰ ਕੀ ਹੈ ?" ਮੈਂ ਪੁੱਛਿਆ ਸੀ।

"ਅਸੀਂ ਤਿੰਨ ਭੈਣ ਭਰਾ ਹਾਂ। ਵੱਡੇ ਦਾ ਮੈਡੀਕਲ ਸਟੋਰ ਹੈ। ਇੱਥੇ ਫਗਵਾੜਾ ਸ਼ਹਿਰ ਵਿਚ ਹੀ। ਉਹ ਦੋ ਕੁ ਸਾਲ ਤੋਂ ਅਲੱਗ ਰਹਿ ਰਿਹਾ ਹੈ। ਉਸ ਨੇ ਅਰਬਨ ਅਸਟੇਟ ਵਿਚ ਕੋਠੀ ਬਣਾ ਲਈ ਹੈ। ਮੇਰੇ ਕੋਲੋਂ ਛੋਟਾ ਲੁਧਿਆਣੇ ਇੰਜਨੀਅਰਿੰਗ ਕਰ ਰਿਹਾ ਹੈ। ਮੰਮੀ ਘਰੇਲੂ ਕੰਮਕਾਜੀ ਔਰਤ ਹੈ। ਡੈਡੀ ਜੀ ਬੈਂਕ 'ਚ ਜਾਬ ਕਰਦੇ ਹਨ।"

"ਉਹਨਾਂ ਦਾ ਨਾਂ ਕੀ ਹੈ ? ਬੈਂਕ ਕਿਹੜੀ ਹੈ ?" ਮੈਂ ਅਗਲਾ ਸਵਾਲ ਕੀਤਾ ਸੀ।

"ਸਰਦਾਰ ਅਵਤਾਰ ਸਿੰਘ। ਬੈਂਕ ਪੀ.ਐਨ.ਬੀ. ਬੰਗਾ।" ਕਮਲ ਨੇ ਦੱਸਿਆ ਸੀ।

"ਓ ਲੈ ਤੂੰ ਤਾਂ ਆਪਣੀ ਕੁੜੀ ਨਿਕਲ਼ੀ। ਉਹਨਾਂ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ। ਉਹ ਕੈਸ਼ੀਅਰ ਹਨ। ਮੇਰੀ ਉਹਨਾਂ ਨਾਲ਼ ਨੇੜਲੀ ਸਾਂਝ ਹੈ।" ਮੈਂ ਬੜੇ ਮਾਣ ਨਾਲ਼ ਕਿਹਾ ਸੀ।

ਮੈਂ ਸਾਲ ਕੁ ਭਰ ਲਈ ਇੰਗਲੈਂਡ ਚਲਾ ਗਿਆ। ਵਾਪਸੀ ਤੇ ਮੈਂ ਰਾਣੇ ਨੂੰ ਸਰਪਰਾਈਜ਼ ਦੇਣ ਲਈ ਅੰਮ੍ਰਿਤਸਰੋਂ ਆਉਂਦਾ ਰਤਨ ਹੌਸਪੀਟਲ ਰੁਕ ਗਿਆ। ਡਰੱਗ ਸਟੋਰ ਤੇ ਬੈਠੀ ਕਮਲ ਤਾਂ ਮਿਲ਼ ਗਈ ਪਰ ਰਾਣਾ ਨਾ ਮਿਲ਼ਿਆ। ਕਮਲ ਤੋਂ ਪਤਾ ਲੱਗਾ ਕਿ ਉਹ ਛੁੱਟੀ ਤੇ ਹੈ।

ਕਮਲ ਨੂੰ ਡਰੱਗ ਸਟੋਰ 'ਤੇ ਬੈਠਣ ਦਾ ਕਾਰਨ ਪੁੱਛਣ ਤੇ ਉਹ ਬੋਲੀ ਸੀ, "ਅੰਕਲ ਜੀ ਜੋ ਮੇਨ ਮੁੰਡਾ ਡਰੱਗ ਸਟੋਰ ਤੇ ਸੇਲ ਪਰਚੇਜ਼ ਦਾ ਕੰਮ ਕਰਦਾ ਸੀ, ਉਹ ਮਾਲਕਾਂ ਦੀ ਰਿਸ਼ਤੇਦਾਰੀ 'ਚੋਂ ਹੈ। ਮਹੀਨਾ ਕੁ ਪਹਿਲਾ ਉਸਦਾ ਐਕਸੀਡੈਂਟ ਹੋ ਗਿਆ। ਉਸਨੂੰ ਠੀਕ ਹੋਣ ਨੂੰ ਘੱਟੋ ਘੱਟ ਦੋ ਮਹੀਨੇ ਹੋਰ ਲੱਗ ਜਾਣੇ ਹਨ। ਮਾਲਕਾਂ ਨੇ ਉਦੋਂ ਤੱਕ ਇਹ ਡਿਊਟੀ ਮੈਨੂੰ ਦੇ ਦਿੱਤੀ। ਦਵਾਈਆਂ ਸੰਬੰਧੀ ਮੈਨੂੰ ਜਾਣਕਾਰੀ ਤਾਂ ਨਰਸਿੰਗ ਕਰਨ ਤੋਂ ਪਹਿਲਾਂ ਹੀ ਕਾਫ਼ੀ ਸੀ। ਕਿਉਂਕਿ ਮੈਂ ਛੋਟੀ ਹੁੰਦੀ ਹੀ ਵਿਹਲੇ ਟਾਇਮ ਬਰਦਰ ਦੇ ਮੈਡੀਕਲ ਸਟੋਰ ਤੇ ਹੈਲਪ ਕਰਨ ਲਈ ਬੈਠ ਜਾਂਦੀ ਹੁੰਦੀ ਸੀ।"

ਘਰ ਆ ਕੇ ਮੈਂ ਰਾਣੇ ਨੂੰ ਫ਼ੂਨ ਕੀਤਾ। ਉਹ ਮੇਰੀ ਆਮਦ ਸੁਣ ਕੇ ਬਹੁਤ ਖ਼ੁਸ਼ ਹੋਇਆ। ਨਾਲ਼ੇ ਛੇਤੀ ਆਉਣ ਲਈ ਜ਼ੋਰ ਪਾਉਣ ਲੱਗਾ। ਮੈਂ ਅਗਲੇ ਐਤਵਾਰ ਆਉਣ ਦਾ ਪਰੋਮਿਸ ਕਰ ਲਿਆ।

ਮੈਂ ਮਿੱਥੇ ਸਮੇਂ ਤੇ ਰਾਣੇ ਦੇ ਘਰ ਪਹੁੰਚ ਗਿਆ। ਚਾਹ ਪਾਣੀ ਪੀਣ ਮਗਰੋਂ ਰਾਣੇ ਨੇ ਮੈਨੂੰ ਗੱਡੀ 'ਚ ਬਿਠਾਇਆ ਤੇ ਰੁੜਕਾ ਕਲਾ ਵਾਲ਼ੀ ਸੜਕੇ ਚੱਲ ਪਿਆ। ਬੋਪਾਰਾਏ ਨਿਕਲ਼ਦੇ ਹੀ ਸੜਕ ਕਿਨਾਰੇ ਇਕ ਵੱਡੀ ਬਿਲਡਿੰਗ ਬਣ ਚੁੱਕੀ ਸੀ। ਰੰਗ ਰੋਗਨ ਵੀ ਪੂਰਾ ਹੋਣ ਵਾਲ਼ਾ ਹੀ ਸੀ। ਰਾਣੇ ਨੇ ਗੱਡੀ ਬਿਲਡਿੰਗ ਦੇ ਪਿਛਲੇ ਪਾਸੇ ਖੁੱਲ੍ਹੇ ਵਿਹੜੇ ਵਿਚ ਜਾ ਰੋਕੀ। ਵਿਹੜੇ ਦੇ ਦੂਜੇ ਸਿਰੇ ਤੇ ਇਕ ਹੋਰ ਮਕਾਨ ਦੀ ਉਸਾਰੀ ਚੱਲ ਰਹੀ ਸੀ। ਵਿਹੜੇ ਵਿਚ ਇਕ ਗੋਲ਼ ਝੌਂਪੜੀ ਬਣੀ ਹੋਈ ਸੀ। ਰਾਣਾ ਤੇ ਮੈਂ ਝੌਂਪੜੀ ਥੱਲੇ ਪਈਆਂ ਕੁਰਸੀਆਂ 'ਤੇ ਬੈਠ ਗਏ।

"ਅੰਕਲ ਜੀ ਇਹ ਬਣ ਗਿਆ ਆਪਣਾ ਹੌਸਪੀਟਲ। ਇਸ ਦਾ ਨਾਂ ਹੋਏਗਾ 'ਰਾਣਾ ਹੌਸਪੀਟਲ।' ਅੰਕਲ ਜੀ ਆ ਦੂਜੇ ਸਿਰੇ ਬਣ ਰਹੀ ਹੈ ਆਪਣੀ ਰਹਾਇਸ਼। ਉਹ ਵੀ ਪੰਜ ਕੁ ਮਹੀਨੇ 'ਚ ਪੂਰੀ ਹੋ ਜਾਵੇਗੀ। ਆਪਾਂ ਅੱਜ ਤੋਂ ਦਸ ਦਿਨ ਬਾਅਦ ਹਸਪਤਾਲ ਦਾ ਉਦਘਾਟਨ ਕਰਨਾ ਹੈ। ਜਾਣੀ ਤੇਰਾਂ ਨਵੰਬਰ ਦਿਨ ਵੀਰਵਾਰ ਨੂੰ। ਤੁਸੀਂ ਜ਼ਰੂਰ ਆਉਣਾ।" ਰਾਣੇ ਨੇ ਬੜੀ ਅਪਣੱਤ ਅਤੇ ਖ਼ੁਸ਼ੀ ਨਾਲ਼ ਕਿਹਾ ਸੀ।

"ਰਾਣੇ ਇਹ ਉਦਘਾਟਨੀ ਦਿਨ ਕਿਸੇ ਪੰਡਤ ਨੂੰ ਪੁੱਛ ਕੇ ਰੱਖਿਆ ਹੈ?" ਮੈਂ ਪੁੱਛਿਆ ਸੀ।

"ਹਾਂ ਅੰਕਲ ਉਸੇ ਪੰਡਤ ਨੇ ਮੈਨੂੰ ਹਸਪਤਾਲ ਬਣਾਉਣ ਲਈ ਪ੍ਰੇਰਿਆ ਵੀ ਸੀ। ਵੈਸੇ ਹਸਪਤਾਲ ਬਣਾਉਣ ਦਾ ਇਰਾਦਾ ਤਾਂ ਪਹਿਲਾ ਵੀ ਸੀ। ਪਰ ਚਾਰ ਕੁ ਸਾਲ ਅਟਕ ਕੇ। ਪਰ ਪੰਡਤ ਜੀ ਕਹਿੰਦੇ ਹੁਣੇ ਬਣਾਓ। ਉਸ ਪੰਡਤ ਜੀ ਬਾਰੇ ਬਾਅਦ 'ਚ ਦੱਸਦਾ ਹਾਂ। ਅੰਕਲ ਮੇਰਾ ਇਕ ਹੋਰ ਮਸਲਾ ਹੈ। ਤੁਸੀਂ ਮੈਨੂੰ ਉਸ ਵਿਚ ਸਲਾਹ ਅਤੇ ਸਾਥ ਦੇਣਾ।" ਰਾਣੇ ਨੇ ਕੁਝ ਗੰਭੀਰ ਮੁਦਰਾ ਵਿਚ ਕਿਹਾ ਸੀ।

"ਹਾਂ ਦੱਸ ਪੁੱਤਰਾ! ਕੀ ਹੈ ਤੇਰਾ ਮਸਲਾ? ਅੰਕਲ ਤੇਰਾ ਹਰ ਤਰ੍ਹਾਂ ਸਾਥ ਦੇਊਗਾ।" ਮੈਂ ਉਤਸਕ ਹੁੰਦੇ ਨੇ ਹਾਮੀ ਭਰੀ ਸੀ।

"ਅੰਕਲ 'ਰਤਨ ਹੌਸਪੀਟਲ' ਵਿਚ ਮੇਰੇ ਨਾਲ਼ ਕੰਮ ਕਰਦੀ ਕੁੜੀ ਕਮਲ ਨੂੰ ਤਾਂ ਤੁਸੀਂ ਜਾਣਦੇ ਹੀ ਹੋ। ਅਸੀਂ ਇਕ ਦੂਜੇ ਨੂੰ ਦਿਲੋਂ ਚਾਹੁੰਦੇ ਹਾਂ। ਅਸੀਂ ਵਿਆਹ ਦਾ ਫੈਸਲਾ ਕਰ ਚੁੱਕੇ ਹਾਂ। ਪਰ ਮੁਸ਼ਕਿਲ ਕਾਸਟ ਤੇ ਆ ਕੇ ਬਣਦੀ ਹੈ। ਉਹ ਤਰਖਾਣ ਹਨ ਅਤੇ ਆਪਾਂ ਜੱਟ ਬਾਬੇ। ਮੈਨੂੰ ਲੱਗਦਾ ਔਖ ਮੇਰੇ ਘਰ ਦਿਆ ਨੂੰ ਵੱਧ ਹੋਣੀ ਹੈ ਪਰ ਹੋ ਸਕਦਾ ਕਮਲ ਦੇ ਘਰਦਿਆਂ ਨੂੰ ਸਾਡਿਆਂ ਨਾਲ਼ੋਂ ਵੀ ਵੱਧ ਹੋਵੇ। ਅਸੀਂ ਚਾਹੁੰਦੇ ਹਾਂ ਕਿ ਜੇ ਘਰਦਿਆਂ ਦੀ ਸਹਿਮਤੀ ਨਾਲ਼ ਹੋ ਜਾਵੇ ਤਾਂ ਉਸਦੀ ਰੀਸ ਨਹੀਂ।" ਰਾਣੇ ਨੇ ਦਿਲ ਦੇ ਭੇਤ ਖੋਲ੍ਹਣੇ ਸ਼ੁਰੂ ਕਰ ਦਿੱਤੇ ਸਨ।

"ਰਾਣੇ ਉਹ ਕੁੜੀ ਤਾਂ ਹੀਰਾ ਹੈ ਹੀਰਾ। ਮੈਂ ਤਾਂ ਚਾਰ ਦਿਨ ਪਹਿਲਾਂ ਅੰਮ੍ਰਿਤਸਰੋਂ ਆਉਂਦਾ ਹੋਇਆ ਵੀ ਮਿਲ਼ਕੇ ਆਇਆ ਹਾਂ। ਉਸ ਤਰ੍ਹਾਂ ਰਾਣੇ ਕਿੱਥੇ ਤੇਰੀ ਐਮ.ਬੀ.ਬੀ.ਐਸ. ਦੀ ਡਿਗਰੀ ਕਿੱਥੇ ਸਿਰਫ਼ ਨਰਸਿੰਗ ਕੋਰਸ ? ਤੈਨੂੰ ਹੋਰ ਤਰ੍ਹਾਂ ਨਹੀਂ ਲੱਗ ਰਿਹਾ।" ਮੈਂ ਦਿਲ 'ਚ ਉੱਠਦੇ ਸਵਾਲ ਨੂੰ ਬੋਲ ਦਿੱਤੇ ਸਨ।

"ਅੰਕਲ ਪਿਆਰ 'ਚ ਮਹਿਲ ਵੀ ਝੁੱਗੀਆਂ ਅੱਗੇ ਝੁਕ ਜਾਇਆ ਕਰਦੇ ਹਨ। ਕੁੜੀ ਬਹੁਤ ਹੀ ਸਮਰਥਾਵਾਨ ਹੈ। ਜੇ ਪੜ੍ਹਨਾ ਚਾਹੂੰਗੀ ਤਾਂ ਹੋਰ ਪੜ੍ਹਾ ਲਵਾਂਗੇ।"

"ਉਹ ਜੀਉਂਦਾ ਰਹਿ ਪੁੱਤਰਾ! ਤੂੰ ਮੇਰੇ ਜ਼ੁੰਮੇ ਲੱਗੀ ਸੇਵਾ ਦੱਸ। ਮੈਂ ਤੇਰੇ ਇਸ ਕਾਰਜ ਵਿਚ ਹਰ ਸੰਭਵ ਮਦਦ ਕਰਾਂਗਾ।" ਮੈਂ ਦਿਲੋਂ ਸ਼ਾਹਦੀ ਭਰੀ ਸੀ।

ਕੁਝ ਸੋਚ ਕੇ ਉਹ ਬੋਲਿਆ ਸੀ, "ਅੰਕਲ ਮੈਂ ਕਮਲ ਦੇ ਨਾਲ਼ ਨਾਲ਼ ਉਸਦੇ ਮੰਮੀ ਡੈਡੀ ਨੂੰ ਵੀ ਉਦਘਾਟਨੀ ਸਮਾਰੋਹ ਉੱਤੇ ਸੱਦਿਆ ਹੋਇਆ ਹੈ। ਤੁਸੀਂ ਕਮਲ ਦੇ ਡੈਡੀ ਦੇ ਵਾਕਿਫ਼ ਹੀ ਹੋ। ਜੇ ਮੌਕਾ ਮਿਲ਼ਿਆ ਤਾਂ ਤੁਸੀਂ ਉਸਨੂੰ ਮਾੜਾ ਜਿਹਾ ਟੋਹਕੇ ਤਾਂ ਦੇਖਿਓ ਇਸ ਰਿਸ਼ਤੇ ਬਾਰੇ।"

"ਮੈਂ ਕੋਸ਼ਿਸ਼ ਕਰਾਂਗਾ। ਤੇਰੇ ਇਸ ਕਾਰੋਬਾਰ ਦਾ ਅਤੇ ਤੇਰੀ ਐਮ.ਬੀ.ਬੀ.ਐਸ. ਦੀ ਡਿਗਰੀ ਦਾ ਵੀ ਪ੍ਰਭਾਵ ਪਵੇਗਾ ਉਸ ਉਤੇ।" ਮੈਂ ਆਸ਼ਾਵਾਦੀ ਸੁਰ ਵਿਚ ਬੋਲਿਆ ਸੀ।

"ਅੰਕਲ ਜੇ ਗੱਲ ਸੂਤ ਆ ਗਈ ਤਾਂ ਵਿਆਹ ਅਪ੍ਰੈਲ ਵਿਚ ਰੱਖਾਂਗੇ। ਇਸਦਾ ਕਾਰਨ ਇਹ ਹੈ ਕਿ ਮੇਰੇ ਡੈਡੀ ਪਿਛਲੇ ਪੰਦਰਾਂ ਸਾਲ ਤੋਂ ਇੰਗਲੈਂਡ ਵਿਚ ਹਨ। ਸੌ ਫ਼ੀਸਦੀ ਆਸ ਹੈ ਕਿ ਮੂਹਰੇ ਮਾਰਚ ਵਿਚ ਉਹਨੀਂ ਪੱਕੇ ਹੋ ਜਾਣਾ ਹੈ। ਪਾਸਪੋਰਟ ਮਿਲ਼ਦੇ ਸਾਰ ਉਹਨੀਂ ਉਡਾਰੀ ਮਾਰ ਆਉਣੀ ਹੈ। ਉਦਘਾਟਨੀ ਸਮਾਗਮ ਤੇ ਘਰਦਿਆਂ ਨੇ ਅਤੇ ਰਿਸ਼ਤੇਦਾਰਾਂ ਨੇ ਕਮਲ ਨੂੰ ਦੇਖ ਹੀ ਲੈਣਾ ਹੈ। ਘਰੇ ਮੈਂ ਗੱਲ ਡੈਡੀ ਆਏ ਤੇ ਹੀ ਤੋਰੂ। ਉਮੀਦ ਹੈ ਕਾਮਯਾਬ ਹੋ ਜਾਵਾਂਗੇ। ਨਾ ਹੋਏ ਤਾਂ ਫਿਰ ਹਾਈਕੋਰਟ ਦੀ ਸ਼ਰਨ।"

"ਵਧੀਆ ਸਕੀਮ ਹੈ। ਅੱਛਾ ਰਾਣੇ ਮੈਨੂੰ ਤਾਂ ਤੇਰੇ ਕੋਲ਼ੋਂ ਅੱਜ ਪਤਾ ਲੱਗਾ ਕਿ 'ਰਤਨ ਹੌਸਪੀਟਲ' ਛੱਡੇ ਨੂੰ ਤੈਨੂੰ ਛੇ ਮਹੀਨੇ ਹੋ ਗਏ ਹਨ। ਅਜਿਹਾ ਕਿਉਂ ?"

"ਅੰਕਲ ਜੀ ਬੋਲ ਪਗਾਉਣ ਲਈ।"

"ਕਿਸਦੇ ਬੋਲ ?"

"ਉਸੇ ਪੰਡਤ ਦੇ ਜਿਸ ਨੇ ਹੌਸਪੀਟਲ ਬਣਾਉਣ ਲਈ ਪ੍ਰੇਰਿਆ ਸੀ।"

"ਉਹ ਕਿਹੜਾ ਪੰਡਤ ਤੂੰ ਲੱਭ ਲਿਆ ?"

"ਅੰਕਲ ਗੱਲ ਇਸ ਤਰ੍ਹਾਂ ਹੈ ਕਿ ਮੇਰੀਆਂ ਨਾਈਟ ਸ਼ਿਫ਼ਟਾਂ ਚੱਲ ਰਹੀਆਂ ਸਨ। ਕਮਲ ਦੀਆਂ ਦਿਨ ਦੀਆਂ ਹੀ ਹੁੰਦੀਆਂ ਸਨ। ਉਸ ਦਿਨ ਕਮਲ ਦੀ ਵੀਕਲੀ ਛੁੱਟੀ ਸੀ।

ਉਸਦੇ ਮੰਮੀ ਕਿਸੇ ਰਿਸ਼ਤੇਦਾਰੀ 'ਚ ਗਏ ਹੋਏ ਸਨ। ਕਮਲ ਘਰ 'ਕੱਲੀ ਸੀ। ਉਸਨੇ ਮੈਨੂੰ ਸੱਦ ਲਿਆ। ਉਂਦਾਂ ਤਾਂ ਬਾਅਦ ਵਿਚ ਵੀ ਇਸ ਤਰ੍ਹਾਂ ਦੇ ਮੌਕੇ ਬਣਦੇ ਰਹੇ, ਪਰ ਉਹ ਮੌਕਾ ਪਹਿਲਾ ਸੀ। ਦਸੰਬਰ ਦਾ ਮਹੀਨਾ ਸੀ।

ਅਸੀਂ ਧੁੱਪੇ ਬੈਠੇ ਚਾਹ ਪੀ ਰਹੇ ਸੀ। ਉਹ ਕਹਿਣ ਲੱਗੀ, " ਰਾਣੇ ਤੁਸੀਂ ਮੇਰੇ ਲਈ ਕੀ ਕਰ ਸਕਦੇ ਹੋ ? ਮੈਂ ਕਿਹਾ ਅਸਮਾਨੋਂ ਤਾਰੇ ਤੋੜ ਸਕਦਾ ਹਾਂ। ਕਹਿੰਦੀ ਅੰਬਰਾਂ 'ਤੇ ਨਹੀਂ ਕੋਈ ਧਰਤੀ 'ਤੇ ਹੀ ਕੰਮ ਕਰੋ। ਮੈਂ ਕਿਹਾ ਤੂੰ ਹੁਕਮ ਕਰ। ਉਹ ਕੁਝ ਗੰਭੀਰ ਹੋ ਕੇ ਬੋਲੀ ਸੀ–

–ਰਾਣੇ ਮੈਂ ਇਹ ਜਾਣ ਚੁੱਕੀ ਹਾਂ ਤੁਹਾਡੇ ਘਰ ਦੀ ਮਾਈਕ ਹਾਲਤ ਕਾਫ਼ੀ ਸਾਊਂਡ ਹੈ। ਤੁਸੀਂ ਆਪਣਾ ਹੌਸਪੀਟਲ ਕਿਉਂ ਨੀ ਬਣਾ ਲੈਂਦੇ। ਨੌਕਰੀਆਂ ਵਿਚ ਕੀ ਰੱਖਿਆ ? ਨੌਕਰੀ ਤਾਂ ਨੌਕਰੀ ਹੀ ਹੈ। ਸਰਕਾਰੀ ਹੋਵੇ ਜਾਂ ਪ੍ਰਾਈਵੇਟ। ਸਰਕਾਰੀ ਦੀ ਆਸ ਵੀ ਨਾ ਰੱਖੋ। ਮੇਰੀ ਫੈਮਿਲੀ 'ਤੇ ਇਸ ਦਾ ਪਾਜ਼ਟਿਵ ਅਸਰ ਪਏਗਾ।

–ਚੰਨੀਏ ਸਮਝ ਬਣ ਗਿਆ। ਛੇ ਮਹੀਨੇ ਦੇ ਅੰਦਰ ਅੰਦਰ।

–ਡਾਰਲਿੰਗ ਛੇ ਮਹੀਨੇ ਛੱਡੋ। ਤੁਸੀਂ ਦਸ ਮਹੀਨੇ 'ਚ ਪੂਰਾ ਕਰ ਲਿਓ। ਆਪਾਂ ਉਦਘਾਟਨ ਤੇਰਾਂ ਨਵੰਬਰ ਦਿਨ ਵੀਰਵਾਰ ਕਰਾਂਗੇ।

–ਇਹ ਕੋਈ ਖਾਸ ਦਿਨ ਹੈ ?

–ਖਾਸਾ 'ਚੋਂ ਖਾਸ। ਤੇਰਾਂ ਨਵੰਬਰ ਮੇਰਾ ਜਨਮ ਦਿਨ ਹੈ। ਇਤਫ਼ਾਕਨ ਇਸ ਸਾਲ ਵੀ ਤੇਰਾ ਨਵੰਬਰ ਨੂੰ ਵੀਰਵਾਰ ਹੀ ਹੈ। ਜਿਸ ਦਿਨ ਆਪਾਂ ਧਰਤੀ 'ਤੇ ਪਹਿਲਾ ਸਾਹ ਲਿਆ ਸੀ, ਉਸ ਤੇਰਾਂ ਨਵੰਬਰ ਨੂੰ ਵੀ ਵੀਰਵਾਰ ਹੀ ਸੀ।

–ਅੰਕਲ ਮੈਂ ਉਸ ਵੱਲ ਨੂੰ ਹੱਥ ਵਧਾ ਕੇ ਕਿਹਾ ਬਣ ਗਿਆ ਸਮਝ।

–ਪਰਮਾਤਮਾ ਤੈਨੂੰ ਸਫ਼ਲਤਾ ਬਖ਼ਸ਼ੇ। ਉਸਨੇ ਮੇਰਾ ਹੱਥ ਘੁੱਟਦੀ ਨੇ ਕਿਹਾ ਸੀ।"

"ਤਾਂ ਪੁੱਤਰਾਂ ਹੋਣ ਵਾਲ਼ੀ ਪਤਨੀ ਨੂੰ ਜਨਮ ਦਿਨ 'ਤੇ 'ਰਾਣਾ ਹੌਸਪੀਟਲ' ਦਾ ਤੋਹਫ਼ਾ ਦੇ ਰਿਹਾ ਏ।" ਮੈਂ ਟਿੱਚਰੀ ਲਹਿਜੇ 'ਚ ਕਿਹਾ ਸੀ।

"ਅੰਕਲ ਵਿਆਹ ਤੋਂ ਪਹਿਲਾਂ ਪਬਲੀਕਲੀ ਤਾਂ ਇਹ ਐਲਾਨ ਨਹੀਂ ਕੀਤਾ ਜਾ ਸਕਦਾ। ਉਸ ਤਰ੍ਹਾਂ ਮੈਂ ਚਾਬੀਆਂ ਦਾ ਇਕ ਸੈੱਟ ਵੱਖਰਾ ਤਿਆਰ ਕਰ ਲਿਆ ਹੈ। ਉਦਘਾਟਨੀ ਸਮਾਰੋਹ ਵਿਚ ਮੌਕਾ ਮਿਲ਼ਦੇ ਹੀ ਤੁਹਾਡੀ ਹਾਜ਼ਰੀ ਵਿਚ ਮੈਂ ਉਸਦੇ ਹੱਥ ਵਿਚ ਥਮਾ ਦੇਣਾ ਹੈ।

ਹਾਂ ਅੰਕਲ ਕਮਲ ਨਾਲ਼ ਪ੍ਰੌਮਿਸ ਕਰਦਿਆ ਹੀ ਮੈਂ ਡੈਡੀ ਨਾਲ਼ ਫ਼ੋਨ ਤੇ ਸਲਾਹ ਕੀਤੀ। ਉਹਨੀਂ ਹਰੀ ਝੰਡੀ ਦੇ ਦਿੱਤੀ। ਰੱਬੋਂ ਸਾਡੇ ਬਾਬੇ ਨੇ ਸਸਤੇ ਭਾਅਵਾਂ ਵਿਚ ਇੱਥੇ ਤਿੰਨ ਏਕੜ ਜ਼ਮੀਨ ਖਰੀਦ ਰੱਖੀ ਸੀ। ਇਕ ਏਕੜ ਦਾ ਫਰੰਟ ਹੈ। ਹਸਪਤਾਲ ਅਤੇ ਰਹਾਇਸ਼ ਤੋਂ ਬਚਦੀ ਜ਼ਮੀਨ ਵਿਚ ਕੁਝ ਹਿੱਸਾ ਬਾਗ਼ ਲਾਵਾਂਗੇ ਅਤੇ ਬਾਕੀ ਵਿਚ ਔਰਗੈਨਿਕ ਖੇਤੀ ਕਰਾਂਗੇ।"

"ਪੁੱਤਰਾਂ ਮੈਂ ਤੁਹਾਡੀ ਪਲਾਨਿੰਗ ਤੋਂ ਬਹੁਤ ਖ਼ੁਸ਼ ਹਾਂ।" ਸੱਚ ਮੁੱਚ ਮੈਂ ਬਹੁਤ ਖ਼ੁਸ਼ੀ ਵਿਚ ਕਿਹਾ ਸੀ।

ਖ਼ੁਸ਼ ਤਾਂ ਮੈਂ ਉਦਘਾਟਨੀ ਸਮਾਰੋਹ ਵਾਲ਼ੇ ਦਿਨ ਵੀ ਸੀ। ਕਮਲ ਦੇ ਡੈਡੀ ਨਾਲ਼ ਹੋਣ ਵਾਲ਼ੀ ਗੱਲਬਾਤ ਲਈ ਉਤਸ਼ਾਹਿਤ ਅਤੇ ਗੰਭੀਰ ਵੀ ਸੀ। ਗੱਲਬਾਤ ਲਈ ਸ਼ੁਰੂਆਤੀ ਵਰਤੇ ਜਾਣ ਵਾਲ਼ੇ ਸ਼ਬਦਾਂ ਨੂੰ ਮਨ ਵਿਚ ਮਾਂਜ ਸਵਾਰ ਰਿਹਾ ਸੀ। ਪਰ ਵਰਤਣੇ ਨਾ ਪਏ। ਕਿਉਂਕਿ ਕਮਲ ਦਾ ਡੈਡੀ ਆਇਆ ਹੀ ਨਹੀਂ ਸੀ। ਕਮਲ ਨਾਲ ਉਸਦੀ ਮੰਮੀ ਹੀ ਆਈ ਸੀ। ਰਾਣੇ ਦਾ

ਚਿਹਰਾ ਕੁਝ ਉਦਾਸਿਆ ਜਿਹਾ ਲੱਗਾ ਸੀ ਮੈਨੂੰ। ਮੈਂ ਕਿਹਾ ਕਿ ਮੈਂ ਘਰ ਜਾ ਕੇ ਗੱਲ ਕਰਲੂ ਤੂੰ ਫਿਕਰ ਨਾ ਕਰ। ਤੂੰ ਖ਼ੁਸ਼ੀ ਖ਼ੁਸ਼ੀ ਫੰਕਸਨ ਨਿਭਾਅ। ਜਦੋਂ ਕਮਲ ਮਿਲ਼ੀ ਤਾਂ ਉਸਦੇ ਚਿਹਰੇ 'ਤੇ ਵੀ ਮੈਨੂੰ ਉਹ ਲਾਲੀ ਝਗੜਦੀ ਨਾ ਦਿਸੀ ਜੋ ਦਸ ਬੈੱਡ ਦੇ ਹੌਸਪੀਟਲ ਦੀ ਮਾਲਕਣ ਬਣਨ ਦੀ ਖ਼ੁਸ਼ੀ ਵਿਚ ਝਗੜਨੀ ਚਾਹੀਦੀ ਸੀ। ਮੈਂ ਸਮਝਿਆ ਕਿ ਉਸਨੂੰ ਵੀ ਦੁੱਖ ਹੋਣਾ ਕਿ ਉਸਦਾ ਪਿਤਾ ਰਾਣੇ ਦੀ ਸ਼ਾਨੋ ਸ਼ੌਕਤ ਨਹੀਂ ਦੇਖ ਸਕਿਆ।

ਮਹਿਮਾਨਾਂ ਦੇ ਖਾਣ ਪੀਣ 'ਚ ਰੁੱਝੇ ਹੋਣ ਸਮੇਂ ਰਾਣੇ ਨੇ ਕਮਲ ਨੂੰ ਅਤੇ ਮੈਨੂੰ ਇਕ ਪਾਸੇ ਬੁਲਾਇਆ। ਚਾਂਦੀ ਦੇ ਵੱਡੇ ਛੱਲੇ 'ਚ ਪਾਈਆਂ ਚਾਬੀਆਂ ਦਾ ਗੁੱਛਾ ਕਮਲ ਵੱਲ ਨੂੰ ਵਧਾਉਂਦਿਆਂ ਕਿਹਾ, "ਕਮਲ ਜਨਮ ਦਿਨ ਮੁਬਾਰਕ ਤੇ ਸਵੀਕਾਰ ਕਰੋ, ਗਰੀਬ ਵਲੋਂ ਤੁੱਛ ਜਿਹੀ ਭੇਟਾ।"

ਕੁੜੀ ਹੈਰਾਨ ਹੋਈ, ਝਿਜਕੀ, ਸੰਭਲੀ ਤੇ ਉਸ ਦੋਨੋ ਹੱਥ ਉਸ ਅੱਗੇ ਫੈਲਾਅ ਦਿੱਤੇ। ਰਾਣੇ ਨੇ ਮਲਕੜੇ ਜਿਹੇ ਚਾਬੀਆਂ ਦਾ ਗੁੱਛਾ ਉਸਦੇ ਹੱਥਾਂ ਤੇ ਰੱਖ ਦਿੱਤਾ। ਕੁੜੀ ਨੇ ਦੋਨੋ ਹੱਥਾਂ 'ਚ ਗੁੱਛਾ ਲਈ ਹੱਥ ਜੋੜੇ ਅਤੇ ਮੱਥੇ ਨੂੰ ਲਾਏ। ਫਿਰ ਗੁੱਛੇ ਨੂੰ ਚੁੰਮਿਆ ਅਤੇ ਵਾਪਿਸ ਰਾਣੇ ਵੱਲ ਨੂੰ ਕਰਦੀ ਹੋਈ ਬੋਲੀ, "ਰਾਣੇ ਇਹ ਮੈਂ ਘਰ ਨਹੀਂ ਲਿਜਾ ਸਕਦੀ। ਤੁਸੀਂ ਆਪਣੇ ਕੋਲ਼ ਰੱਖੋ। ਹੋ ਸਕਿਆ ਤਾਂ ਫੇਰਿਆਂ ਵੇਲੇ ਡੈਡੀ ਹੁਰੀ ਸ਼ਗਨ ਵਜੋਂ ਆਪਣੀ...।" ਏਨਾ ਆਖਦਿਆਂ ਉਸਦੀ ਅਵਾਜ਼ ਭਾਰੀ ਹੋ ਗਈ ਸੀ ਅਤੇ ਦੋ ਮੋਟੇ ਮੋਟੇ ਹੰਝੂ ਗੱਲਾਂ 'ਤੇ ਆਣ ਲਮਕੇ ਸਨ। ਜੇ ਮੈਂ ਕੋਲ਼ ਨਾ ਹੁੰਦਾ ਤਾਂ ਹੋ ਸਕਦਾ ਕੁੜੀ ਰਾਣੇ ਦੇ ਗਲ਼ ਚਿੰਬੜ ਜਾਂਦੀ। ਪਰ ਉਹ ਹੰਝੂ ਪੂੰਝਦੀ ਹੋਈ ਪਿੱਛੇ ਮੁੜੀ ਤੇ ਮਹਿਮਾਨਾਂ ਵਿਚ ਜਾ ਸ਼ਾਮਿਲ ਹੋਈ ਸੀ।

ਅਪ੍ਰੈਲ ਚੜ੍ਹ ਪਿਆ ਸੀ। ਦਸ ਅਪ੍ਰੈਲ ਰਾਤੀ ਦਸ ਕੁ ਵਜੇ ਰਾਣੇ ਦਾ ਫ਼ੂਨ ਆਇਆ ਸੀ-

"ਹੈਲੋ ਅੰਕਲ ਮੁਬਾਰਕਾਂ। ਡੈਡੀ ਜੀ ਨੂੰ ਪਾਸਪੋਰਟ ਮਿਲ਼ ਗਿਆ ਹੈ। ਉਹ ਵੀਹ ਅਪ੍ਰੈਲ ਨੂੰ ਪਹੁੰਚ ਰਹੇ ਹਨ। ਹਸਪਤਾਲ ਵਧੀਆ ਚਲ ਪਿਆ ਹੈ। ਪੰਜਾਹ-ਸੱਠ ਪੇਸ਼ੰਟ ਡੇਲੀ ਆਉਣ ਲੱਗ ਪਏ ਹਨ। ਆਪਾਂ ਬਾਕੀ ਹਸਪਤਾਲਾਂ ਨਾਲੋਂ ਪਰਚੀ ਫੀਸ ਪੱਚੀ ਪ੍ਰਸੈਂਟ ਘੱਟ ਰੱਖੀ ਹੈ। ਗਰੀਬ ਤੋਂ ਇਹ ਵੀ ਨਹੀਂ ਲੈਣੀ। ਵੱਖ-ਵੱਖ ਸਰਜਰੀਆਂ ਲਈ ਡਾਕਟਰ ਹਾਇਰ ਕਰਨ ਲਈ ਕੰਨਟੈਕਟ ਬਣ ਚੁੱਕੇ ਹਨ। ਸਟਾਫ਼ ਵੀ ਪੂਰਾ ਹੋ ਗਿਆ ਹੈ। ਬੱਸ ਇਕ ਕਮੀ ਰਹਿ ਗਈ ਹੁਣ। ਉਹ ਹੈ ਕਮਲ ਦੀ। ਕਮਲ ਆ ਜਾਵੇ ਸਮਝੋ ਇਹ ਹਸਪਤਾਲ ਸਵਰਗ ਬਣ ਜਾਊ। ਮੇਰੇ ਲਈ ਵੀ ਤੇ ਮਰੀਜ਼ਾਂ ਲਈ ਵੀ।"

"ਮੁਬਾਰਕਾਂ ਪੁੱਤਰਾਂ ਮੁਬਾਰਕਾਂ! ਕਮਲ ਵੀ ਆ ਜਾਊਗੀ। ਹਾਂ ਸੱਚ ਤੂੰ ਕਮਲ ਨੂੰ ਫ਼ੂਨ ਕੀਤਾ ਕਿ ਨਹੀਂ। ਮੈਂ ਪਰਸੋਂ ਬੈਂਕ ਜਾਣਾ। ਮੈਂ ਤੋਰੂ ਗੱਲ ਉਸ ਦੇ ਡੈਡੀ ਨਾਲ਼। ਪਰ ਪਹਿਲਾ ਕਮਲ ਦੀ ਸਹਿਮਤੀ ਲੈ ਲਾ।"

"ਅੰਕਲ ਡੈਡੀ ਦਾ ਫ਼ੂਨ ਹੁਣੇ ਆਇਆ ਸੀ। ਕਮਲ ਨੂੰ ਕੱਲ ਕਰੂੰ ਫ਼ੂਨ। ਉਸਨੇ ਡਿਊਟੀ ਟਾਇਮ ਹੀ ਫ਼ੂਨ ਕਰਨ ਲਈ ਕਿਹਾ ਹੋਇਆ ਹੈ। ਤਿੰਨ ਕੁ ਦਿਨ ਤੋਂ ਕੰਮ ਦੇ ਬੋਝ ਕਰਕੇ ਮੈਂ ਫ਼ੂਨ ਕਰ ਵੀ ਨਹੀਂ ਸਕਿਆ। ਤਿੰਨ ਵਜੇ ਤੱਕ ਮੈਂ ਪੇਸ਼ੰਟ ਅਟੈਂਡ ਕਰਕੇ ਵਿਹਲਾ ਹੋ ਜਾਂਦਾ ਹੁੰਦਾ। ਫਿਰ ਕਰੂੰਗਾ ਫ਼ੂਨ। ਫਿਰ ਤੁਹਾਨੂੰ ਦੱਸੂ ਪਈ ਉਹ ਕਿਹੜੀ ਸਲਾਹ ਦਿੰਦੀ ਹੈ।"

"ਓ.ਕੇ. ਪੁੱਤਰਾ ਓ.ਕੇ। ਮੈਂ ਵੇਟ ਕਰੂੰਗਾ।"

ਸੱਚੀ ਮੈਂ ਦੂਸਰੇ ਦਿਨ ਤਿੰਨ ਵਜੇ ਤੋਂ ਬਾਅਦ ਰਾਣੇ ਦਾ ਫੂਨ ਬੇਸਬਰੀ ਨਾਲ਼ ਉਡੀਕਣ ਲੱਗਾ। ਮੇਰੀ ਖ਼ੁਦ ਦੀ ਹਾਲਤ ਇਹ ਸੀ ਕਿ ਜਿਵੇਂ ਕੋਈ ਚੰਗਾ ਕੰਮ ਹੋਣ ਵਾਲ਼ਾ ਹੈ ਅਤੇ ਮੈਂ ਉਸ ਵਿਚ ਹਿੱਸਾ ਪਾ ਰਿਹਾ ਹੋਵਾ।

ਰਾਣੇ ਦਾ ਫ਼ੋਨ ਪੌਣੇ ਕੁ ਚਾਰ ਵਜੇ ਆਇਆ ਸੀ। ਉਹ ਤਾਂ ਧਾਹੀ ਰੋ ਰਿਹਾ ਸੀ। 'ਰਾਣੇ ਕੀ ਹੋਇਆ ? ਕੀ ਹੋਇਆ ?' ਮੈਂ ਉੱਚੀ ਤੇ ਦੁਖੀ ਸੁਰ 'ਚ ਪੁੱਛ ਰਿਹਾ ਸੀ। ਉਸਦਾ ਜਰ੍ਹਾਂ ਕੁ ਰੋਣ ਥੰਮਿਆ ਅਤੇ ਉਸ ਬੋਲ਼ਣ ਦੀ ਕੋਸ਼ਿਸ਼ ਕਰਦਿਆ ਕਿਹਾ, "ਅੰ...ਕ.. ਅੰਕਲ...।" ਉਹ ਫਿਰ ਫੁੱਟ-ਫੁੱਟ ਰੋਣ ਲੱਗ ਪਿਆ। ਮੈਂ ਉਸ ਨੂੰ ਕੁਝ ਸਮੇਂ ਲਈ ਰੋਣ ਦਿੱਤਾ। ਜਦ ਉਸਦੇ ਹਾਉਕੇ ਕੁਝ ਘਟੇ ਤਾਂ ਮੈਂ ਫਿਰ ਕਾਰਨ ਦੱਸਣ ਲਈ ਪ੍ਰੇਰਿਆ। ਲੰਮਾ ਜਿਹਾ ਹਾਉਕਾ ਲੈ ਕੇ ਕਹਿਣ ਲੱਗਾ-

"ਅੰਕਲ ਮੈਂ ਸਾਢੇ ਤਿੰਨ ਵਜੇ ਕਮਲ ਨੂੰ ਫੂਨ ਕੀਤਾ ਪਰ ਅੱਗਿਓਂ ਸਵਿੱਚਡ ਆਫ਼ ਆਇਆ। ਇਕ ਦੋ ਟਰਾਈਆਂ ਤੋਂ ਬਾਅਦ ਮੈਂ ਸੋਚਿਆ ਕਿ ਹੋ ਸਕਦਾ ਬੈਟਰੀ ਡੈੱਡ ਹੋ ਗਈ ਹੋਵੇ। ਮੈਂ ਹਸਪਤਾਲ ਦੀ ਰੀਸੈਪਸ਼ਨ ਵਿੰਡੋ ਤੇ ਫੂਨ ਕਰਕੇ ਕਮਲ ਨਾਲ਼ ਗੱਲ ਕਰਾਉਣ ਲਈ ਕਿਹਾ ਤਾਂ ਪਤਾ ਲੱਗਾ ਕਿ ਉਸਨੂੰ ਨੌਕਰੀ ਛੱਡਿਆ ਤਾਂ ਦਸ ਦਿਨ ਹੋ ਗਏ ਹਨ। ਮੈਂ ਬੜਾ ਹੈਰਾਨ ਹੋਇਆ ਪਈ ਪੰਜ ਕੁ ਦਿਨ ਪਹਿਲਾਂ ਮੈਂ ਫੂਨ ਕੀਤਾ ਸੀ ਤਾਂ ਕਹਿੰਦੀ ਸੀ ਕਿ ਡਿਊਟੀ ਤੇ ਹਾਂ। ਮੈਂ ਕਮਲ ਦੇ ਘਰ ਲੈਂਡ ਲਾਈਨ ਤੇ ਕੀਤਾ। ਮਾਤਾ ਜੀ ਨੇ ਚੱਕਿਆ। ਮੈਂ ਦੱਸਿਆ ਕਿ ਮੈਂ ਡਾਕਟਰ ਰਾਣਾ ਬੋਲਦਾ ਹਾਂ ਕਿ ਇਕ ਮਿੰਟ ਲਈ ਕਮਲ ਨਾਲ਼ ਗੱਲ ਕਰਵਾਇਓ। ਅੰਕਲ ਜੀ ਮਾਤਾ ਦਾ ਜੁਆਬ ਸੁਣ ਕੇ ਮੈਂ ਸੁੰਨ ਹੋ ਗਿਆ। ਮਾਤਾ ਨੇ ਕਿਹਾ ਸੀ, 'ਪੁੱਤ ਰਾਣੇ ਕਮਲ ਕਹਿ ਗਈ ਸੀ ਕਿ ਜੇ ਡਾਕਟਰ ਸਾਬ੍ਹ ਦਾ ਫੂਨ ਆਇਆ ਤਾਂ ਕਹਿ ਦਿਓ ਉਹ ਆਪ ਦਸ ਕੁ ਦਿਨ ਤਾਈਂ ਫੂਨ ਕਰੇਗੀ। ਵਰੀ ਨਾ ਕਰਨ। ਹਾਂ ਪੁੱਤ ਕਮਲ ਪਰਸੋਂ ਕੈਨੇਡਾ ਪਹੁੰਚ ਗਈ ਹੈ। ਸਟੱਡੀ ਬੇਸ 'ਤੇ।' ਅੰਕਲ ਮਾਤਾ ਦੇ ਸ਼ਬਦ ਮੇਰੇ ਕੰਨਾਂ 'ਚ ਗੋਲ਼ੇ ਬਣ ਫਟੇ ਸਨ। ਮੈਨੂੰ ਚੱਕਰ ਆ ਗਿਆ ਸੀ। ਅੱਖਾਂ ਅੱਗੇ ਹਨੇਰ ਛਾ ਗਿਆ ਸੀ। ਕਮਲ ਧੋਖਾ ਦੇ ਗਈ ਅੰਕਲ ਧੋਖਾ। ਮੇਰਾ ਚਿੱਤ ਕਰਦਾ ਖ਼ੁਦਕੁਸ਼ੀ ਕਰ ਲਵਾ।" ਇੰਨਾ ਆਖਦਿਆ ਰਾਣਾ ਫਿਰ ਹਟਕੋਰੇ ਲੈਣ ਲੱਗ ਪਿਆ।

"ਨਾ ਰਾਣੇ ਨਾ। ਨਾ ਰੋਣਾ ਤੇ ਨਾ ਖ਼ੁਦਕੁਸ਼ੀ ਬਾਰੇ ਸੋਚਣਾ। ਆਪਾਂ ਨੂੰ ਦਸ ਦਿਨ ਉਸਦੇ ਫੂਨ ਦੀ ਉਡੀਕ ਕਰਨੀ ਚਾਹੀਦੀ ਹੈ। ਉਸਦੇ ਨਾਲ਼ ਗੱਲ ਕਰਕੇ ਪਤਾ ਲੱਗੂ ਪਈ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਕਾਰਨ ਕਮਲ ਨੂੰ ਇਹ ਸਟੈੱਪ ਚੁੱਕਣਾ ਪਿਆ। ਤੂੰ ਤਕੜਾ ਹੋ। ਹਿੰਮਤ ਅਤੇ ਹੌਸਲਾ ਮਰਦਾਂ ਦੇ ਅਸਲੀ ਗਹਿਣੇ ਹੁੰਦੇ ਹਨ। ਮੈਂ ਛੇ ਕੁ ਵਜੇ ਤੇਰੇ ਕੋਲ਼ ਪਹੁੰਚ ਰਿਹਾ ਹਾਂ।" ਮੈਂ ਰਾਣੇ ਨੂੰ ਹੌਸਲਾ ਦਿੱਤਾ ਸੀ।

ਰਾਤ ਮੈਂ ਰਾਣੇ ਕੋਲ਼ ਰਿਹਾ। ਮੈਂ ਉਸਦਾ ਮਨ ਸਥਿਰ ਕਰਨ ਲਈ ਪੂਰੀ ਵਾਹ ਲਈ। ਦਸ ਦਿਨ ਵੇਟ ਕਰਨ ਦੀ ਦਲੀਲ ਨੇ ਉਸ ਨੂੰ ਕਾਫ਼ੀ ਰਾਹਤ ਦਿੱਤੀ।

ਪਰ ਦਸ ਦਿਨ ਵੇਟ ਕਰਨ ਦੀ ਜ਼ਰੂਰਤ ਨਾ ਪਈ। ਛੇਵੇਂ ਦਿਨ ਹੀ ਕਮਲ ਦਾ ਮੈਸਿਜ ਰਾਣੇ ਦੇ ਫੂਨ ਤੇ ਆ ਗਿਆ। ਕਮਲ ਨੇ ਲਿਖਿਆ ਸੀ-

"ਰਾਣਾ ਜੀ ਸੌਰੀ। ਮੈਂ ਬਿਨਾਂ ਆਪ ਨੂੰ ਮਿਲ਼ੇ ਵਿਦੇਸ਼ ਆਣ ਪਹੁੰਚੀ ਹਾਂ। ਅਸਲ ਗੱਲ ਇਹ ਹੈ ਕਿ ਹੌਸਪੀਟਲ ਦੇ ਉਦਘਾਟਨ ਵਾਲ਼ੇ ਦਿਨ ਮੰਮੀ ਜੀ ਤੁਹਾਡੇ ਕਾਰੋਬਾਰ ਅਤੇ ਲੋਕਾਂ

ਤੋਂ ਤੁਹਾਡੀਆਂ ਸਿਫ਼ਤਾਂ ਸੁਣ ਬਹੁਤ ਪ੍ਰਭਾਵਿਤ ਹੋਏ ਸਨ। ਵਾਪਸੀ ਤੇ ਸਾਰਾ ਸਫ਼ਰ ਆਪ ਵੀ ਤੁਹਾਡੀਆਂ ਸਿਫ਼ਤਾਂ ਕਰਦੇ ਰਹੇ। ਮੈਂ ਚੰਗਾ ਮੌਕਾ ਸਮਝ ਕੇ... ਮੰਮੀ ਕੋਲ਼ ਤੁਹਾਡੇ ਨਾਲ਼ ਵਿਆਹ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ। ਮੰਮੀ ਨੇ ਡੈਡੀ ਨਾਲ਼ ਗੱਲ ਕਰਨ ਦਾ ਭਰੋਸਾ ਦਿੱਤਾ। ਪਰ ਡੈਡੀ ਨੇ ਕਿਹਾ ਕਿ ਉਹ ਕੁੜੀ ਦੀ ਇੰਟਰਕਾਸਟ ਮੈਰਿਜ ਕਰਕੇ ਸਮੁੱਚੀ ਰਾਮਗੜ੍ਹੀਆ ਕੌਮ ਦੇ ਮੱਥੇ ਕਲੰਕ ਨਹੀਂ ਲੱਗਣ ਦੇਵੇਗਾ। ਮੰਮੀ ਨੇ ਦੱਸਿਆ ਕਿ ਉਹ ਕਹਿੰਦੇ ਹਨ ਕਿ ਜੇ ਕਮਲ ਨੇ ਬਾਗ਼ੀ ਹੋ ਕੇ ਵਿਆਹ ਕਰਵਾਇਆ ਤਾਂ ਉਹ ਮੰਮੀ ਨੂੰ ਗੋਲ਼ੀ ਮਾਰਕੇ ਮਗਰੋਂ ਆਪ ਖ਼ੁਦਕੁਸ਼ੀ ਕਰ ਲੈਣਗੇ ਤੇ ਖ਼ੁਦਕੁਸ਼ੀ ਨੋਟ ਵਿਚ ਮੁੱਖ ਦੋਸ਼ੀ ਰਾਣੇ ਨੂੰ ਲਿਖਣਗੇ। ਰਾਣੇ ਕਈ ਦਿਨ ਤਾਂ ਮੈਂ ਅੰਦਰ ਵੜ-ਵੜ ਰੋਂਦੀ ਰਹੀ। ਫਿਰ ਇੰਨੀ ਵੱਡੀ ਬਰਬਾਦੀ ਤੋਂ ਬਚਣ ਲਈ ਮੈਂ ਤੁਹਾਡੇ ਨਾਲ਼ ਰਿਸ਼ਤਾ ਖ਼ਤਮ ਕਰਨ ਦਾ ਫੈਸਲਾ ਕਰ ਲਿਆ। ਸੋ ਆਪਾਂ ਹੁਣ ਬੀਤੇ ਨੂੰ ਭੁਲ ਜਾਈਏ।"

ਇਹ ਮੈਸਿਜ਼ ਪੜ੍ਹਕੇ ਤਾਂ ਰਾਣਾ ਟੁੱਟ ਹੀ ਗਿਆ ਸੀ। ਉਸ ਨੂੰ ਸਥਿਰ ਕਰਨ ਲਈ ਮੈਂ ਲਗਾਤਰ ਉਸਦੇ ਸੰਪਰਕ 'ਚ ਰਿਹਾ। ਕਦੀ ਮੈਂ ਜਾਕੇ ਉਸ ਕੋਲ਼ ਰਾਤ ਵੀ ਰਹਿ ਆਉਂਦਾ। ਇੱਕੋ ਗੱਲ ਤੇ ਜ਼ੋਰ ਦਿੰਦਾ ਰਿਹਾ ਕਿ ਪਿਆਰ ਕੁਰਬਾਨੀ ਮੰਗਦਾ ਹੈ। ਕਿਸੇ ਦੀ ਬਰਬਾਦੀ ਨਹੀਂ। ਰਾਣਾ ਸਥਿਰ ਤਾਂ ਹੋ ਗਿਆ ਸੀ। ਪਰ ਪੂਰੇ ਦੋ ਮਹੀਨੇ ਲੱਗ ਗਏ ਸਨ।

ਪਰ ਕੇਵਲ ਛੇਤੀ ਸਥਿਰ ਹੋ ਗਿਆ ਸੀ। ਉਹ ਰੋਇਆ ਤਾਂ ਨਹੀਂ ਸੀ ਪਰ ਉਸਦੇ ਚਿਹਰੇ 'ਤੇ ਉਦਾਸੀ ਅਤੇ ਬੋਲਾਂ 'ਚ ਗ਼ਮ ਤਾਂ ਸਾਫ਼ ਝਲਕਦੇ ਸਨ। ਗੱਲਾਂ ਕਰਦੇ ਕਰਦੇ ਉਸ ਨੂੰ ਲੰਮੇ ਲੰਮੇ ਹਾਉਕੇ ਕਈ ਚਿਰ ਆਉਂਦੇ ਰਹੇ। ਕੇਵਲ ਮੇਰਾ ਪੇਂਡੂ ਮੇਰੇ ਨਾਲੋਂ ਦੋ ਜਮਾਤਾਂ ਪਿੱਛੇ ਪੜ੍ਹਦਾ ਸੀ। ਅੱਠਵੀਂ ਤੋ ਬਾਅਦ ਉਸਨੂੰ ਖਾਲਸਾ ਸਕੂਲ ਵਾਲ਼ੇ ਲੈ ਗਏ। ਖੇਡਾਂ ਕਰਕੇ। ਪਰ ਮੈਂ ਸਰਕਾਰੀ ਸਕੂਲ 'ਚ ਹੀ ਰਿਹਾ। ਉਸਦਾ ਰੰਗ ਮਾੜਾ ਜਿਹਾ ਪੱਕਾ ਸੀ ਪਰ ਫੀਚਰ ਬਹੁਤ ਢੁੱਕਵੇਂ ਸਨ। ਛੇ ਫੁੱਟ ਜੁਆਨ। ਸਰੀਰ ਗਠੀਲਾ। ਅਥਲੈਟਿਕਸ ਦੀਆਂ ਵੱਖ-ਵੱਖ ਈਵਐਂਟਸ 'ਚ ਹਮੇਸ਼ਾ ਜ਼ਿਲ੍ਹੇ ਪੱਧਰੀ ਮੁਕਾਬਲਿਆਂ 'ਚ ਫਸਟ ਰਹਿੰਦਾ। ਕਾਲਜ ਜਾ ਕੇ ਕਮਿਊਨਿਸਟ ਵਿਚਾਰਧਾਰਾ ਦਾ ਰੰਗ ਚੜ੍ਹ ਗਿਆ। ਪਹਿਲਾ ਐਸ.ਐਫ.ਆਈ. 'ਚ ਸ਼ਾਮਿਲ ਹੋ ਗਿਆ। ਫਿਰ ਪੀ.ਐਸ.ਯੂ. 'ਚ ਚਲੇ ਗਿਆ। ਆਰਗੇਨਾਈਜ਼ਰ ਤਕੜਾ ਬਣ ਗਿਆ। ਯੂਨੀਅਨ ਨੇ ਜਿਸ ਕਾਲਜ 'ਚ ਯੂਨਿਟ ਖੜਾ ਕਰਨਾ ਹੁੰਦਾ ਉੱਥੇ ਹੀ ਦਾਖਲ ਕਰਵਾ ਦੇਣਾ। ਪਰ ਹੋਲ਼ੀ ਹੋਲ਼ੀ ਕਾਲਜ ਉਸਨੂੰ ਦਾਖਲਾ ਦੇਣ ਤੋਂ ਆਨਾ ਕਾਨੀ ਕਰਨ ਲੱਗੇ।

ਮੋਗਾ ਗੋਲ਼ੀ ਕਾਂਡ ਵੇਲੇ ਕੁਝ ਚਿਰ ਅੰਦਰ ਵੀ ਰਹਿ ਆਇਆ ਸੀ। ਇਲਾਕੇ ਵਿਚ ਦਬ ਦਬਾ ਬਣ ਗਿਆ ਸੀ। ਕਾਲਜ ਛੱਡਣ ਮਗਰੋਂ ਵੀ ਪਾਰਟੀ 'ਚ ਸਰਗਰਮ ਰਿਹਾ।

ਆਮ ਵਾਂਗ ਇਕ ਦਿਨ ਸ਼ਾਮ ਵੇਲੇ ਮੈਨੂੰ ਮਿਲਣ ਹਵੇਲੀ ਆ ਗਿਆ। ਬਾਹਲ਼ਾ ਹੀ ਖ਼ੁਸ਼।

"ਅੱਜ ਤਾਂ ਕਾਮਰੇਡ ਦੇ ਹੱਥ ਕੋਈ ਖਜ਼ਾਨਾ ਲੱਗਾ ਲਗਦਾ।" ਮੈਂ ਵੀ ਖ਼ੁਸ਼ ਹੁੰਦੇ ਪੁੱਛਿਆ ਸੀ।

"ਹਾਂ ਬੜੇ ਭਾਈ ਖਜ਼ਾਨਾ ਹੀ ਸਮਝੋ। ਅੱਜ ਸ਼ਸ਼ੀ ਘਰ ਆਈ ਸੀ।"

"ਕਿਹੜੀ ਸ਼ਸ਼ੀ ?"

"ਬੜੇ ਭਾਈ ਸ਼ਸ਼ੀ ਮੇਰੇ ਨਾਲ ਪੜ੍ਹਦੀ ਹੁੰਦੀ ਸੀ। ਚੱਕ ਤੋਂ ਬ੍ਰਾਹਮਣਾ ਦੀ ਕੁੜੀ। ਅਸੀਂ

ਦਸਵੀਂ ਵਿਚ ਕਿ ਦੂਜੇ ਨੂੰ ਕੁਝ ਕੁਝ ਚਾਹੁਣ ਲੱਗ ਪਏ ਸੀ। ਮੈਂ ਤਾਂ ਚਾਹੁੰਦਾ ਹੀ ਸੀ ਉਸਦੀ ਤੱਕਣੀ ਤੋਂ ਵੀ ਅਜਿਹਾ ਲਗਦਾ ਸੀ। ਪਰ ਅਸੀਂ ਇਸ ਚਾਹਤ ਨੂੰ ਬੋਲ ਨਹੀਂ ਸੀ ਦੇ ਸਕੇ। ਡਰ ਹੀ ਇੰਨਾ ਹੁੰਦਾ ਸੀ। ਪਰ ਵਿਦਾਇਗੀ ਪਾਰਟੀ ਵਾਲ਼ੇ ਦਿਨ ਉਸ ਨੇ ਇਕ ਗੀਤ 'ਅਸਾਂ ਨੂੰ ਯਾਦ ਰੱਖਣਾ' ਵੀ ਗਾਇਆ ਸੀ। ਪਾਰਟੀ ਮਗਰੋਂ ਜਦੋਂ ਘਰਾਂ ਨੂੰ ਜਾਣ ਲੱਗੇ ਤਾਂ ਮੈਂ ਸਾਈਕਲ ਚੱਕਣ ਸਾਈਕਲ ਸਟੈਂਡ ਵੱਲ ਜਾ ਰਿਹਾ ਸੀ ਤਾਂ ਦੇਖਿਆ ਉਹ ਤੇ ਉਸਦੀ ਸਹੇਲੀ ਪਾਲੀ ਵੀ ਸਾਈਕਲ ਚੱਕਣ ਲੱਗੀਆਂ ਸਨ। ਅਚਾਨਕ ਉਹ ਬਾਥਰੂਮ ਵੱਲ ਚੱਲ ਪਈਆਂ। ਮੈਂ ਸ਼ਸ਼ੀ ਦੇ ਸਾਈਕਲ ਕੋਲ਼ ਪਹੁੰਚਿਆ। ਉਸਦੇ ਗੀਤਾਂ ਵਾਲ਼ੀ ਕਾਪੀ ਵੀ ਸਾਈਕਲ ਦੀ ਟੋਕਰੀ ਵਿਚ ਪਈ ਸੀ। ਮੈਂ ਕਾਪੀ ਚੱਕੀ ਤਾਂ ਉਹ ਸਫ਼ਾ ਕੱਢ ਲਿਆ ਜਿੱਥੇ ਗੀਤ 'ਅਸਾਂ ਨੂੰ ਯਾਦ ਰੱਖਣਾ' ਲਿਖਿਆ ਹੋਇਆ ਸੀ। ਮੈਂ ਆਪਣਾ ਰੁਮਾਲ ਕੱਢਿਆ। ਪਿੰਨ ਨਾਲ਼ ਉਸਦੇ ਇਕ ਕੋਨੇ ਤੇ 'ਕੇ' ਲਿਖ ਕੇ ਤਹਿ ਮਾਰ ਕੇ ਕਾਪੀ ਵਿਚ ਰੱਖ ਦਿੱਤਾ। ਉਹਨਾਂ ਵਲੋਂ ਸਾਈਕਲ ਚੱਕਣ ਤੱਕ ਮੈਂ ਨੇੜੇ ਤੇੜੇ ਹੀ ਫਿਰਦਾ ਰਿਹਾ।

ਅੱਜ ਤੋਂ ਵੀਹ ਕੁ ਦਿਨ ਪਹਿਲੇ ਘਰ ਇਕ ਚਿੱਠੀ ਆਈ। ਬੱਸ ਇੰਨਾ ਲਿਖਿਆ ਹੋਇਆ ਸੀ। 'ਰੁਮਾਲ ਰੱਖਣ ਵਾਲ਼ਿਓ ਅਸਾਂ ਤੁਹਾਨੂੰ ਯਾਦ ਰੱਖਿਆ ਹੋਇਆ ਹੈ। ਜੇ ਸੰਭਵ ਹੋਵੇ ਤਾਂ ਐਤਵਾਰ ਘਰ ਆਓ।'

ਬੜੇ ਭਾਈ ਮੈਂ ਤਾਂ ਪੈ ਗਿਆ ਸ਼ਸ਼ੋਪੰਜ ਵਿਚ। ਰਹਿ ਰਹਿ ਮਨ 'ਚ ਸਵਾਲ ਉੱਠੇ ਪਈ ਏਨੇ ਸਾਲਾਂ ਬਾਅਦ ਏਹਨੂੰ ਚੇਤਾ ਕਿੱਥੋਂ ਆ ਗਿਆ ? ਕਦੇ ਸੋਚਾਂ ਕਿਸੇ ਹੋਰ ਦੀ ਸ਼ਰਾਰਤ ਨਾ ਹੋਵੇ। ਜਾਇਆ ਜਾਵੇ ਜਾਂ ਨਾ, ਇਹ ਫੈਸਲਾ ਕਰਦੇ ਨੂੰ ਐਤਵਾਰ ਆ ਗਿਆ। ਮਨ ਦੀ ਉਧੇੜਬੁਣ ਜਾਰੀ ਰਹੀ। ਅਖੀਰ ਮਨ ਤਕੜਾ ਕਰਕੇ ਤਿੰਨ ਕੁ ਵਜੇ ਸਾਈਕਲ ਚੁੱਕ ਹੀ ਲਿਆ ਇਹ ਸੋਚ ਕੇ ਕਿ ਜੇ ਤਾਂ ਘਰ ਵੜੇ ਤੇ ਸੁਆਗਤ ਖਿੜੇ ਮੱਥੇ ਹੋਇਆ ਤਾਂ ਸਮਝ ਲਵਾਂਗਾ ਕਿ ਸੱਦਾ ਪੱਤਰ ਠੀਕ ਹੀ ਸੀ ਨਹੀਂ ਤਾਂ ਬਹਾਨਾ ਲਾ ਦਿਆਂਗਾ ਕਿ ਗਾਹਾਂ ਤੋਂ ਆਇਆ ਸੀ।

ਲਓ ਜੀ ਚਾਰ ਕੁ ਵਜੇ ਆਪਾਂ ਪਹੁੰਚ ਗਏ। ਸੁਆਗਤ ਹੋਇਆ ਪੂਰਾ ਖਿੜੇ ਮੱਥੇ। ਮਾਤਾ ਦੇ ਆਪਾਂ ਚਰਨ ਛੂਹੇ। ਜੀਊਂਦਾ ਰਹੇ ਆਖਦੀ ਮਾਤਾ ਨੇ ਸਿਰ ਪਲ਼ੋਸਿਆ। ਮਨ ਨੇ ਕਿਹਾ ਸੱਦਾ ਪੱਤਰ ਠੀਕ ਹੀ ਸੀ। ਚਾਹ ਪਾਣੀ ਪੀਂਦਿਆਂ ਕਰਦਿਆਂ ਮਾਤਾ ਨੇ ਕਹਿਣਾ ਸ਼ੁਰੂ ਕੀਤਾ, 'ਪੁੱਤ ਸਾਨੂੰ ਦੋ ਗੱਲਾਂ 'ਚ ਤੇਰੀ ਹੈਲਪ ਦੀ ਲੋੜ ਹੈ। ਪਹਿਲੀ ਗੱਲ ਸ਼ਸ਼ੀ ਦੀ ਸਕੂਲ ਸਰਟੀਫਿਕੇਟ ਵਿਚਲੀ ਜਨਮ ਤਰੀਕ ਅਤੇ ਸਿਵਲ ਹਸਪਤਾਲ ਜਲੰਧਰ ਵਾਲ਼ੀ ਜਨਮ ਤਰੀਕ ਆਪਸ ਵਿਚ ਮਿਲ਼ਦੀਆਂ ਨਹੀਂ। ਤੂੰ ਉਤਾ ਥੱਲਾ ਕਰਕੇ ਹਸਪਤਾਲ਼ੋਂ ਠੀਕ ਕਰਵਾ ਕਿਉਂਕਿ ਸ਼ਸ਼ੀ ਤੋਂ ਵੱਡੀ ਜੋ ਕੈਨੇਡਾ ਗਈ ਹੋਈ ਹੈ, ਉਸਨੇ ਸਾਡੇ ਪੇਪਰ ਭਰਨੇ ਹਨ। ਦੂਜਾ ਪੁੱਤਰ ਤੈਨੂੰ ਪਤਾ ਹੀ ਹੋਣਾ ਕੀ ਸਾਡੇ ਸਾਰੇ ਪੰਡਤਾਂ ਦੇ ਘਰਾਂ ਕੋਲ਼ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਹਨ। ਦੋ ਕੁ ਕਿੱਲੇ ਆਪਾਂ ਕੋਲ਼ ਵੀ ਹੈ। ਸਾਡਾ ਇਕ ਪਾਸੇ ਬੰਨਾ ਲਗਦਾ ਜਗੀਰੇ ਲੰਬੜ ਨਾਲ਼। ਉਹ ਬੰਨੇ ਨਾਲ਼ ਛੇੜਖਾਨੀ ਕਰਦਾ ਹੀ ਰਹਿੰਦਾ। ਹੁਣ ਕਹਿੰਦਾ ਆ ਬੰਨੇ ਦਾ ਡਿੰਗ ਜਿਹਾ ਸਿੱਧਾ ਕਰਨਾ। ਇਸ ਤਰ੍ਹਾਂ ਦਾ ਉਹ ਸਾਡੀ ਕਨਾਲ਼ ਤੋਂ ਉੱਤੇ ਜ਼ਮੀਨ ਦੱਬ ਜਾਏਗਾ। ਕਿਸੇ ਤਰ੍ਹਾਂ ਉਹਨੂੰ ਵੀ ਸਮਝਾ।' ਮੈਂ ਕਿਹਾ ਮਾਤਾ ਦੋਏ ਕੰਮ ਹੋਗੇ ਸਮਝ।

ਫਿਰ ਇਕ ਦਿਨ ਮੈਂ ਇੱਕ ਸਾਥੀ ਨੂੰ ਨਾਲ਼ ਲਿਆ ਤੇ ਜਗੀਰੇ ਲੰਬੜ ਕੋਲੇ ਜਾ ਪਹੁੰਚੇ। ਉਹਨੂੰ ਸਾਫ਼ ਸ਼ਬਦਾਂ 'ਚ ਕਿਹਾ ਕਿ ਜੇ ਤੇਰੀ ਪੰਡਤਾਂ ਵੱਲ ਨੂੰ ਜ਼ਮੀਨ ਨਿਕਲ਼ਦੀ ਹੈ ਤਾਂ ਕਣਕ

ਵੱਢੀ ਤੇ ਪਟਵਾਰੀ ਨੂੰ ਸੱਦੀ। ਅਸੀਂ ਆਵਾਂਗੇ। ਜਿੱਧਰ ਨੂੰ ਬੰਨਾ ਜਾਂਦਾ ਹੋਇਆ ਅਸੀਂ ਪੁਆਵਾਂਗੇ। ਹੋ ਸਕਦਾ ਤੇਰੇ ਵੱਲ ਨੂੰ ਜਾਂਦਾ ਹੋਵੇ। ਵਿਚਾਰੀਆਂ ਜਨਾਨੀਆਂ ਨੂੰ ਬੇਸਹਾਰਾ ਨਾ ਸਮਝ, ਅਸੀਂ ਉਹਨਾਂ ਦੀ ਪਿੱਠ 'ਤੇ ਹਾਂ। ਲਓ ਜੀ ਜਗੀਰਾਂ ਤਾਂ ਦੂਜੇ ਦਿਨ ਹੀ ਪੰਡਤਾਣੀ ਕੋਲ਼ ਜਾ ਕੇ। ਮੈਂ-ਮੈਂ ਕੁਛ ਨੀ ਕਹਿੰਦਾ ਕੁਛ ਨਹੀਂ ਕਹਿੰਦਾ' ਆਖ ਆਇਆ ਸੀ। ਉਧਰ ਜਲੰਧਰ ਹੌਸਪੀਟਲ ਵਿਚਲਾ ਸੁਪਰਡੈਂਟ ਆਪਣੇ ਇਕ ਸਾਥੀ ਦਾ ਗੂਹੜਾ ਮਿੱਤਰ ਹੈ। ਉਹਦੀ ਡਿਊਟੀ ਲਾਈ ਕਿ ਤੂੰ ਸ਼ਸ਼ੀ ਦਾ ਸੋਧਿਆ ਹੋਇਆ ਬਰਥ ਸਰਟੀਫਿਕੇਟ ਆਪਣੇ ਪੀਅਨ ਹੱਥ ਸ਼ਸ਼ੀ ਦੇ ਘਰ ਪਹੁੰਚਾਉਣਾ ਹੈ। ਕੱਲ ਉਹ ਸਰਟੀਫਿਕੇਟ ਘਰ ਦੇ ਗਿਆ ਅਤੇ ਅੱਜ ਸ਼ਸ਼ੀ ਡੱਬਾ ਲੈ ਕੇ ਘਰ ਆ ਗਈ। ਚਾਹ ਪਾਣੀ ਪੀ ਕੇ ਘਰਦਿਆ ਨਾਲ਼ ਘੰਟਾ ਭਰ ਗੱਲਾਂ ਬਾਤਾਂ ਕਰਕੇ ਗਈ ਹੈ। ਪੜਨ ਲਈ ਕੋਈ ਕਿਤਾਬ ਮੰਗੀ ਤਾਂ ਮੈਂ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਦੇ ਦਿੱਤਾ। ਜਾਣ ਲੱਗੀ ਫਲਾਇੰਗ ਕਿੱਸ ਵੀ ਕਰ ਗਈ ਹੈ।"

"ਆ ਤਾਂ ਕਾਮਰੇਡਾਂ ਤੂੰ ਝੰਡੇ ਗੱਡ ਦਿੱਤੇ।" ਮੈਂ ਉਸਦੀ ਖ਼ੁਸ਼ੀ 'ਚ ਸ਼ਰੀਕ ਹੁੰਦਿਆਂ ਕਿਹਾ ਸੀ।

ਦੋ ਕੁ ਹਫ਼ਤੇ ਬਾਅਦ ਫਿਰ ਆਇਆ ਸੀ। ਬਹੁਤ ਹੀ ਖ਼ੁਸ਼ ਸ਼ੀ। ਮੇਰੇ ਪੁੱਛਣ ਤੇ ਦੱਸਿਆ ਕਿ ਸ਼ਸ਼ੀ ਤੇ ਉਸ ਦੀ ਮੰਮੀ ਆਈਆਂ ਸਨ। ਦੋ ਘੰਟੇ ਰੁਕ ਕੇ ਗਈਆਂ। ਉਸਦੀ ਮੰਮੀ ਨੇ ਸਾਡਾ ਸਾਰਾ ਘਰ ਤੁਰ ਫ਼ਿਰ ਕੇ ਬਹੁਤ ਗਹੁ ਨਾਲ਼ ਦੇਖਿਆ। ਨਾਲ਼ੇ ਮਾਤਾ ਮੇਰੀ ਨੂੰ ਹਿੰਟ ਦੇ ਗਈ ਕਿ ਜੇ ਤੁਸੀਂ ਸਹਿਮਤ ਹੋ ਤਾਂ ਆਪਣੀ ਬੇਟੀ ਦਾ ਰਿਸ਼ਤਾ ਕੇਵਲ ਨੂੰ ਕਰ ਸਕਦੀ ਹਾਂ। ਕਹਿੰਦੀ ਸਾਲ ਸਵਾ ਸਾਲ ਤੱਕ ਸਾਡਾ ਕੈਨੇਡਾ ਦਾ ਕੰਮ ਬਣ ਜਾਣਾ ਹੈ। ਸ਼ਸ਼ੀ ਉਧਰ ਜਾ ਕੇ ਅਪਲਾਈ ਕਰ ਦੇਵੇਗੀ। ਮੇਰੀ ਮਾਤਾ ਨੇ ਕਿਹਾ ਕਿ ਘਰ 'ਚ ਚਲਦੀਓ ਕੇਵਲ ਦੀ ਹੈ। ਜੇ ਇਹ ਰਾਜੀ ਹੈ ਤਾਂ ਸਾਨੂੰ ਭਲਾ ਕੀ ਇਤਰਾਜ਼ ਹੋ ਸਕਦਾ ਹੈ।

ਮੈਂ ਦੇਖਿਆ ਸੀ ਕਾਮਰੇਡ ਦਾ ਰੋਮ ਰੋਮ ਖ਼ੁਸ਼ ਸੀ।

ਇਕ ਦਿਨ ਫਿਰ ਭੱਜਾ ਭੱਜਾ ਆਇਆ ਤੇ ਕਹਿੰਦਾ, "ਬੜੇ ਭਾਈ ਰਾਤ ਤੇਰੀ ਭਰਜਾਈ ਆਈ ਸੀ।"

"ਸੁਪਨੇ 'ਚ ?" ਮੈਂ ਪੁੱਛਿਆ ਸੀ।

"ਨਾ ਨਾ! ਕੱਲ ਘੰਟਾ ਕੁ ਦਿਨ ਰਹਿੰਦੇ ਤੇ ਆਈ ਸੀ। 'ਰਾਤ ਬਾਕੀ ਹੈ' ਨਾਵਲ ਮੋੜਨ। ਚਾਹ ਪਾਣੀ ਪੀ ਕੇ ਤੁਰਨ ਲੱਗੀ ਤਾਂ ਮੇਰੀ ਮਾਤਾ ਨੇ 'ਦਿਨ ਥੋੜਾ' ਆਖ ਰੋਕ ਲਿਆ। ਫਿਰ ਤਾਂ ਮਾਤਾ ਨਾਲ਼ ਰੋਟੀ ਬਣਾਉਂਦੀ ਰਹੀ। ਫਿਰ ਅਸੀਂ ਰੋਟੀ ਵੀ 'ਕੱਠਿਆ ਖਾਧੀ।"

"ਸੁੱਤੀ ਕਿੱਥੇ ? ਮਾਤਾ ਕੋਲ਼ ਜਾਂ ਤੇਰੇ ਨਾਲ਼ ?"

"ਮੇਰੇ ਕਮਰੇ 'ਚ।"

"ਇੱਕੋ ਬੈੱਡ 'ਤੇ ?"

"ਹੋਰ ਕੀ ?"

"ਕੀਤਾ ਕੁਛ ?" ਮੈਂ ਚਸਕਾ ਲੈਂਦੇ ਨੇ ਪੁੱਛਿਆ ਸੀ ?

"ਨਾ- ਨਾ- ਮੈਂ ਪੂਰਾ ਜ਼ਬਤ ਰੱਖਿਆ। ਮੈਂ ਸੋਚਿਆ ਇਹ ਨਾ ਸੋਚੇ ਪਈ ਇਹ ਬੰਦਾ ਇਸੇ ਚੀਜ਼ ਦਾ ਭੁੱਖਾ।"

"ਫਿਰ ਕਰਦੇ ਕੀ ਰਹੇ ?"

"ਰਾਤ ਬਾਕੀ ਹੈ ਨਾਵਲ ਤੇ ਵਿਚਾਰ ਚਰਚਾ।"

"ਟੇਬਲ 'ਤ ਬੈਠਕੇ ਜਾਂ ਰਜਾਈ 'ਚ ਪੈ ਕੇ ?"

"ਰਜਾਈ 'ਚ ਪੈ ਕੇ।"

"ਓ ਜਾਹ ਓ ਬੁੱਧੂਆ। ਇਹ ਚਰਚਾ ਤਾਂ ਉਹ ਦਿਨੇ ਵੀ ਕਰ ਸਕਦੀ ਸੀ। ਰਾਤ ਰੁਕਣ ਦੀ ਉਸਨੂੰ ਕੀ ਲੋੜ ਸੀ ? ਓ ਭਾਈ ਬੈੱਡ ਅਤੇ ਬੈੱਡ ਰੂਮ ਦਾ ਆਪਣਾ ਵਿਧਾਨ ਹੈ। ਸਿਆਣੇ ਤਾਂ ਸਕੇ ਭੈਣ ਭਰਾ ਨੂੰ ਇਕ ਕਮਰੇ 'ਚ ਸੌਣ ਨਹੀਂ ਦਿੰਦੇ। ਤੂੰ ਹੋਣ ਵਾਲ਼ੀ ਪਤਨੀ ਨਾਲ਼ ਇਕ ਰਜਾਈ 'ਚ ਸੁੱਤਾ ਰਿਹਾ। ਅੱਛਾ ਤੂੰ ਬੋਲੀ ਗਿਆ ਹੋਣਾ ਉਹ ਹੁੰਗਾਰਾ ਦਿੰਦੀ ਰਹੀ ਹੋਣੀ ਏ। ਫਿਰ ਹੁੰਗਾਰਾ ਭਰਦੀ ਭਰਦੀ ਸੌਂ ਗਈ ਹੋਣੀ ਏ।

ਦੇਖ 'ਰਾਤ ਬਾਕੀ ਹੈ' ਨਾਵਲ ਨੇ ਜਸਵੰਤ ਸਿੰਘ ਕੰਵਲ ਦੀ ਝੋਲ਼ੀ 'ਡਾ. ਜਸਵੰਤ ਗਿੱਲ' ਰੂਪੀ ਹੀਰਾ ਪਾ ਦਿੱਤਾ ਸੀ। ਪਰ ਮੈਨੂੰ ਲਗਦਾ ਇਸ ਤਰ੍ਹਾਂ ਇਸ ਨਾਵਲ ਨੇ ਤੇਰੇ ਮੁੰਦੀਆਂ ਛੱਲੇ ਵੀ ਗਵਾ ਦੇਣੇ ਨੇ।"

ਮੇਰੀਆਂ ਗੱਲਾਂ ਸੁਣਕੇ ਕਾਮਰੇਡ ਥੋੜਾ ਸੋਚੀ ਤਾਂ ਪੈ ਗਿਆ ਪਰ ਛੇਤੀ ਹੀ ਚਿਹਰੇ ਦੇ ਹਾਵ ਭਾਵ ਲੁਕਾਉਂਦਾ ਹੋਇਆ ਬੋਲਿਆ ਸੀ–

"ਬੜੇ ਭਾਈ ਤੈਨੂੰ ਸੈਕਸ ਅਤੇ ਸ਼ਰਾਬ ਤੋਂ ਬਿਨਾਂ ਹੋਰ ਕਈ ਗੱਲ ਨਹੀਂ ਆਉਂਦੀ ? ਅੱਛਾ ਚਲ ਛੱਡ ਇਸ ਟੋਪਿਕ ਨੂੰ। ਤੈਨੂੰ ਪਤਾ ਕਿ ਮੈਂ ਵਿਦੇਸ਼ ਜਾਣ ਲਈ ਇਕ ਏਜੰਟ ਨੂੰ ਪੈਸੇ ਦਿੱਤੇ ਹੋਏ ਹਨ। ਤਿੰਨ ਜਣੇ ਮੇਰੇ ਨਾਲ਼ ਹੋਰ ਹਨ। ਉਹਨੇ ਸਾਨੂੰ ਜਰਮਨ ਪਹੁੰਚਦੇ ਕਰਨਾ ਹੈ। ਉੱਥੇ ਸਾਲ ਛੇ ਮਹੀਨੇ ਕੰਮ ਕਰਾਂਗੇ। ਫਿਰ ਅੱਗੇ ਤੁਰਾਂਗੇ। ਟਾਰਗਿਟ ਮੇਰਾ ਅਮਰੀਕਾ ਦਾ ਹੈ। ਹੈਲਪ ਕਰਨ ਲਈ ਸਾਰੇ ਦੇਸ਼ਾਂ ਵਿਚ ਆਪਣੇ ਮਿੱਤਰ ਪਿਆਰੇ ਬੈਠੇ ਹਨ। ਏਜੰਟ ਕਹਿੰਦਾ ਦੋ ਕੁ ਹਫ਼ਤੇ ਤੱਕ ਤਿਆਰੀ ਰੱਖੋ। ਤੇਰੀ ਕੀ ਸਲਾਹ ਹੈ ?"

"ਤੂੰ ਸ਼ਸ਼ੀ ਨਾਲ਼ ਗੱਲ ਕੀਤੀ ਏ ?"

"ਹਾਂ ਮੈਂ ਪਰਸੋਂ ਗਿਆ ਸੀ। ਉਸਨੂੰ ਸਾਰੀ ਗੱਲਬਾਤ ਦੱਸੀ ਸੀ। ਉਹ ਕਹਿੰਦੀ ਕਿ ਜੇ ਤੁਸੀਂ ਅਮਰੀਕਾ ਪਹੁੰਚ ਗਏ ਤਾਂ ਉਥੋਂ ਕੈਨੇਡਾ ਆ ਜਾਇਓ। ਮੈਂ ਵੀ ਪਹੁੰਚ ਜਾਣਾ। ਮੈਂ ਕਿਹਾ ਕਿਸੇ ਦਿਨ ਮਿਲਣ ਆ ਜਾਇਓ। ਕਹਿੰਦੀ ਆਵਾਂਗੀ।"

ਮਿਲਣ ਆ ਗਈ ਸੀ ਸ਼ਸ਼ੀ। ਰਾਤ ਵੀ ਰਹਿ ਗਈ ਸੀ। ਕੇਵਲ ਦੇ ਵਿਦੇਸ਼ ਤੁਰਨ ਤੋਂ ਪੰਜ ਕੁ ਦਿਨ ਪਹਿਲਾ। ਆਇਆ ਸੀ ਕੇਵਲ ਇਕ ਸ਼ਾਮ ਨੂੰ ਮੇਰੇ ਕੋਲ਼ ਹਵੇਲੀ। ਖ਼ੁਸ਼ ਹੁੰਦਾ ਬੋਲਿਆ ਸੀ–

"ਬੜੇ ਭਾਈ ਕੱਲ ਰਾਤ ਤੇਰੀ ਭਰਜਾਈ ਫਿਰ ਆਈ ਸੀ।"

"ਫਿਰ ਕਿਹੜੇ ਨਾਵਲ ਦੇ ਚਰਚਾ ਕੀਤੀ ?" ਮੈਂ ਟਿੱਚਰ ਕੀਤੀ ਸੀ।

"ਕਿਸੇ ਤੇ ਵੀ ਨਹੀਂ। ਫਿਊਚਰ ਬਾਰੇ ਗੱਲਾਂ ਕਰਦੇ ਰਹੇ।"

"ਤਾਸ਼ ਨੀ ਖੇਡੀ ? ਸੀਪ ਨੀ ਲਾਈ ?"

"ਉਹ ਭਰਾਵਾਂ ਘੰਟੇ ਭਰ ਦੀਆਂ ਮਿੰਨਤਾਂ ਮਗਰੋਂ ਬਾਜੀ ਲਾਉਣ ਲਈ ਤਿਆਰ ਹੋਈ। ਜਦੋਂ ਵੀ ਸੀਪ ਲਾਉਣ ਲਈ ਪੱਤਾ ਸਿੱਟਦਾ ਉਹ ਦਰਦ ਦਾ ਪ੍ਰਗਟਾ ਕਰਦੀ ਹੋਈ ਆਪਣੇ ਪੱਤੇ ਇੱਧਰ ਉਧਰ ਕਰ ਦਿੰਦੀ।"

"ਫਿਰ ਤਾਂ ਤੇਰੇ ਪੱਤੇ ਹਵਾ 'ਚ ਉੱਡਗੇ ਹੋਣੇ ਨੇ।"

"ਹੂੰ।"

"ਜਾਣੀ ਰੇਡਰ ਹੰਦਿਆਂ 'ਚ ਡਿੱਗ ਪਿਆ। ਡੀ ਵੀ ਟੱਚ ਨਹੀਂ ਕਰ ਸਕਿਆ।"

"ਇੰਦਾਂ ਹੀ ਸਮਝੋ।" ਉਸਦਾ ਢਿੱਲਾ ਜਿਹਾ ਜਵਾਬ ਸੀ।

ਇਸ ਤੋਂ ਪਹਿਲਾਂ ਮੈਂ ਉਸ ਨੂੰ ਹੋਰ ਸਵਾਲ ਕਰਦਾ ਮੇਰੇ ਪਿਤਾ ਜੀ ਆ ਕੇ ਉਸ ਨਾਲ਼ ਗੱਲੀ ਬਾਤੀ ਪੈ ਗਏ।

ਮੇਰਾ ਮਨ ਆਪਣੇ ਆਪ ਨਾਲ ਗੱਲੀ ਲੱਗ ਗਿਆ। ਮੈਨੂੰ ਛੋਟੇ ਹੁੰਦਿਆਂ ਮੇਹਰੂ ਅਮਲੀ ਦੀਆਂ ਸੁਣੀਆਂ ਗੱਲਾਂ ਯਾਦ ਆਉਣ ਲੱਗ ਪਈਆਂ।

"ਅਣਜਾਣ ਨਾਲ਼ੋਂ ਕਿਲਾ ਪਾਸ ਜਨਾਨੀ ਪਹਿਲੀ ਰਾਤੇ ਹਈ ਕਲ਼ਾਪ ਵੱਧ ਕਰਦੀ ਹੈ।" ਉਹ ਅਕਸਰ ਕਿਹਾ ਕਰਦਾ ਸੀ।

ਜਦੋਂ ਵੀ ਪਿੰਡ ਵਿਚ ਕਿਸੇ ਮੁੰਡੇ ਦਾ ਮੁਕਲਾਵਾ ਆਉਣਾ ਤਾਂ ਸੱਥ ਵਿਚ ਬੈਠੇ ਮੇਹਰੂ ਦੀ ਨਜ਼ਰੀ ਜੇ ਉਹ ਮੁੰਡਾ ਪੈ ਜਾਣਾ ਤਾਂ ਉਸ ਪਹਿਲਾ ਸਵਾਲ ਇਹੀ ਕਰਨਾ–

"ਕੀ ਬਈ ਬੱਲਿਆ ਬਹੂ ਕਿਲਾ ਪਾਸ ਕਿ ਫੇਲ ?"

ਜੇ ਕਿਸੇ ਨੇ ਉਸਦੀ ਗੱਲ ਦਾ ਅਰਥ ਨਾ ਸਮਝਦਿਆ ਕਹਿ ਦੇਣਾ 'ਪਾਸ' ਤਾਂ ਸਾਰਿਆਂ ਨੇ ਉੱਚੀ ਉੱਚੀ ਹੱਸ ਪੈਣਾ। ਜਿਸ ਕਿਸੇ ਨੂੰ ਉਸਦੇ ਸਵਾਲ ਦੇ ਅਰਥ ਪਹਿਲਾ ਹੀ ਪਤਾ ਹੁੰਦੇ ਉਸ ਨੇ ਮੇਹਰੂ ਨੂੰ ਝਿੜਕ ਵੀ ਦੇਣਾ।

ਪਹਿਲਾ ਪਹਿਲ ਤਾਂ ਸਾਨੂੰ ਉਸਦੇ ਸਵਾਲ ਦੇ ਅਰਥ ਆਪ ਵੀ ਸਮਝ ਨਹੀਂ ਸੀ ਪੈਂਦੇ। ਵੱਡੇ ਹੋਇਆ ਤੇ ਪੈ ਗਏ ਸਨ। ਫਿਰ ਤਾਂ ਇਸ ਦੇ ਅਰਥਾਂ ਦੀ ਸਚਾਈ ਵੀ ਸਮਝ ਆਉਣ ਲੱਗ ਪਈ ਸੀ। ਵਿਚਾਰੀ 'ਕਿਲਾ ਪਾਸ' ਔਰਤ ਦੀ ਮਜ਼ਬੂਰੀ ਵੀ ਮਰਦ ਦੀ ਬਾਦਸ਼ਾਹਤ ਨੇ ਹੀ ਪੈਦਾ ਕੀਤੀ ਹੋਈ ਹੈ। ਹਰ ਨੌਂਜੁਆਨ ਚਾਹੁੰਦਾ ਹੈ ਕਿ ਆਏ ਦਿਨ ਉਸਦੇ ਸੰਬੰਧ ਨਵੀਂ ਤੋਂ ਨਵੀਂ ਲੜਕੀ ਨਾਲ਼ ਬਣਨ। ਉਤੋਂ ਇਹ ਵੀ ਚਾਹੁੰਦਾ ਹੈ ਕਿ ਜਿਹੜੀ ਉਸਦੇ ਲੜ ਲੱਗੇ, ਉਸ ਨੇ ਇਹ ਕੰਮ ਕਿਸੇ ਨਾਲ਼ ਸੁਪਨੇ 'ਚ ਵੀ ਨਾ ਕੀਤਾ ਹੋਵੇ। ਭਲਾ ਸੋਚੋ ਜਿਥੋਂ ਲੜਕੀ ਨੇ ਆਉਣਾ ਉਸ ਪਿੰਡ, ਸ਼ਹਿਰ ਜਾਂ ਮੁਹੱਲੇ ਵਿਚ ਸਾਰੇ ਖੁਸਰੇ ਹੀ ਵਸਦੇ ਹੋਣਗੇ। ਵਿਚਾਰੀ 'ਕਿਲਾ ਪਾਸ' ਨੂੰ ਇਹ ਡਰਾਮਾ ਵੀ ਪਤੀ ਦੀ ਖ਼ੁਸ਼ੀ ਲਈ ਕਰਨਾ ਪੈਂਦਾ।

ਕੇਵਲ ਦੀ ਸ਼ਸ਼ੀ ਵੀ ਕਿਲਾ ਪਾਸ ਸੀ। ਇਸਦੀ ਜਾਣਕਾਰੀ ਮੈਨੂੰ ਪਹਿਲਾ ਹੀ ਸੀ। ਸ਼ਸ਼ੀ ਦੇ ਪਿੰਡ ਮੇਰੀ ਸਭ ਤੋਂ ਵੱਡੀ ਸਾਲ਼ੀ ਮਨਜੀਤ ਵਿਆਹੀ ਹੋਈ ਹੈ। ਸਾਲ ਕੁ ਪਹਿਲੇ ਮੈਂ ਸਾਂਢੂ ਸੋਖੀ ਨਾਲ਼ ਉਸਦੇ ਘਰ ਵਿਹੜੇ 'ਚ ਬੈਠਾ ਗੱਲਾਂ ਕਰ ਰਿਹਾ ਸੀ। ਸਵੇਰ ਦਾ ਸਮਾਂ ਸੀ। ਸ਼ਸ਼ੀ ਲੱਸੀ ਲੈਣ ਲਈ ਆਈ ਸੀ। ਉਸ ਦਿਨ ਮੈਂ ਉਸਨੂੰ ਪਹਿਲੀ ਵਾਰ ਦੇਖਿਆ ਸੀ। ਉਸ ਨੇ ਆਉਂਦੀ ਨੇ ਮੈਨੂੰ

"ਅੰਕਲ ਸਾਸਰੀ ਕਾਲ" ਕਿਹਾ ਸੀ। ਉਹ ਮੇਰੇ ਸਾਂਢੂ ਨੂੰ ਅੰਕਲ ਸੱਦਦੀ ਸੀ, ਇਸ ਕਰਕੇ ਮੈਨੂੰ ਵੀ ਅੰਕਲ ਕਹਿਣ ਲੱਗ ਪਈ।

ਮੈਂ ਤੇ ਸਾਂਢੂ ਜਦ ਹਵੇਲੀ ਨੂੰ ਜਾ ਰਹੇ ਸੀ ਤਾਂ ਮੈਂ ਪੁੱਛਿਆ, "ਬੜੇ ਭਾਈ ਲੱਸੀ ਲੈਣ ਆਈ ਕੁੜੀ ਜੱਟਾਂ ਦੀ ਏ ?"

"ਨਹੀਂ ਤਾਂ। ਕੀ ਗੱਲ ਹੋਈ ?"

"ਕੁੜੀ ਬੜੀ ਸੋਹਣੀ ਏ। ਮੈਂ ਸੋਚਦਾ ਸੀ ਮਾਮੇ ਦੇ ਮੁੰਡੇ ਨੂੰ ਰਿਸ਼ਤਾ ਕਰਵਾ ਦਿੰਦੇ।"

"ਇਹ ਸ਼ਸ਼ੀ ਹੈ। ਪੰਡਤਾਣੀ ਦੇਵਕੀ ਦੀ ਕੁੜੀ। ਇਸਦਾ ਪਿਉ ਹੈ ਨੀ। ਭਰਾ ਵੀ ਕੋਈ ਨੀ। ਵੱਡੀ ਭੈਣ ਕੈਨੇਡਾ ਚਲੇ ਗਈ ਹੈ। ਉਮੀਦ ਹੈ ਮਾਂ ਧੀ ਵੀ ਇਕ ਦਿਨ ਕੈਨੇਡਾ ਚਲੇ ਜਾਣਗੀਆਂ। ਜੇ ਵਿਚੋਲਾ ਬਣਨ ਦਾ ਚਾਅ ਹੈ ਤਾਂ ਆਪਣੇ 'ਬਾਲੀ' ਦਾ ਬਣ। ਸਹੁਰਾ ਖ਼ਰਾਬ ਹੋ ਗਿਆ ਹੈ।"

"ਕਿਉਂ ਕੀ ਗੱਲ ਹੋ ਗਈ?"

"ਆ ਪਿਛਲੇ ਮਹੀਨੇ ਦੀ ਗੱਲ ਹੈ। ਸਾਡੀ 'ਘਟਾਰੋਂ' ਵਾਲ਼ੀ ਭੈਣ ਕੁਝ ਢਿੱਲੀ ਸੀ। ਮਨਜੀਤ ਕਹਿੰਦੀ ਮੈਂ ਬੀਬੀ ਨੂੰ ਦੇਖ ਹੀ ਆਉਂਦੀ ਹਾਂ। ਤੇਜੀ ਕਹਿੰਦੀ ਮੈਂ ਵੀ ਭੂਆ ਦੇ ਜਾਣਾ। ਮੈਂ ਬਾਲੀ ਨੂੰ ਕਿਹਾ ਕਿ ਇਹ ਕਿੱਥੇ ਬੱਸਾਂ 'ਚ ਧੱਕੇ ਖਾਂਦੀਆਂ ਫਿਰਨਗੀਆਂ ਤੂੰ ਮੋਟਰਸਾਈਕਲ 'ਤੇ ਲੈ ਜਾ। ਅੱਗੋਂ ਕਹਿੰਦਾ ਮੈਨੂੰ ਤਾਂ ਮਾੜਾ ਮਾੜਾ ਬੁਖ਼ਾਰ ਹੈ ਤੁਸੀਂ ਲੈ ਜਾਓ। ਮੈਂ ਮਨਜੀਤ ਨੂੰ ਕਿਹਾ ਚਲੋਂ ਮੈਂ ਚਲਦਾ ਹਾਂ ਸ਼ਾਮ ਨੂੰ ਮੁੜ ਆਵਾਂਗੇ। ਤੇਜੀ ਕਹੇ ਮੈਂ ਤਾਂ ਭੂਆ ਜੀ ਦੇ ਰਾਤ ਰਹਿਕੇ ਆਉਣਾ ਹੈ। ਲਓ ਜੀ ਅਸੀਂ ਦਸ ਕੁ ਵਜੇ ਘਰੋਂ ਚੱਲੇ ਹੋਵਾਂਗੇ। ਔੜ ਤੋਂ ਫਰਲਾਂਗ ਕੁ ਪਿੱਛੇ ਮੋਟਰ ਸਾਈਕਲ ਦਾ ਪਿਛਲਾ ਟਾਇਰ ਪੈਂਚਰ ਹੋ ਗਿਆ। ਹੁਣ ਪੈਂਚਰ ਔੜ ਹੀ ਲੱਗਣਾ ਸੀ। ਤੁਰ ਪਏ ਜੀ ਮੋਟਰ ਸਾਇਕਲ ਰੋੜ੍ਹ ਕੇ। ਅਜੇ ਥੋੜ੍ਹਾ ਹੀ ਤੁਰੇ ਸੀ ਤਾਂ ਪਿੱਛਿਓ ਸਾਡੀ ਸਰਪੰਚਣੀ ਤੇ ਉਸਦੇ ਘਰ ਵਾਲ਼ੇ ਨੇ ਗੱਡੀ ਆਣ ਰੋਕੀ। ਜਦੋਂ ਉਹਨਾਂ ਨੂੰ ਸਾਡੇ ਘਟਾਰੋਂ ਜਾਣ ਬਾਰੇ ਪਤਾ ਲੱਗਾ ਤਾਂ ਸਰਪੰਚਣੀ ਬੋਲੀ, 'ਭਾਬੀ ਜੀ ਤੁਸੀਂ ਤੇ ਤੇਜੀ ਸਾਡੇ ਨਾਲ਼ ਬੈਠੋ ਅਸੀਂ ਤੁਹਾਨੂੰ ਘਟਾਰੋਂ ਉਤਾਰ ਜਾਂਦੇ ਹਾਂ। ਭਾਜੀ ਮੋਟਰਸਾਈਕਲ ਠੀਕ ਕਰਵਾ ਕੇ ਆ ਜਾਣਗੇ। ਅਸੀਂ ਚੰਡੀਗੜ੍ਹ ਜਾ ਰਹੇ ਹਾਂ। ਕੱਲ ਮੁੜਨਾ ਅਸੀਂ। ਜੇ ਕਹੋ ਤਾਂ ਵਾਪਸੀ ਤੇ ਲੈ ਵੀ ਜਾਵਾਂਗੇ। ਨਾਲ਼ੇ ਭੈਣ ਜੀ ਦੀ ਖ਼ਬਰਸਾਰ ਅਸੀਂ ਵੀ ਲੈਂਦੇ ਜਾਵਾਂਗੇ। ਮਨਜੀਤ ਕਹਿਣ ਲੱਗੀ ਤੁਸੀਂ ਪੈਂਚਰ ਲੁਆ ਕੇ ਮੁੜ ਜਾਇਓ। ਨਾਲ਼ੇ ਬਾਲੀ ਦੀ ਸਿਹਤ ਵੀ ਠੀਕ ਨਹੀਂ ਸੀ। ਤੇਜੀ ਦਾ ਚਾਅ ਵੀ ਪੂਰਾ ਹੋ ਜਾਏਗਾ। ਤੁਸੀਂ ਸ਼ਸ਼ੀ ਦੀ ਮੰਮੀ ਨੂੰ ਸੱਦਕੇ ਚਾਰ ਰੋਟੀਆ ਲੁਹਾ ਲਿਓ। ਅਸੀਂ ਕੱਲ ਨੂੰ ਸਰਪੰਚ ਹੁਰਾਂ ਨਾਲ਼ ਆ ਜਾਵਾਂਗੀਆਂ।

ਲਓ ਜੀ ਮਿੱਤਰ ਪਿਆਰੇ ਮੈਂ ਔੜ ਤੋਂ ਮੋਟਰਸਾਇਕਲ ਠੀਕ ਕਰਵਾ ਕੇ ਵਾਪਸੀ ਤੇ ਇਕ ਮਿੱਤਰ ਕੋਲ਼ 'ਬੱਜੋ' ਥੋੜ੍ਹਾ ਚਿਰ ਰੁਕਿਆ ਤੇ ਠੀਕ ਦੋ ਵਜੇ ਘਰ ਪਹੁੰਚ ਗਿਆ। ਗੇਟ ਅੰਦਰੋਂ ਬੰਦ ਸੀ। ਮੈਂ ਘੰਟੀ ਵਜਾਈ। ਅੰਦਰ ਕੋਈ ਹਿੱਲ ਜੁੱਲ ਨਾ ਹੋਈ। ਥੋੜੀ ਵੇਟ ਕਰਕੇ ਮੈਂ ਫਿਰ ਰਿੰਗ ਕੀਤੀ ਅਤੇ ਗੇਟ ਵਿਚਲੇ ਇਕ ਸੁਰਾਖ ਰਾਹੀਂ ਅੰਦਰ ਝਾਕਣ ਲੱਗਾ। ਥੋੜ੍ਹੇ ਚਿਰ੍ਹੀ ਬਾਲੀ ਦੇ ਕਮਰੇ 'ਚੋਂ ਸ਼ਸ਼ੀ ਤੇ ਬਾਲੀ ਨਿਕਲ਼ੇ। ਬਾਲੀ ਗੇਟ ਵੱਲ ਵੱਧ ਰਿਹਾ ਸੀ ਅਤੇ ਸ਼ਸ਼ੀ ਰਾਹ ਨਾਲ਼ ਲਗਦੀ ਬੈਠਕ ਵੱਲ। ਫਿਰ ਮੈਨੂੰ ਰਾਹ ਨਾਲ਼ ਦੀ ਬੈਠਕ ਦਾ ਵਿਹੜੇ ਵਿਚਲਾ ਦਰਵਾਜ਼ਾ ਖੁੱਲ੍ਹਦੇ ਦੀ ਬਿੜਕ ਆਈ। ਜਿਸਦਾ ਮਤਲਬ ਸ਼ਸ਼ੀ ਬੈਠਕ ਵਿਚ ਚਲੇ ਗਈ ਹੈ ਅਤੇ ਲੋੜ ਮੁਤਾਬਕ ਬੈਠਕ ਦਾ ਰਾਹ ਵੱਲ ਦਾ ਦਰਵਾਜ਼ਾ ਖੋਲ੍ਹ ਕੇ ਨਿਕਲ਼ ਜਾਵੇਗੀ।

ਬਾਲੀ ਨੇ ਗੇਟ ਖੋਲ੍ਹਿਆ ਅਤੇ ਮੈਨੂੰ ਦੇਖਕੇ ਹੈਰਾਨ ਜਿਹਾ ਹੋ ਗਿਆ। ਫਿਰ ਸੰਭਲ ਕੇ ਬੋਲਿਆ ਡੈਡੀ ਮੋਟਰ ਸਾਈਕਲ ਬਾਹਰ ਹੀ ਰਹਿਣ ਦਿਓ। ਮੈਂ ਜਰ੍ਹਾਂ ਅੱਡੇ ਤਾਈ ਜਾਣਾ ਹੈ। ਮੈਂ ਆਪਣੇ ਕਮਰੇ 'ਚ ਜਾ ਕੇ ਕੱਪੜੇ ਬਦਲਣ ਲੱਗ ਪਿਆ। ਸ਼ਸ਼ੀ ਆਪਣੇ ਘਰ ਨੂੰ ਚਲੇ ਗਈ। ਬਾਲੀ ਮੋਟਰਸਾਇਕਲ ਚੁੱਕ ਕੇ ਅੱਡੇ ਨੂੰ ਚਲੇ ਗਿਆ।

ਮੈਂ ਕੱਪੜੇ ਬਦਲ ਕੇ ਬਾਲੀ ਦੇ ਕਮਰੇ 'ਚ ਗਿਆ। ਬਿਸਤਰੇ ਦੀ ਚਾਦਰ ਵੱਟੋ ਵੱਟ

ਹੋਈ ਪਈ ਸੀ। ਮੈਂ ਬਿਸਤਰ ਠੀਕ ਕਰਨ ਲਈ ਸਿਰਹਾਣੇ ਵੱਲ ਦੇ ਲੜ ਚੁੱਕੇ ਤਾਂ ਦੇਖਿਆ। ਉੱਥੇ ਨਿਰੋਧਾਂ ਦੀ ਡੱਬੀ ਪਈ ਸੀ। ਇਕ ਕਾਗਜ਼ ਵਿਚ ਦੋ ਵਰਤੇ ਹੋਏ ਨਿਰੋਧ ਲਪੇਟੇ ਪਏ ਸਨ।

ਛੋਟੇ ਭਾਈ ਜਦ ਮੈਂ ਕਿਚਨ ਵਿਚ ਗਿਆ ਤਾਂ ਮੈਨੂੰ ਸ਼ਰਾਬ ਦਾ ਮੁਸ਼ਕ ਆਇਆ। ਮੈਂ ਮਾੜੀ ਜਹੀ ਫੋਲਾ ਫਾਲੀ ਕੀਤੀ ਤਾਂ ਆਟੇ ਦੀ ਡਰੰਮੀ ਓਲ੍ਹਿਓ ਇੱਕ ਆਰ.ਸੀ. ਵਿਸਕੀ ਦਾ ਅਧੀਆ ਮਿਲ਼ ਗਿਆ। ਜਿਸ ਵਿਚ ਅੱਧ ਕੁ ਪਾ ਸ਼ਰਾਬ ਵੀ ਸੀ।

ਹੁਣ ਛੋਟੇ ਵੀਰ ਡਰ ਇਸ ਗੱਲ ਦਾ ਕਿ ਜਦ ਬਾਲੀ ਦੇ ਘਰ 'ਕੱਲੇ ਹੁੰਦਿਆਂ ਸ਼ਸ਼ੀ ਇਸ ਕੋਲ਼ ਆਈ ਹੈ ਤਾਂ ਲਾਜ਼ਮੀ ਹੈ ਜਦੋਂ ਸ਼ਸ਼ੀ ਘਰ 'ਕੱਲੀ ਹੁੰਦੀ ਹੋਏਗੀ ਤਾਂ ਇਹ ਜਾਂਦਾ ਹੋਏਗਾ। ਸ਼ਸ਼ੀ ਦੇ ਸ਼ਰੀਕੇ 'ਚੋਂ ਇਕ ਦੋ ਮੁੰਡੇ ਅੱਜ ਕਲ ਉਪਰਲੀ ਹਵਾ 'ਚ ਹਨ। ਉਹ ਤਾੜ ਵੀ ਜ਼ਰੂਰ ਰੱਖਦੇ ਹੋਣਗੇ। ਇਸਦੇ ਅੰਦਰ ਵੜ੍ਹਿਆ ਜੇ ਉਹਨੀਂ ਜਾਂ ਕਿਸੇ ਹੋਰ ਨੇ ਬਾਹਰੋਂ ਕੁੰਡਾ ਲਾ ਦਿੱਤਾ, ਫਿਰ ਪਿੰਡ ਹੋ ਜੂ ਕੱਠਾ। ਸ਼ਸ਼ੀ ਨੇ ਤਾਂ ਝੱਟ ਆਖ ਦੇਣਾ ਕਿ ਬਾਲੀ ਜਬਰਦਸਤੀ ਆ ਵੜਿਆ। ਫੇਰ ਮੈਨੂੰ ਹੀ ਲੋਕਾਂ ਦੇ ਪੈਰੀਂ ਪੱਗ ਰੱਖਣੀ ਪਊ। ਜੇ ਮਾਂ ਧੀ ਵਿਰੋਧੀਆਂ ਦੇ ਕੰਨੇ ਚੜ੍ਹ ਗਈਆਂ ਤਾਂ ਪੁਲਿਸ ਕੇਸ ਵੀ ਬਣ ਸਕਦਾ। ਕੱਲ ਨੂੰ ਆਪਣੀ ਤੇਜੀ ਜੁਆਨ ਹੋਈ, ਉਸ 'ਤੇ ਕੀ ਅਸਰ ਪਊ। ਮੈਂ ਗੱਲੀ ਗੱਲੀ ਤਾਂ ਬਾਲੀ ਨੂੰ ਸਮਝਾ ਦਿੱਤਾ ਪਰ ਇਸ ਉਮਰੇ ਸਮਝਾ-ਸੁਮਝਾ ਦੇ ਕੀ ਅਰਥ। ਮੈਂ ਤਾਂ ਕਹਿਨਾ ਕੋਈ ਸਾਕ ਲਿਆ ਆਪਾਂ ਇਸ ਨੂੰ ਬੰਨ ਦੇਈਏ।"

"ਬੜੇ ਭਾਈ ਕਿਧਰ ਬਿਰਤੀ ਲਾ ਲਈ ਹੈ?" ਪਿਤਾ ਜੀ ਦੇ ਤੁਰ ਪੈਣ ਤੇ ਕਾਮਰੇਡ ਨੇ ਮੈਨੂੰ ਕਿਹਾ ਸੀ।

"ਕਾਮਰੇਡ ਬਿਰਤੀ ਕਿਧਰ ਲਾਉਣੀ ਹੈ। ਮੈਂ ਸੋਚਿਆ ਤਾਇਆ ਭਤੀਜਾ ਗੱਲਾਂ ਕਰ ਰਹੇ ਹਨ ਮੈਂ ਵਿਚ ਕਾਹਨੂੰ ਦਖਲ ਦੇਣਾ। ਹਾਂ ਤੂੰ ਦੱਸ ਦੁਬਾਰਾ ਬਾਜੀ ਨੀ ਲਾਈ?"

"ਓ ਭਰਾਵਾਂ ਮੈਂ ਕਿਹਾ ਜਦ ਇਹ ਇੰਨਾ ਦਰਦ ਪਹਿਲਾਂ ਹੀ ਮਹਿਸੂਸ ਕਰਦੀ ਹੈ ਤਾਂ ਕਾਹਨੂੰ ਤਕਲੀਫ਼ ਦੇਣੀ ਹੈ। ਨਾਲ਼ੇ ਯਾਰ ਮੇਰੇ ਮਨ 'ਚ ਡਰ ਜਿਹਾ ਬੈਠ ਗਿਆ ਪਈ ਮੇਰੇ ਪੱਤੇ ਫਿਰ ਨਾ ਹਵਾ 'ਚ ਖਿਲਰ ਜਾਣ।"

"ਕਾਮਰੇਡ ਜਦ ਉਹ ਰਾਤ ਰਹਿਣ ਲਈ ਰੁਕ ਗਈ ਸੀ ਤਾਂ ਤੂੰ ਅੱਧੇ ਕੁ ਘੰਟੇ ਲਈ ਮੇਰੇ ਕੋਲ਼ ਆ ਜਾਂਦਾ। ਦੋ ਕੁ ਕਸਮੇ ਜਹੇ ਪੈੱਗ ਲਾ ਜਾਂਦਾ। ਤੇਰਾ ਆਪਣੇ ਆਪ ਤੇ ਭਰੋਸਾ ਵੱਧ ਜਾਣ ਸੀ।"

"ਲੈ ਲੈ ਜੇ ਉਹ ਸ਼ਰਾਬ ਦਾ ਬੁਰਾ ਮਨਾ ਜਾਂਦੀ?"

"ਓ ਭੋਲ਼ਿਆ ਪੰਛੀਆਂ ਜਨਾਨੀ ਬੰਦੇ ਵਲੋਂ ਸ਼ਰਾਬ ਪੀਣ ਨੂੰ ਕੁਝ ਹਾਲਤਾਂ ਵਿਚ ਹੀ ਮਾੜਾ ਸਮਝਦੀ ਹੈ। ਨੰਬਰ ਇਕ ਜਦੋਂ ਬੰਦਾ ਘਰ ਨੂੰ ਸ਼ਰਾਬ ਮੂੰਹ ਉਜਾੜ ਰਿਹਾ ਹੋਵੇ। ਨੰਬਰ ਦੋ ਜਦੋਂ ਬੰਦਾ ਰੋਜ ਬਾਹਰੋਂ ਡੱਕਿਆ ਘਰ ਆਵੇ, ਆ ਕੇ ਘਰ ਭਾਂਡੇ ਭੰਨੇ। ਸਾਰੀ ਰਾਤ ਦੌਣ 'ਚ ਫਸਿਆ ਰਹੇ। ਕੋਈ ਦੁੱਖ ਸੁੱਖ ਸਾਂਝਾ ਨਾ ਕਰੇ। ਸਗੋਂ ਉਲਟੀਆਂ ਕਰਦਾ ਰਹੇ। ਲਿਮਟ ਦੀ ਪੀਤੀ ਹੋਵੇ ਤਾਂ ਉਹ ਅੰਦਰੋਂ ਖ਼ੁਸ਼ ਹੁੰਦੀ ਹੈ। ਲੈ ਮੈਨੂੰ ਇਕ ਗੱਲ ਯਾਦ ਆਈ। ਓ ਹੈ ਨਾ ਡੇਰੇ ਵਾਲ਼ਿਆ ਦਾ ਮਾਸਟਰ ਝਰਮਲ ਸਿੰਘ। ਬਿਲਕੁੱਲ ਸਾਧ ਬੰਦਾ। ਸ਼ਰਾਬ ਤਾਂ ਇਕ ਪਾਸੇ ਚਾਹ ਵੀ ਨੀ ਪੀਂਦਾ। ਉਸਦੇ ਘਰਵਾਲ਼ੀ ਇਕ ਦਿਨ ਆਪਣੇ ਗੇਜੇ ਦੀ ਘਰਵਾਲ਼ੀ ਨੂੰ ਕਹਿੰਦੀ 'ਮੈਂ ਤਾਂ ਇਹਨਾਂ ਨੂੰ ਕਿਹਾ ਸੀ ਕਿ ਤੁਸੀਂ ਕਿਤੇ ਪੀ ਕੇ ਦੇਖ ਲਵੋ।' ਦਸ ਹੁਣ ਇਸਦੇ ਕੀ ਅਰਥ ਨੇ?

ਬਾਕੀ ਸੱਜਣਾ ਮੈਂ ਉਸ ਦਿਨ ਵੀ ਕਿਹਾ ਸੀ ਕਿ ਬੈੱਡਰੂਮ ਅਤੇ ਬੈੱਡ ਦਾ ਵੀ ਵਿਧਾਨ ਹੈ। ਬੰਦਾ ਚਾਹੁੰਦਾ ਕਿ ਉਸ ਨਾਲ਼ ਸੁੱਤੀ ਜਨਾਨੀ ਬਰਫ਼ ਦੀ ਸਿੱਲ ਨਾ ਹੋਵੇ। ਜਨਾਨੀ ਵੀ ਚਾਹੁੰਦੀ ਹੈ ਕਿ ਉਸਦਾ ਮਰਦ ਐਵੇਂ ਲੋਗੜ ਨਾ ਹੋਵੇ ਸਗੋਂ ਬਿਸਤਰ ਵਿਚ ਇਕ ਹੱਦ ਤੱਕ ਹਿੰਸਕ ਵੀ ਹੋਵੇ। ਇਹ ਬਿਰਤੀ ਕਈ ਪਸ਼ੂ ਪੰਛੀਆਂ ਦੇ ਨਰ-ਮਾਦਾ ਵਿਚ ਵੀ ਪਾਈ ਜਾਂਦੀ ਹੈ। ਰਹੀ ਗੱਲ ਸ਼ਸ਼ੀ ਵਲੋਂ ਵਿਰੋਧ ਦੀ। ਇਹ ਅਣਚਾਹਿਆ ਵਿਰੋਧ ਸਾਡੀਆਂ ਔਰਤਾਂ ਦੇ ਸੁਭਾਅ ਦਾ ਇਕ ਹਿੱਸਾ ਹੈ। ਇਸਨੂੰ ਆਪਾਂ ਉਹਨਾਂ ਦਾ ਗੁਣ ਮੰਨ ਕੇ ਹੀ ਚੱਲੀਏ। ਚੱਲ ਛੱਡ ਤੂੰ ਹੁਣ ਬੀਤੇ ਨੂੰ। ਵਿਦੇਸ਼ ਦੀ ਤਿਆਰੀ ਖਿੱਚ। ਪ੍ਰਮਾਤਮਾ ਤੈਨੂੰ ਸਫ਼ਲਤਾ ਬਖ਼ਸ਼ੇ।"

ਓੜਕ ਕੇਵਲ ਵਿਦੇਸ਼ ਚਲਿਆ ਗਿਆ ਸੀ। ਦੋ ਢਾਈ ਮਹੀਨੇ ਬਾਅਦ ਚਿੱਠੀ ਆਈ ਸੀ। ਲਿਖਿਆ ਸੀ ਕਿ ਜਰਮਨ ਪਹੁੰਚ ਗਿਆ ਹਾਂ। ਸ਼ਸ਼ੀ ਨੂੰ ਚਿੱਠੀ ਪਾਈ ਸੀ। ਉਸਦੀ ਚਿੱਠੀ ਵੀ ਆ ਗਈ ਸੀ। ਕੰਮ ਵੀ ਮਿਲ਼ ਗਿਆ ਹੈ। ਅਗਾਂਹ ਜਾਣ ਦੀ ਸਕੀਮ ਬਣਾ ਰਿਹਾ ਹਾਂ। ਇਸ ਚਲਮੀ ਜਿਹੀ ਚਿੱਠੀ ਮਗਰੋਂ ਮੈਨੂੰ ਹੋਰ ਚਿੱਠੀ ਨਾ ਆਈ। ਉਸਦੇ ਵੱਡੇ ਭਰਾ ਜੀਤ ਤੋਂ ਰਾਜੀ ਖ਼ੁਸ਼ੀ ਦਾ ਪਤਾ ਲਗਦਾ ਰਿਹਾ।

ਫਿਰ ਜੀਤ ਤੋਂ ਹੀ ਇਕ ਦਿਨ ਪਤਾ ਲੱਗਾ ਕਿ ਸ਼ਸ਼ੀ ਹੁਰੀਂ ਵੀ ਕੈਨੇਡਾ ਚਲੇ ਗਈਆਂ ਹਨ। ਕਹਿੰਦਾ ਤੁਰਨ ਤੋਂ ਦੋ ਦਿਨ ਪਹਿਲਾ ਘਰੋਂ ਹੋ ਕੇ ਗਈਆਂ ਹਨ।

ਜੀਤ ਨੇ ਹੀ ਇਕ ਦਿਨ ਦੱਸਿਆ ਸੀ ਕਿ ਕਾਮਰੇਡ ਫੜ ਹੋ ਗਿਆ ਹੈ। ਉਹ ਅਮਰੀਕਨ ਪਾਸਪੋਰਟ ਤੇ ਅਮਰੀਕਾ ਲਈ ਚੜ੍ਹਨ ਲੱਗਾ ਸੀ। ਹਫ਼ਤੇ ਕੁ ਬਾਅਦ ਕੇਵਲ ਘਰ ਪਹੁੰਚ ਗਿਆ ਸੀ।

ਮੈਂ ਮਿਲਣ ਗਿਆ ਸੀ। ਉਸਦੇ ਚਿਹਰੇ ਅਤੇ ਬੋਲਾਂ ਵਿਚ ਬਹੁਤਾ ਦੁੱਖ ਨਹੀਂ ਸੀ ਝਲਕ ਰਿਹਾ। ਕਾਰਨ ਸਾਫ਼ ਸੀ। ਇਕ ਤਾਂ ਉਸ ਨੇ ਜਰਮਨ ਵਿਚ ਡੂਢ ਕੁ ਸਾਲ ਕੰਮ ਕਰ ਲਿਆ ਸੀ। ਦੂਜਾ ਕੈਨੇਡਾ ਦਿਸ ਰਿਹਾ ਸੀ। ਸ਼ਸ਼ੀ ਨੂੰ ਸ਼ਾਇਦ ਜਰਮਨ ਤੋਂ ਹੀ ਫੜ੍ਹੇ ਜਾਣ ਸੰਬੰਧੀ ਦਸ ਆਇਆ ਸੀ।

ਸ਼ਸ਼ੀ ਦੀ ਚਿੱਠੀ ਆਈ ਸੀ। ਬੜੀ ਘਬਰਾਹਟ ਵਿਚ ਆਏ ਹੋਏ ਨੇ ਮੇਰੇ ਮੂਹਰੇ ਲਿਆ ਸਿੱਟੀ ਸੀ।

ਸ਼ਸ਼ੀ ਨੇ ਲਿਖਿਆ ਸੀ-

ਕੇਵਲ ਜੀ ਬੜੀ ਮਾੜੀ ਗੱਲ ਹੋਈ ਕਿ ਤੁਸੀਂ ਫੜੇ ਗਏ ਅਤੇ ਵਾਪਿਸ ਇੰਡੀਆ ਪਹੁੰਚ ਗਏ। ਪਰ ਇਸ ਤੋਂ ਵੀ ਮਾੜੀ ਗੱਲ ਹੈ ਕਿ ਆਪਣੇ ਰਿਸ਼ਤੇ ਬਾਰੇ ਭੈਣ ਤੇ ਜੀਜਾ ਜੀ ਅੜ ਗਏ ਹਨ। ਉਹ ਕਹਿੰਦੇ ਹਨ ਅਸੀਂ ਇੰਟਰ ਕਾਸਟ ਮੈਰਿਜ ਨਹੀਂ ਕਰਨੀ। ਤੁਹਾਨੂੰ ਤਾਂ ਪਤਾ ਹੈ ਕਿ ਅਸੀਂ ਇਹਨਾਂ 'ਤੇ ਨਿਰਭਰ ਹਾਂ। ਇਹਨੀਂ ਉਦੋਂ ਮੰਮੀ ਦੀ ਵੀ ਬਹੁਤ ਕੁਪੱਤ ਕੀਤੀ, ਜਦੋਂ ਮੰਮੀ ਨੇ ਕਿਹਾ ਕਿ ਮੈਂ ਜ਼ੁਬਾਨ ਦਿੱਤੀ ਹੋਈ ਹੈ। ਮੇਰਿਆ ਕੇਵਲਾ ਮੈਨੂੰ ਮੁਆਫ਼ ਕਰੀ। ਮੈਂ ਭੈਣ ਅਤੇ ਜੀਜੇ ਦੀ ਖਿੱਚੀ ਲਛਮਣ ਰੱਖਾ ਟੱਪ ਨਹੀਂ ਸਕਦੀ।

ਤੇਰੀ ਦੋਸ਼ਣ

ਸ਼ਸ਼ੀ।

ਪਤਾ ਨੀ ਕਿਉਂ ਸ਼ਸ਼ੀ ਦਾ ਇਨਕਾਰਨਾਮਾ ਪੜ੍ਹਕੇ ਮੈਨੂੰ ਬਹੁਤੀ ਹੈਰਾਨੀ ਨਹੀਂ ਸੀ ਹੋਈ। ਪਰ ਹੈਰਾਨੀ ਉਦੋਂ ਹੋਈ ਜਦੋਂ ਪੰਜ ਕੁ ਮਹੀਨੇ ਬਾਅਦ ਸ਼ਸ਼ੀ ਦੀ ਚਿੱਠੀ ਮੇਰੇ ਨਾਂ ਆ

ਗਈ। ਉਸ ਲਿਖਿਆ ਸੀ-

ਸਤਿਕਾਰਯੋਗ ਅੰਕਲ ਜੀ! ਸਤਿ ਸ਼੍ਰੀ ਅਕਾਲ। ਅੰਕਲ ਜੀ ਮੇਰਾ ਪੂਰਾ ਯਕੀਨ ਹੈ ਕਿ ਕੇਵਲ ਨੇ ਮੇਰੇ ਨਾਲ਼ ਸੰਬੰਧਾਂ ਬਾਰੇ ਸਭ ਕੁਝ ਤੁਹਾਨੂੰ ਦੱਸਿਆ ਹੋਇਆ ਹੋਣਾ। ਜਦੋਂ ਮੈਂ ਰਿਸ਼ਤੇ ਤੋਂ ਇਨਕਾਰ ਕੀਤਾ ਤਾਂ ਜ਼ਰੂਰ ਤੁਹਾਡੇ ਕੋਲ਼ ਰੋਇਆ ਹੋਵੇਗਾ। ਹੁਣ ਇਹ ਮੈਨੂੰ ਚਿੱਠੀਆਂ ਪਾਉਣੋ ਨਹੀਂ ਹਟਦਾ। ਮੈਂ ਜੁਆਬ ਨਹੀਂ ਦਿੰਦੀ। ਇਹ ਫਿਰ ਪਾਈ ਜਾਂਦਾ ਹੈ। ਕੱਲ ਇਸਦੀ ਤੀਜੀ ਚਿੱਠੀ ਆਈ ਹੈ। ਬਹੁਤ ਕੁਝ ਲਿਖਿਆ ਹੈ। ਕਮੀਨੀ ਤੇ ਮਤਲਬਖੋਰ ਵੀ ਲਿਖਿਆ ਹੈ। ਇਹ ਸਮਝਦਾ ਹੈ ਕਿ ਮੈਂ ਬਰਥ ਸਰਟੀਫਿਕੇਟ ਬਣਾਉਣ ਅਤੇ ਜਗੀਰੇ ਲੰਬੜ ਨੂੰ ਦਬਕਾ ਮਾਰਨ ਲਈ ਇਸ ਨਾਲ਼ ਨੇੜ ਕੀਤਾ ਸੀ। ਇਹ ਇਸਦੀ ਧਾਰਨਾ ਗਲਤ ਹੈ। ਅਸਲ ਵਿਚ ਅੰਕਲ ਜੀ ਇਹ ਮੈਨੂੰ ਸਕੂਲ ਟਾਇਮ ਤੋਂ ਚੰਗਾ ਲਗਦਾ ਸੀ। ਸ਼ਾਇਦ ਮੈਂ ਵੀ ਇਸਨੂੰ ਚੰਗੀ ਲਗਦੀ ਸੀ ਤਾਂ ਹੀ ਤਾਂ ਇਸਨੇ ਵਿਦਾਇਗੀ ਪਾਰਟੀ ਵਾਲੇ ਦਿਨ ਮੇਰੀ ਕਾਪੀ 'ਚ ਆਪਣਾ ਰੁਮਾਲ ਰੱਖਿਆ ਸੀ। ਫਿਰ ਜਦੋਂ ਮੈਂ ਬੀ.ਏ. ਫਾਈਨਲ ਵਿਚ ਸੀ ਤਾਂ ਇਹ ਦੋ ਵਾਰ ਸਾਡੇ ਕਾਲਜ ਸਟਰਾਇਕ ਕਰਾਉਣ ਆਇਆ। ਇਸਦਾ ਲੈਕਚਰ ਬੜਾ ਪ੍ਰਭਾਵਸ਼ਾਲੀ ਸੀ। ਸਿਹਤ ਵੀ ਠੀਕ ਸੀ। ਮੈਨੂੰ ਹੋਰ ਵੀ ਚੰਗਾ ਲੱਗਾ। ਅੰਕਲ ਚੰਗਾ ਲੱਗਣਾ ਤੇ ਪਿਆਰ ਵਿਚ ਬਹੁਤ ਅੰਤਰ ਹੈ। ਹਰ ਲੜਕੀ ਦੀ ਇੱਛਾ ਹੁੰਦੀ ਹੈ ਕਿ ਉਸਦਾ ਸਾਥੀ ਸੋਹਣਾ ਅਤੇ 'ਗੁਣਾ' ਭਰਪੂਰ ਹੋਵੇ। ਇਹ ਇਤਫ਼ਾਕ ਦੀ ਗੱਲ ਸੀ ਇਕ ਦਿਨ ਮੈਂ ਤੇ ਮੰਮੀ ਘਰ ਬੈਠੀਆਂ ਜਗੀਰੇ ਲੰਬੜ ਦੀਆਂ ਵਧੀਕੀਆਂ ਬਾਰੇ ਗੱਲਾਂ ਕਰ ਰਹੀਆਂ ਸੀ। ਜਗੀਰਾ ਕੁਝ ਹੱਦਾਂ ਤੋਂ ਬਾਹਰ ਹੁੰਦਾ ਜਾ ਰਿਹਾ ਸੀ। ਅਸੀਂ ਜਦ ਵੀ ਸਾਗ ਸਬਜ਼ੀ ਲੈਣ ਖੇਤ ਜਾਂਦੀਆਂ ਤਾਂ ਉਹ ਆ ਟਪਕਦਾ। ਬੰਨੇ ਦੇ ਡਿੰਗ ਬਾਰੇ ਗੱਲ ਛੇੜ ਲੈਂਦਾ। ਅਸਲ ਵਿਚ ਸਾਡੇ ਦੋਹਾਂ ਬਾਰੇ ਉਸਦੀ ਨਜ਼ਰ ਮੈਲ਼ੀ ਸੀ। ਮੈਂ ਮੰਮੀ ਨੂੰ ਕਿਹਾ ਮਾਂ ਜੇ ਜਨਾਨੀ ਬੰਦੇ ਦੇ ਗਲ਼ ਪੈ ਜਾਵੇ ਤਾਂ ਇੱਦਾਂ ਦੇ ਖੱਬੀ ਖਾਂ ਭਿੱਜੀ ਬਿੱਲੀ ਬਣਦੇ ਚਿਰ ਨੀ ਲਾਉਂਦੇ। ਤੂੰ ਮੈਨੂੰ ਇਸਦੀ ਲਾਹਪਾਹ ਕਰ ਲੈਣ ਦੇ। ਮੰਮੀ ਕਹਿੰਦੀ ਨਹੀਂ। ਆਪਣਾ ਕੈਨੇਡਾ ਕੇਸ ਸ਼ੁਰੂ ਹੋਣ ਵਾਲਾ ਹੈ। ਐਵੇਂ ਕਿਸੇ ਕੇਸ ਕੂਸ 'ਚ ਅਲਝਾ ਲਉ। ਕੋਈ ਬੰਦਾ ਦੇਖੋ ਜੋ ਇਸਦੇ ਖਾਨੇ ਗੱਲ ਪਾ ਸਕੇ। ਰਿਸ਼ਤੇਦਾਰਾਂ ਵੱਲ ਨਜ਼ਰ ਮਾਰੀ। ਕੋਈ ਸਿੱਕੇਬੰਦ ਨਜ਼ਰ ਨਾ ਆਇਆ। ਸ਼ਰੀਕੇ ਭਾਈਚਾਰੇ 'ਚੋਂ ਵੀ ਕੋਈ ਇਤਬਾਰ ਵਾਲ਼ਾ ਨਜ਼ਰ ਨਾ ਆਇਆ। ਅਚਾਨਕ ਮੈਨੂੰ ਕੇਵਲ ਦੀ ਯਾਦ ਆਈ। ਮੈਂ ਮੰਮੀ ਨਾਲ਼ ਗੱਲ ਕੀਤੀ। ਉਹ ਕਹਿੰਦੀ ਸੱਦ ਲੈ। ਮੈਂ ਸੋਚਿਆ ਦੂਰੋਂ ਤਾਂ ਚੰਗਾ ਲੱਗਦਾ ਹੈ ਨੇੜਿਓਂ ਵੀ ਤੱਕ ਲਾਂ। ਸੋ ਅੰਕਲ ਇਹ ਆ ਗਿਆ। ਸਾਡੀਆਂ ਦੋਨੋਂ ਸਮੱਸਿਆਵਾਂ ਹੱਲ ਕਰ ਦਿੱਤੀਆਂ। ਮਾਤਾ 'ਤੇ ਇਸਦਾ ਬਹੁਤ ਪ੍ਰਭਾਵ ਪਿਆ।

ਇਕ ਦਿਨ ਮੰਮੀ ਜਗੀਰੇ ਵਾਲ਼ੇ ਮਾਮਲੇ ਵਿਚ ਕੇਵਲ ਦੀ ਜੁਅਰਤ ਦੀਆਂ ਗੱਲਾਂ ਕਰ ਰਹੀ ਸੀ। ਮੈਂ ਕਿਹਾ ਕੇਵਲ ਦੇਖਣ ਵਿਚ ਕਿਹੋ ਜਿਹਾ ਲਗਦਾ ਹੈ? ਮੰਮੀ ਕਹਿੰਦੀ ਬਹੁਤ ਸੋਹਣਾ। ਮੈਂ ਕਿਹਾ ਮਾਂ ਜੇ ਮੈਂ ਉਸ ਨਾਲ ਵਿਆਹ ਕਰਨਾ ਚਾਹਾਂ ਤਾਂ ਕਾਸਟ ਅੜਿੱਕਾ ਤਾਂ ਨਾ ਬਣੂ? ਦੀਦੀ ਤੇ ਜੀਜਾ ਜੀ ਵਿਰੋਧ ਤਾਂ ਨਹੀਂ ਕਰਨਗੇ? ਮੰਮੀ ਕਹਿੰਦੀ ਮੇਰੇ ਵਲੋਂ ਕੋਈ ਨਾਂਹ ਨਹੀਂ। ਜੀਜੇ ਤੇਰੇ ਦੀ ਭੈਣ ਨੇ ਐਸ.ਸੀ. ਮੁੰਡੇ ਨਾਲ਼ ਵਿਆਹ ਕਰਵਾਇਆ ਹੋਇਆ, ਉਹ ਖਿੜੇ ਮੱਥੇ ਉਹਨਾਂ ਨਾਲ਼ ਮਿਲ਼ਦਾ ਗਿਲ਼ਦਾ। ਹਾਂ ਕੇਵਲ ਦੇ ਘਰਦਿਆਂ ਨੂੰ ਇਤਰਾਜ਼ ਨਾ ਹੋਵੇ ਇਹ ਮੈਂ ਪੁੱਛ ਲੈਂਦੀ ਹਾਂ। ਸੋ ਇਸ ਤਰ੍ਹਾਂ ਸਾਡੇ ਵਿਆਹ ਦੀ ਗੱਲ ਤੁਰ ਪਈ।

ਦੀਦੀ ਜੀਜੇ ਦੇ ਤਾਂ ਮੈਂ ਐਵੀ ਸਿਰ ਲਾਇਆ ਸੀ। ਵਿਆਹ ਤੋਂ ਤਾਂ ਮੈਂ ਹੀ ਪਿੱਛੇ ਹਟੀ

ਹਾਂ। ਅੱਸੀ ਪ੍ਰਤੀਸ਼ਤ ਤਾਂ ਮੇਰਾ ਮਨ ਇੰਡੀਆ ਹੀ ਪਿੱਛੇ ਹਟ ਗਿਆ ਸੀ। ਮੈਂ ਸੋਚਾਂ ਜੇ ਇਸ ਬੰਦੇ ਨਾਲ਼ ਵਿਆਹ ਕਰਵਾ ਲਿਆ ਇਹ ਤਾਂ ਸਾਰੀ ਉਮਰ ਮੈਨੂੰ ਮਾਰਕਸਵਾਦ ਹੀ ਪੜ੍ਹਾਉਂਦਾ ਰਹੂ। ਇਹ ਤਾਂ ਦੁੱਖ ਸੁੱਖ ਸਾਂਝਾ ਕਰਨ ਸਮੇਂ ਵੀ ਲੈਨਿਨ ਆ ਕਹਿੰਦਾ, ਮਾਓ ਆ ਕਹਿੰਦਾ ਕਰਦਾ ਰਹਿੰਦਾ। ਪੰਜ ਮਿੰਟ ਦੀਆਂ ਗੱਲਾਂ ਬਾਤਾਂ ਵਿਚ ਦਸ ਵਾਰ ਕਮਿਊਨਿਸਟ ਲੀਡਰਾਂ ਦੇ ਨਾਂ ਲਊ। ਇਹ ਵੀ ਨੀ ਨੋਟ ਕਰਦਾ ਕਿ ਸੁਨਣ ਵਾਲ਼ਾ ਇਸਦੀਆਂ ਗੱਲਾਂ ਵਿਚ ਦਿਲਚਸਪੀ ਲੈਂਦਾ ਕਿ ਨਹੀਂ।

ਲੈ ਅੰਕਲ ਇਕ ਗੱਲ ਇਸਨੇ ਹੋਰ ਲਿਖੀ ਹੈ। ਪਹਿਲੀਆਂ ਦੋ ਚਿੱਠੀਆਂ ਵਿਚ ਇਹ ਲਿਖਦਾ ਹੈ ਕਿ ਮੈਂ ਤੇਰੇ ਬਿਨਾਂ ਜੀਅ ਨਹੀਂ ਸਕਦਾ। ਤੀਜੀ ਚਿੱਠੀ 'ਚ ਲੈਲਾ ਮਜਨੂੰ ਦੀ ਮਿਸਾਲ ਦਿੱਤੀ ਹੈ। ਇਹ ਲਿਖਦਾ ਹੈ ਕਿ ਲੈਲਾ ਕਿਸੇ ਰਾਜ ਘਰਾਣੇ 'ਚ ਵਿਆਹੀ ਗਈ। ਮਜਨੂੰ ਫਕੀਰ ਹੋ ਗਿਆ। ਲੈਲਾ ਸਾਲ ਬਾਦ ਜੱਗ ਕਰਦੀ। ਦੂਰੋਂ ਦੂਰੋਂ ਫਕੀਰ ਉਸਦੇ ਦਰ ਪਹੁੰਚਦੇ। ਮਜਨੂੰ ਫਕੀਰਾਂ ਦੀ ਲਾਈਨ ਵਿਚ ਅਖ਼ੀਰ ਵਿਚ ਖੜ੍ਹਦਾ। ਲੈਲਾ ਭੋਜਨ ਵੰਡਦੀ ਜਦੋਂ ਮਜਨੂੰ ਕੋਲ਼ ਪਹੁੰਚਦੀ ਤਾਂ ਉਹ ਇਸਦੇ ਹੱਥ 'ਤੇ ਹੱਥ ਮਾਰਕੇ ਉਸਦਾ 'ਕਾਸਾ' ਥੱਲੇ ਸੁੱਟ ਦਿੰਦੀ। ਮਜਨੂੰ ਲੈਲਾ ਦੀ ਛੋਹ ਪਾ ਕੇ ਮਸਤੀ ਵਿਚ ਨੱਚਣ ਲੱਗ ਪੈਂਦਾ। ਇਸ ਮਗਰੋਂ ਲਿਖਦਾ ਹੈ ਕਿ ਤੂੰ ਮੈਨੂੰ ਕੈਨੇਡਾ ਮੰਗਵਾ ਕੇ ਮੈਨੂੰ ਛੱਡ ਦੇਈ। ਮੈਂ ਦੂਰੋਂ ਤੈਨੂੰ ਦੇਖ ਲਿਆ ਕਰਾਂਗਾ। ਦੱਸ ਇਕ ਪਾਸੇ ਮੈਨੂੰ ਕਮੀਨੀ ਤੇ ਮਤਲਵਖੋਰ ਲਿਖਦਾ ਤੇ ਦੂਜੇ ਪਾਸੇਂ ਦੂਰੋਂ ਦੇਖ ਦੇਖ ਜ਼ਿੰਦਗੀ ਬਤੀਤ ਕਰਨ ਦੀਆਂ ਗੱਲਾਂ ਕਰਦਾ। ਹਾਂ ਸੱਚ ਅੰਕਲ ਮੈਨੂੰ ਧਮਕੀ ਵੀ ਦਿੱਤੀ ਹੈ ਕਿ ਤੇਰੀ ਡੇਟ ਆਫ਼ ਬਰਥ ਗਲਤ ਹੈ ਮੈਂ ਅੰਬੈਂਸੀ ਤੇਰੀ ਸ਼ਿਕਾਇਤ ਕਰਾਂਗਾ। ਮੈਂ ਤਾਂ ਹੈਰਾਨ ਹਾਂ ਕਿ ਇਕ ਪਾਸੇ ਮਜਨੂੰ ਬਣਦਾ ਹੈ ਅਤੇ ਦੂਜੇ ਪਾਸੇ ਧਮਕੀਆਂ ਦਿੰਦਾ ਹੈ।

ਅੰਕਲ ਜੀ ਇਸ ਨੂੰ ਸਮਝਾਓ ਕਿ ਐਵੀਂ ਲੈਟਰ ਲਿਖ ਲਿਖ ਆਪਣਾ ਟਾਇਮ ਵੇਸਟ ਨਾ ਕਰੇ। ਅੰਕਲ ਦੋ ਮਹੀਨੇ ਬਾਅਦ ਮੇਰਾ ਵਿਆਹ ਹੈ। ਜੀਜੇ ਦੀ ਜਾਣ ਪਚਾਣ ਵਾਲੇ ਇਕ ਪਰਿਵਾਰ ਦਾ ਇਕਲੌਤਾ ਬੇਟਾ ਹੈ। ਬੜਾ 'ਸ਼ਾਨਦਾਰ' ਮਰਦ ਹੈ। ਮੈਂ ਦੋ ਤਿੰਨ ਵਾਰ ਉਸ ਨੂੰ ਮਿਲ ਚੁੱਕੀ ਹਾਂ। ਇਸਨੂੰ ਆਖੋ ਇਹ ਵੀ ਵਿਆਹ ਕਰਵਾ ਲਵੇ। ਓ.ਕੇ. ਅੰਕਲ।

ਕਾਮਰੇਡ ਨੇ ਅਖੀਰ ਨੂੰ ਵਿਆਹ ਕਰਵਾ ਲਿਆ ਸੀ।

ਵਿਆਹ ਤਾਂ ਰਾਣੇ ਨੇ ਵੀ ਕਰਵਾ ਲਿਆ ਸੀ। ਰਾਣੇ ਨੇ ਸਿਰਫ਼ ਬੀ.ਏ. ਪਾਸ ਲੜਕੀ ਲਈ ਇਸ਼ਤਿਹਾਰ ਦਿੱਤਾ ਸੀ। ਸੋਹਣੀ ਸੁਨੱਖੀ ਅੰਕਲਮੰਦ ਕਰਮਜੀਤ ਕੌਰ 'ਰਾਣਾ ਹੌਸਪੀਟਲ' ਦੀ ਮਾਲਕਣ ਆਣ ਬਣੀ ਸੀ।

ਫ਼ੂਨ ਦੀ ਰਿੰਗ ਹੋਈ ਹੈ। ਮੈਂ ਦੇਖਿਆ ਹੈ। ਡਾ. ਰਾਣਾ ਦਾ ਫ਼ੂਨ ਹੈ। ਮੈਂ ਕਾਹਲ਼ੀ ਨਾਲ਼ ਆਨ ਕਰਕੇ ਹੈਲੋ ਆਖਦਾ ਹੈ। ਕਰਮਜੀਤ ਬੋਲਦੀ ਹੈ–

"ਹੈਲੋ ਅੰਕਲ ਜੀ ਮੈਂ ਕਰਮਜੀਤ ਬੋਲਦੀ ਹਾਂ। ਬਚਾਅ ਹੋ ਗਿਆ। ਮੈਂ ਤਾਂ ਡਰ ਗਈ ਸੀ ਕਿ ਇਹਨਾਂ ਨੂੰ ਅਟੈਕ ਹੋ ਗਿਆ। ਪਰ ਇਹ ਤਾਂ ਨਿਪਾਲੀ ਨੌਕਰ ਸ਼ਾਮੂ ਨੇ ਦੱਸਿਆ ਕਿ ਸਾਬ੍ਹ ਭਰ ਭਰ ਗਲਾਸ ਸ਼ਰਾਬ ਦੇ ਪੀ ਰਹੇ ਸਨ। ਰੱਬੋਂ ਅੰਮ੍ਰਿਤਸਰ ਵਾਲਾ ਡਾ. ਪਵਨ ਡਿਊਟੀ ਤੇ ਸੀ। ਇਕ ਅੰਪਡੈਂਕਸ ਦੀ ਸਰਜਰੀ ਵਾਲ਼ਾ ਮਰੀਜ਼ ਦਾਖਲ ਹੈ। ਜਦ ਉਸਨੂੰ ਪਤਾ ਲੱਗਾ ਕਿ ਡਾ. ਸਾਬ ਸ਼ਰਾਬ ਦੀ ਪੂਰੀ ਬੋਤਲ ਪੰਦਰਾਂ ਵੀਹ ਮਿੰਟ 'ਚ ਪੀ ਗਏ ਹਨ ਤਾਂ ਉਸਨੇ ਇਹਨਾਂ ਨੂੰ ਕਿਸੇ ਤਰ੍ਹਾਂ ਉਲਟੀਆਂ ਕਰਵਾ ਦਿੱਤੀਆਂ। ਪਵਨ ਕਹਿੰਦਾ ਡਰਨ ਦੀ ਕੋਈ ਲੋੜ ਨਹੀਂ। ਹਾਂ

ਸ਼ਾਮੂ ਨੇ ਇਹ ਵੀ ਦੱਸਿਆ ਕਿ ਸਾਬ੍ਹ ਜਦੋਂ ਪੈੱਗ ਤੇ ਪੈੱਗ ਲਾ ਰਹੇ ਸਨ ਤਾਂ ਵਟਸਐੱਪ ਤੇ ਕੋਈ ਫਿਲਮ ਦੇਖ ਰਹੇ ਸਨ। ਨਾਲ਼ੇ ਕਿਸੇ ਨੂੰ ਗਾਲ਼ਾਂ ਕੱਢ ਰਹੇ ਸਨ। ਮੈਂ ਇਹਨਾਂ ਦਾ ਫੂਨ ਚੈੱਕ ਕੀਤਾ ਤਾਂ ਬੈਟਰੀ ਡੈੱਡ ਹੋ ਚੁੱਕੀ ਸੀ। ਹੁਣ ਥੋੜ੍ਹੀ ਚਾਰਜ ਹੋਈ ਹੈ। ਮੈਂ ਇਹਨਾਂ ਦਾ ਵਟਸਐਪ ਚੈੱਕ ਕੀਤਾ ਹੈ। ਲਾਸਟ ਮੈਸਜ਼ ਇਹਨੀਂ ਤੁਹਾਨੂੰ ਸਿੰਡ ਕੀਤਾ ਹੋਇਆ ਹੈ। ਇਹ ਉਹੀ ਫਿਲਮ ਹੈ ਜੋ ਇਹਨਾਂ ਨੂੰ ਸਾਢੇ ਕੁ ਨੌਂ ਵਜੇ ਕਿਸੇ ਨੇ ਸਿੰਡ ਕੀਤੀ ਹੈ। ਤੁਹਾਡੇ ਵਲੋਂ ਅਜੇ ਚੈੱਕ ਨਹੀਂ ਕੀਤੀ ਹੋਈ। ਚੈੱਕ ਕਰ ਲਿਓ। ਤੁਸੀਂ ਸਵੇਰੇ ਆਇਓ ਜ਼ਰੂਰ। ਦੁਆਈ ਦੀ ਕੋਈ ਪੁਰਾਣੀ ਪਰਚੀ ਕੋਲ਼ ਲੈ ਲਿਓ। ਫਿਰ ਪੁਲਿਸ ਵਾਲ਼ੇ ਲੰਘਣ ਦੇ ਦੇਣਗੇ। ਅੱਛਾ ਅੰਕਲ ਜੀ ਮੈਂ ਹੁਣ ਫੂਨ ਬੰਦ ਕਰਦੀ ਹਾਂ। ਕਾਕਾ ਜਾਗਕੇ ਰੋਣ ਲੱਗ ਪਿਆ ਹੈ।"

ਮੈਂ ਕਾਹਲ਼ੀ ਨਾਲ਼ ਵਟਸਐਪ ਵਾਲ਼ਾ ਨਿਸ਼ਾਨ ਟੱਚ ਕਰਦਾ ਹਾਂ। ਡਾ. ਰਾਣਾ ਦਾ ਨਾਂ ਸਰਚ ਕਰਦਾ ਹਾਂ। ਰਾਣੇ ਵਲੋਂ ਭੇਜਿਆ ਮੈਸਿਜ਼ ਡਾਊਨਲੋਡ ਕਰਦਾ ਹਾਂ। ਪਰ ਡਾਊਨ ਲੋਡ ਫੇਲਡ ਲਿਖਿਆ ਆਈ ਜਾਂਦਾ ਸੀ। ਗਹੁ ਨਾਲ਼ ਦੇਖਦਾ ਹਾਂ ਨੈਟਵਰਕ ਦੇ ਡੰਡੇ ਜਹੇ ਗਾਇਬ ਨੇ। ਮੈਂ ਵੇਟ ਕਰਨ ਲੱਗਦਾ ਹਾਂ।

ਮੈਨੂੰ ਰਾਣੇ ਨਾਲ਼ ਬੀਤੇ ਸਮੇਂ 'ਚ ਹੋਈਆਂ ਮੁਲਾਕਾਤਾਂ ਅਤੇ ਗੱਲਾਂ ਯਾਦ ਆਉਣ ਲੱਗ ਪਈਆਂ ਹਨ। ਸਾਲ ਕੁ ਪਹਿਲੇ ਰਾਣਾ ਸ਼ਾਮ ਵੇਲੇ ਮੁਹਾਲ਼ੀ ਤੋਂ ਆਉਂਦਾ ਹੋਇਆ ਮੇਰੇ ਕੋਲ਼ ਘੰਟਾ ਕੁ ਰੁਕ ਗਿਆ ਸੀ। ਮੈਂ ਨਾਂਹ ਨਾਂਹ ਕਰਦੇ ਨੂੰ ਦੋ ਤਿੰਨ ਪੈਗ ਲਗਵਾ ਦਿੱਤੇ ਸਨ। ਮੈਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਮੇਰੇ ਮੂੰਹੋਂ ਨਿਕਲ਼ ਗਿਆ–

"ਰਾਣੇ ਮਾਈਂਡ ਨਾ ਕਰੀ। ਤੇਰੀ ਪਰਸਨਲ ਲਾਈਫ਼ ਦਾ ਸੁਆਲ ਹੈ। ਕੀ ਤੂੰ ਕਮਲ਼ ਨਾਲ਼ ਸਰੀਰਕ ਸੰਬੰਧ ਬਣਾਏ ਸੀ ?"

"ਅੰਕਲ ਅੱਗੇ ਤੁਹਾਡੇ ਕੋਲ਼ੋ ਕੁਝ ਲੁਕਾਇਆ। ਗੱਲ ਇਸ ਤਰ੍ਹਾਂ ਹੈ ਜਿਸ ਦਿਨ ਪਹਿਲੀ ਵਾਰ ਕਮਲ ਨੇ ਮੈਨੂੰ ਘਰ ਸੱਦਿਆ ਅਸੀਂ ਧੁੱਪੇ ਪਏ ਜਿਸ ਮੰਜੇ 'ਤੇ ਬੈਠਕੇ ਚਾਹ ਪੀਤੀ, ਚਾਹ ਮਗਰੋਂ ਉਸ 'ਤੇ ਹੀ ਲੇਟ ਗਏ ਅਤੇ ਇਕ ਦੂਜੇ ਨੂੰ ਡੀਪਲੀ ਕਿੱਸ ਕਰਨ ਲੱਗੇ। ਮੈਂ ਤਣਾਅ 'ਚ ਆ ਕੇ ਉਸਨੂੰ ਬੈਡ ਰੂਮ 'ਚ ਜਾਣ ਲਈ ਆਖਣ ਲੱਗਾ। ਉਸ ਅੱਧ ਮੀਟੀਆਂ ਅੱਖਾਂ ਨਾਲ਼ ਨਾਂਹ ਵਿਚ ਸਿਰ ਮਾਰਦੀ ਨੇ ਆਖਿਆ, 'ਸਬਰ ਕਰੋ। ਇਸ ਮਗਰੋਂ ਵਿਆਹ ਮੁਕਲਾਵੇ ਦਾ ਕੋਈ ਚਾਅ ਨੀ ਰਹਿਣਾ।' ਅੰਕਲ ਮੈਂ ਮੰਜੇ ਤੋਂ ਉੱਠ ਖੜ੍ਹਾ ਹੋਇਆ। ਸਿੰਕ ਤੇ ਜਾ ਕੇ ਠੰਡੇ ਪਾਣੀ ਦੇ ਦੋ ਤਿੰਨ ਬੁੱਕ ਪੀਤੇ। ਠੰਡਾ ਪਾਣੀ ਹੱਥਾਂ ਤੇ ਪਾਉਂਦਾ ਰਿਹਾ। ਫਿਰ ਮੂੰਹ 'ਤੇ ਛਿੱਟੇ ਮਾਰੇ। ਸ਼ਾਂਤ ਜਿਹਾ ਹੋ ਕੇ ਕਮਲ ਕੋਲ਼ ਆਇਆ। ਉਹ ਸਿਰ੍ਹਾਣੇ 'ਚ ਮੂੰਹ ਦੇਈ ਮੂਧੀ ਪਈ ਸੀ। ਮੈਂ ਕਿਹਾ ਕਮਲ ਮੈਂ ਜਾਮਾ ? ਉਸ ਨੇ ਹਾਂ ਵਿਚ ਸਿਰ ਹਿਲਾਅ ਦਿੱਤਾ। ਮੈਂ ਆ ਗਿਆ। ਇਸ ਤੋਂ ਬਾਅਦ ਵੀ ਉਸਨੇ ਦੋ ਕੁ ਵਾਰ ਮੈਨੂੰ ਘਰ ਸੱਦਿਆ। ਅਸੀਂ ਜੱਫ਼ੀਆਂ ਪੱਪੀਆਂ ਤਾਂ ਕਰਦੇ ਰਹੇ। ਉਸਦੀਆਂ ਹਰਕਤਾਂ ਤੋਂ ਮੈਨੂੰ ਕਈ ਵਾਰ ਲੱਗਾ ਵੀ ਕਿ ਉਹ ਅੱਗੇ ਵਧਣਾ ਚਾਹੁੰਦੀ ਹੈ। ਪਰ ਆਪਾਂ ਸਬਰ ਹੀ ਰੱਖਿਆ। ਇਕ ਦੂਜੇ ਨੂੰ ਕਿੱਸ ਤਾਂ ਲੰਚ ਟਾਇਮ ਰੋਜ਼ ਹੀ ਕਰਦੇ ਹੁੰਦੇ ਸੀ।"

'ਜਾ ਓ ਡਾਕਟਰਾ! ਬਿਮਾਰੀਆਂ ਦੀ ਪਹਿਚਾਣ ਤਾਂ ਸਿੱਖ ਲਈ ਪਰ ਔਰਤ ਦੀ ਅਣਚਾਹੀ ਨਾਂਹ ਦੇ ਮੀਰੀ ਗੁਣ ਦੀ ਪਰਖ ਨਾ ਆਈ। ਤੂੰ ਤਾਂ ਦੂਜਾ ਕੇਵਲ ਹੀ ਨਿਕਲ਼ਿਆ।' ਮੇਰਾ ਮਨ ਬੋਲਿਆ ਸੀ।

ਮੈਂ ਫੂਨ ਦੀ ਸਕਰੀਨ ’ਤੇ ਨਜ਼ਰ ਮਾਰਦਾ ਹਾਂ। ਨੈੱਟ ਨੇ ਥੋੜ੍ਹੀ ਜਾਨ ਫੜੀ ਹੈ।

ਡਾ. ਰਾਣੇ ਦੀ ਭੇਜੀ ਵੀਡੀਓ ਕਲਿੱਪ ਚਲਾਉਂਦਾ ਹਾਂ। ਕਿਸੇ ਗੁਰੂ ਘਰ ਦਾ ਵੱਡਾ ਹਾਲ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੈ। ਪੰਦਰਾਂ-ਅਠਾਰਾਂ ਮਰਦ ਔਰਤਾਂ ਇਕ ਦੂਜੇ ਤੋਂ ਦੂਰ ਦੂਰ ਬੈਠੇ ਹਨ। ਗਰੰਥ ਸਾਹਿਬ ਮੂਹਰੇ ਇਕ ਵਿਆਂਦੜ ਜੋੜੀ ਬੈਠੀ ਹੈ। ਮੈਨੂੰ ਉਹਨਾਂ ਦੀ ਪਿੱਠ ਦਿਖਾਈ ਦੇ ਰਹੀ ਹੈ।

“ਬੀਬਾ ਜੀ ਦੇ ਪਿਤਾ ਜੀ ਪੱਲੇ ਦੀ ਰਸਮ ਕਰਨ।” ਗਰੰਥੀ ਸਿੰਘ ਜੀ ਬੋਲੇ ਹਨ।

ਇਕ ਸਰਦਾਰ ਜੀ ਵਿਆਂਦੜ ਜੋੜੀ ਵੱਲ ਨੂੰ ਵਧੇ ਹਨ। ਇਹਨਾਂ ਦੀ ਵੀ ਪਿੱਠ ਹੀ ਦਿਖਾਈ ਦਿੰਦੀ ਹੈ। ਪੱਲਾ ਫੜਾਉਂਦੇ ਸਾਰ ਰਾਗੀ ਸਿੰਘਾਂ.... ‘ਪੱਲੇ ਤੈਂਡੇ ਲਾਗੀ...’ ਸ਼ਬਦ ਉਚਾਰਨਾ ਸ਼ੁਰੂ ਕਰ ਦਿੱਤਾ।

ਪੱਲਾ ਫੜ੍ਹਾ ਕੇ ਮੁੜੇ ਸਰਦਾਰ ਜੀ ਦਾ ਚਿਹਰਾ ਦੇਖਕੇ ਹੈਰਾਨੀ ’ਚ ਮੇਰੇ ਮੂੰਹੋਂ ਨਿਕਲ਼ਿਆ- ‘ਹੈਂ! ਇਹ ਤਾਂ ਅਵਤਾਰ ਸਿੰਘ ਹੈ। ਪੀ.ਐਨ.ਬੀ. ਬੰਗੇ ਵਾਲ਼ਾ।’

ਮੇਰੇ ਮਨ ਦਾ ਘੋੜਾ ਇੱਧਰ ਉੱਧਰ ਦੌੜਨ ਲੱਗਾ ਹੈ। ਅਵਤਾਰ ਸਿੰਘ ਦੀ ਇਕ ਹੀ ਬੇਟੀ ਕਮਲ ਹੈ। ਪਰ ਉਹ ਤਾਂ ਕੈਨੇਡਾ ਗਈ ਹੋਈ ਹੈ। ਹੋ ਸਕਦਾ ਅਵਤਾਰ ਸਿੰਘ ਕਿਸੇ ਪੇ ਬਾਹਰੀ ਰਿਸ਼ਤੇਦਾਰ ਲੜਕੀ ਦਾ ਅਨੰਦ ਕਰਵਾ ਰਿਹਾ ਹੋਵੇ। ਜਾਂ ਕਮਲ ਕਰਫਿਊ ਲੱਗਣ ਤੋਂ ਪਹਿਲੇ ਇੰਡੀਆ ਆ ਗਈ ਹੋਵੇ, ਪਰ ਅਵਤਾਰ ਸਿੰਘ ਨੇ ਗੱਲ ਨੀ ਕੀਤੀ। ਹਫ਼ਤਾ ਕੁ ਪਹਿਲੇ ਮੈਂ ਫੂਨ ਕੀਤਾ ਸੀ ਬੈਂਕ ਖੁੱਲ੍ਹਣ ਦੇ ਸਮੇਂ ਬਾਰੇ ਪੁੱਛਣ ਲਈ। ਉਦੋਂ ਹੀ ਮੈਂ ਪਰਿਵਾਰ ਦੀ ਰਾਜ਼ੀ ਖ਼ੁਸ਼ੀ ਪੁੱਛਦਿਆਂ ਕਮਲ ਦੀ ਰਾਜੀ ਖ਼ੁਸ਼ੀ ਉਚੇਚੇ ਤੌਰ ’ਤੇ ਪੁੱਛੀ ਸੀ।

“ਵੈਰੀ ਨਾਈਸ” ਤੋਂ ਵੱਧ ਅਵਤਾਰ ਸਿੰਘ ਬੋਲਿਆ ਨਹੀਂ ਸੀ।

ਭਾਈ ਜੀ ਨੇ ਪਹਿਲੀ ਲਾਮ ਸੰਪਨ ਕੀਤੀ ਹੈ। ਜੋੜੀ ਨੇ ਪਰਕਰਮਾ ਸ਼ੁਰੂ ਕੀਤੀ ਹੈ। ਚਿਹਰੇ ਸਾਹਮਣੇ ਆਉਣ ਤੇ ਮੈਂ ਕਮਲ ਪਛਾਣ ਲਈ ਹੈ। ਪਹਿਲਾ ਨਾਲ਼ੋਂ ਕੁਝ ਸਲਿਮ ਤੇ ਵੱਧ ਨਿਖਰੀ ਹੋਈ ਹੈ। ਲੜਕੇ ਬਾਰੇ ਵੀ ਕੁਝ ਝਾਉਲਾ ਪਿਆ ਹੈ ਜਿਵੇਂ ਕਿਤੇ ਦੇਖਿਆ ਹੋਵੇ।

ਦੂਜੀ ਲਾਮ ਦੀ ਪਰਕਰਮਾ ਸ਼ੁਰੂ ਹੋਈ ਹੈ। ਮੁੰਡੇ ਨੂੰ ਪਛਾਨਣ ਲਈ ਮੈਂ ਦਿਮਾਗ ਦਾ ਸਾਰਾ ਜ਼ੋਰ ਲਾਉਂਦਾ ਹਾਂ। ਮਨ ਕਹਿੰਦਾ ਹੈ ਕਿਤੇ ਦੇਖਿਆ ਹੋਇਆ ਹੈ। ਪਰ ਯਾਦਦਾਸ਼ਤ ਸਾਥ ਨਹੀਂ ਦੇ ਰਹੀ। ਤੀਜੀ ਤੋਂ ਬਾਅਦ ਚੌਥੀ ਲਾਮ ਸੰਪੂਰਨ ਹੋ ਗਈ ਹੈ। ਲੜਕੇ ਦੀ ਪਹਿਚਾਣ ਲਈ ਮਨ ਘੌਂਚਲੀ ਜਾਂਦਾ ਹੈ।

ਮਾੜੀ ਜਿਹੀ ਤੰਦ ਜੁੜਦੀ ਹੈ। ਸੰਭਵ ਹੈ ਇਹ ਉਹੀ ਹੋਵੇ। ਬਸ਼ੀਰ, ਜਿਸ ਨੂੰ ਮੈਂ ਰਤਨ ਹੌਸਪੀਟਲ ਹੀ ਮਿਲ਼ਿਆ ਸੀ। ਡਾ. ਰਾਣੇ ਦੇ ਕਮਰੇ ’ਚ। ਲੰਚ ਟਾਇਮ। ਮੈਂ ਇੰਗਲੈਂਡ ਨੂੰ ਜਾਣਾ ਸੀ। ਇੰਗਲੈਂਡ ਰਹਿੰਦੀ ਭੈਣ ਨੇ ਕੁਝ ਦਵਾਈਆਂ ਦੀ ਮੰਗ ਕੀਤੀ ਸੀ। ਮੈਂ ਰਾਣੇ ਨੂੰ ਨੋਟ ਕਰਵਾ ਦਿੱਤੀਆਂ ਸਨ। ਉਸ ਦਿਨ ਮੈਂ ਲੈਣ ਗਿਆ ਸੀ। ਇਕ ਮਜ਼ਬੂਤ ਕੱਦ ਕਾਠ ਵਾਲ਼ਾ ਨੌਜੁਆਨ ਦਵਾਈਆਂ ਫੜਾਉਣ ਆਇਆ ਸੀ। ਰਾਣੇ ਨੇ ਉਸਨੂੰ “ਆ ਬਈ ਬਸ਼ੀਰ ਸਿੰਘ” ਕਿਹਾ ਸੀ।

ਮੁੰਡੇ ਦੇ ਜਾਣ ਮਗਰੋਂ ਮੈਂ ਰਾਣੇ ਨੂੰ ਪੁੱਛਿਆ ਕਿ ਰਾਣਾ ਜੀ ਮੁੰਡਾ ਸੁਨੱਖਾ ਦਰਸ਼ਨੀ ਜਵਾਨ ਹੈ ਪਰ ਨਾਂ ਬੜਾ ਅਜੀਬ ਹੈ। ਬਸ਼ੀਰ ਮੁਸਲਮਾਨੀ ਨਾਂ ਲਗਦਾ ਤੇ ਸਿੰਘ ਸਿੱਖੀ।

"ਅੰਕਲ ਅਸਲ ਵਿਚ ਇਹ ਮੁੰਡਾ ਹੈ ਹੀ ਮੁਸਲਮਾਨ। ਫਿਲੌਰ ਤੋਂ। ਇਸ ਦੇ ਨਾਂ ਪਿੱਛੇ ਵੀ ਇਕ ਇਤਿਹਾਸ ਹੈ। ਪੱਦੀ ਪਿੰਡ ਇਕ ਜੱਟ ਸੀ ਬਲਿਹਾਰ ਸਿੰਘ। ਛੋਟਾ ਕਿਸਾਨ। ਉਸਦੇ ਕੋਈ ਔਲਾਦ ਨਹੀਂ ਸੀ। ਘਰਾਂ 'ਚੋਂ ਲਗਦੇ ਮੇਰੇ ਤਾਏ ਦਾ ਸੀ ਮਿੱਤਰ। ਤਾਇਆ ਟਰੱਕ ਡਰਾਇਵਰ ਸੀ। ਬੰਬੇ ਕਲਕੱਤੇ ਗੇੜਾ ਲਾਉਣ ਤੁਰਿਆ ਹੀ ਰਹਿੰਦਾ ਸੀ। ਇਕ ਢਾਬੇ ਤੇ ਇਹ ਤਾਏ ਨੂੰ ਮਿਲ਼ ਗਿਆ। ਰੋਟੀ ਖਾਂਦੇ ਤਾਏ ਕੋਲ ਇਹ ਆਇਆ ਤੇ ਕਹਿਣ ਲੱਗਾ, "ਮੈਂ ਪਜਾਬ। ਅੱਬਾ ਪਜਾਬ।" ਤਾਏ ਨੇ ਨਾਂ ਪੁੱਛਿਆ ਤਾਂ ਕਹਿੰਦਾ 'ਬਸ਼ੀਰ।' ਤਾਏ ਨੇ ਪਿੰਡ ਜ਼ਿਲ੍ਹਾ ਤੇ ਪਿਤਾ ਦਾ ਨਾਂ ਪੁੱਛਿਆ ਤਾਂ ਵਾਰ ਵਾਰ ਇਹੀ ਆਖੀ ਜਾਵੇ, 'ਅੱਬਾ ਪਜਾਬ, ਮੈਂ ਪਜਾਬ ਜਾਨਾ। ਮੈਂ ਬਸ਼ੀਰ। ਅੱਬਾ ਪਜਾਬ। ਟੇਸ਼ਨ।'

ਤਾਇਆ ਸਮਝ ਗਿਆ ਕਿ ਇਸਦਾ ਪੇ ਇਸਨੂੰ ਲੈ ਕੇ ਪੰਜਾਬ ਜਾ ਰਿਹਾ ਹੋਵੇਗਾ। ਸਟੇਸ਼ਨ ਦੀ ਭੀੜ 'ਚ ਨਿੱਖੜ ਗਿਆ ਹੋਣਾ। ਕਿਸੇ ਨੇ ਇਸ ਢਾਬੇ ਵਾਲ਼ੇ ਕੋਲ ਛੱਡ ਦਿੱਤਾ ਹੋਣਾ। ਇਹ ਰੋਟੀ ਪਾਣੀ ਦੇਈ ਜਾਊਗਾ। ਹੋਲ਼ੀ ਹੋਲ਼ੀ ਤਕੜਾ ਹੋ ਕੇ ਪੂਰਾ ਕਾਮਾ ਬਣਾ ਜਾਊ।

ਤਾਇਆ ਇਸਨੂੰ ਟਰੱਕ 'ਚ ਚਾੜ੍ਹ ਲਿਆਇਆ। ਲਿਆ ਕੇ ਆਪਣੇ ਮਿੱਤਰ ਬਲਿਹਾਰ ਕੋਲ਼ ਛੱਡਦਿਆਂ ਆਖਿਆ, "ਲੈ ਮਿੱਤਰਾਂ ਰੱਬੀ ਦਾਤ ਹੈ। ਜੇ ਪੁੱਤ ਬਣਾ ਸਕੇ ਤਾਂ ਵੀ ਠੀਕ ਹੈ ਨਹੀਂ ਤਾਂ ਟਹਿਲ ਸੇਵਾ ਕਰ ਦੋ ਸਾਲਾਂ ਨੂੰ ਤੇਰੀਆਂ ਮੱਝਾਂ ਸਾਂਭਣ ਜੋਗਾ ਹੋ ਜਾਊ।"

ਬੱਚਾ ਮੂੰਹ ਤੂੰ ਲੱਗਦਾ ਸੀ। ਸਰਦਾਰਨੀ ਦੇ ਮਨ 'ਚ ਤਰਸ ਤੇ ਮਮਤਾ ਮੂੰਹ ਜ਼ੋਰ ਹੋ ਗਏ। ਜਦ ਸੁੰਨਤ ਦੇਖੀ ਤਾਂ ਸਰਦਾਰ ਜੀ ਕੁਝ ਅੰਦਰੋਂ ਹਿੱਲੇ। ਸਭ ਇੱਕੋ ਰੱਬ ਦੇ ਪੈਦਾ ਕੀਤੇ ਹੋਏ ਜੀਵ ਹਨ। ਆਖਦਿਆਂ ਸਰਦਾਰਨੀ ਨੇ ਆਪਣਾ ਫੈਸਲਾ ਸੁਣਾ ਦਿੱਤਾ। ਬਲਿਹਾਰ ਸਿੰਘ ਨੇ ਕੁਝ ਸੋਚ ਵਿਚਾਰ ਮਗਰੋਂ ਪਿੰਡ ਛੱਡ ਕੇ ਫਿਲੌਰ ਇਕ ਮੁਹੱਲੇ ਵਿਚ ਘਰ ਲੈ ਲਿਆ ਕਿਉਂਕਿ ਬੱਚਾ ਆਪਣਾ ਨਾਂ ਸਭ ਨੂੰ ਬਸ਼ੀਰ ਹੀ ਦੱਸਦਾ ਸੀ। ਇਸ ਕਰਕੇ ਬਲਿਹਾਰ ਸਿੰਘ ਨੇ ਸਰਕਾਰੀ ਕਾਗਜ਼ੀ ਪੱਤਰੀ ਇਸਦਾ ਨਾਂ ਬਸ਼ੀਰ ਸਿੰਘ ਪੁੱਤਰ ਬਲਿਹਾਰ ਸਿੰਘ ਦਰਜ਼ ਕਰਵਾ ਦਿੱਤਾ। ਅੱਜ ਕੱਲ ਇਹ ਦਵਾਈਆਂ ਦੀ ਇਕ ਬਹੁਤ ਵੱਡੀ ਕੰਪਨੀ ਦਾ ਸੇਲਜਮੈਨ ਹੈ।

ਇੰਨਾ ਕੁਝ ਯਾਦ ਆਉਣ ਮਗਰੋਂ ਵੀ ਮੇਰਾ ਮਨ ਨਹੀਂ ਮੰਨਦਾ ਸੀ ਕਿ ਇਹ ਉਹੀ ਬਸ਼ੀਰ ਹੈ। ਉਹ ਤਾਂ ਕਲੀਨ ਸ਼ੇਵਡ ਸੀ। ਇਸਨੇ ਤਾਂ ਦਾੜ੍ਹੀ ਖੁੱਲ੍ਹੀ ਛੱਡੀ ਹੋਈ ਹੈ। ਪੱਗ ਬੰਨੀ ਹੋਈ ਹੈ। ਸਿਰ 'ਤੇ ਜੂੜਾ ਵੀ ਹੈ। ਅੱਜ ਕੱਲ ਤਾਂ ਮੁੰਡੇ ਕਲੀਨ ਸ਼ੇਵਡ ਹੋ ਰਹੇ ਹਨ। ਕੁੜੀਆਂ ਵੀ ਕਲੀਨ ਸ਼ੇਵਡ ਨੂੰ ਪਹਿਲ ਦਿੰਦੀਆਂ ਹਨ। ਚਲੋ ਅਰਦਾਸ 'ਚੋਂ ਪਤਾ ਲਗਜੂ 'ਮੈਂ ਅਰਦਾਸ ਦੀ ਵੇਟ ਕਰਨ ਲੱਗਾ ਹਾਂ। ਵੀਡੀਓ ਅਰਦਾਸ ਤੋਂ ਪਹਿਲੇ ਹੀ ਖ਼ਤਮ ਹੋ ਗਈ ਹੈ। ਮੈਂ ਕਲਿੱਪ ਨੂੰ ਅੱਗੇ ਵਧਾਉਂਦਾ ਹਾਂ। ਅੱਗੇ ਰਾਣੇ ਦਾ ਲਿਖਿਆ ਮੈਸਿਜ਼ ਨਿਕਲ਼ਦਾ ਹੈ–

ਅੰਕਲ ਮੁਸਲਾ ਵੀ ਸਿੰਘ ਸਜ ਗਿਆ ਹੈ। ਇਸ ਝੂਠੀ ਨੇ ਕਰੋੜਪਤੀ ਡਾ. ਛੱਡ ਕੇ ਦੋ ਕੌਡੀ ਦੇ ਸੇਲਜ਼ਮੈਨ ਵਿਚ ਕੀ ਦੇਖ ਲਿਆ?

"ਪੁੱਤਰਾ, ਮੈਂ ਕੀ ਦੱਸਾਂ? ਤੂੰ ਆਪ ਸਮਝ।" ਬੁਝਿਆ ਜਿਹਾ ਮੇਰਾ ਮਨ ਬੋਲਿਆ ਹੈ।

***

ਕਹਾਣੀ

# ਬੂਟ

**-ਅਰਵਿੰਦਰ ਕੌਰ ਧਾਲੀਵਾਲ**

"ਨਹੀਂ ਆਂ ਮੈਂ ਸਾਊ, ਨਹੀਂ ਆ......" ਬਿੱਲੀਆਂ ਅੱਖਾਂ ਵਿਚੋਂ ਵਹਿੰਦੇ ਅੱਥਰੂਆਂ ਦੀਆਂ ਛਮਛਮ ਧਾਰਾਂ ਨੂੰ ਨੱਸੇ ਜਾਂਦੇ ਸੀਟੇ ਨੇ ਮੋਢੇ ਨਾਲ ਕਈ ਵਾਰ ਪੂੰਝਿਆ ਸੀ। "ਵੇ ਸਾਊ... ਵੇ ਸਾਊ..." ਮਗਰੋਂ ਪੈਂਦੀਆਂ ਅਵਾਜ਼ਾਂ ਨੂੰ ਅਣਸੁਣਿਆ ਕਰਦਿਆਂ ਉਸ ਨੇ ਅੱਜ ਫਿਰ ਕੱਸੀ ਦੀ ਪੁਲ਼ੀ ਵੱਲ ਸ਼ੂਟ ਵੱਟ ਲਈ ਸੀ। ਇਹ ਪੈਂਡਾ ਤਾਂ ਜਿਵੇਂ ਉਹਦੇ ਪੈਰਾਂ ਨੇ ਮਿਣ ਰੱਖਿਆ ਸੀ। ਪਰ ਵਾਹੋਦਾਹੀ ਭੱਜੇ ਜਾਂਦੇ ਦਾ ਅੱਜ ਜਿਵੇਂ ਸਾਹ ਨਹੀਂ ਸੀ ਰਲ਼ਦਾ। ਮੀਂਹ ਪੈਣ ਮਗਰੋਂ ਲੱਗਾ ਵੱਟ, ਗੁੱਸਾ ਤੇ ਰੋਣਾ, ਇਨ੍ਹਾਂ ਨੇ ਮਿਲ ਕੇ ਉਹਦੀਆਂ ਗੱਲ੍ਹਾਂ 'ਤੇ ਘਰਾਲ਼ਾ ਵਾਹ ਸੁੱਟੀਆਂ ਸਨ। ਮੂੰਹ ਵਿਚੋਂ ਵਗੀਆਂ ਰਾਲ਼ਾਂ ਤੇ ਪਸੀਨੇ ਨੇ ਤਾਂ ਰਹਿੰਦੀ ਕਸਰ ਪੂਰੀ ਕਰ ਦਿੱਤੀ ਸੀ। ਨਵੀਂ ਟੀ ਸ਼ਰਟ ਦਾ ਅਗਲੇ ਪਾਸਿਉਂ ਤਾਂ ਹੁਲੀਆ ਹੀ ਵਿਗੜ ਗਿਆ ਸੀ। ਪਰ ਅੱਥਰੂ ਸਨ ਕਿ ਜਿਵੇਂ ਕੋਈ ਝਰਨਾ ਫੁੱਟ ਤੁਰਿਆ ਹੋਵੇ, ਰੁਕਣ ਦਾ ਨਾਂ ਨਹੀਂ ਸੀ ਲੈਂਦੇ।

"ਦਾਤੋ... ਘੜਾਤੋ.... ਦਾਤੋ.... ਸੜਾਤੋ....!" ਪੈਰ ਪਟਕਦਿਆਂ ਉਹ ਹਮੇਸ਼ਾ ਵਾਂਗ ਉਸ ਬੁਰਜੀ ਨਾਲ ਢੋਅ ਲਾ ਕੇ ਬੈਠਾ ਕਈ ਚਿਰ ਰੋਂਦਾ ਰਿਹਾ। ਰਤਾ ਕੁ ਸਾਹ ਆਇਆ ਤਾਂ ਸੀਟੇ ਨੂੰ ਮੰਮੀ ਦਾ ਖਿਆਲ ਆਇਆ। ਮੰਮੀ ਨੇ ਤਾਂ ਉਸਨੂੰ ਉਥੋਂ ਭੱਜ ਕੇ ਆਏ ਨੂੰ ਵੇਖਿਆ ਹੀ ਨਹੀਂ ਸੀ। ਸੀਟੇ ਦਾ ਧਿਆਨ ਮੰਮੀ ਤੋਂ ਹੱਟ ਕੇ ਦਾਤੋ ਬੁੜ੍ਹੀ ਵੱਲ ਚਲਿਆ ਗਿਆ।

"ਡੈਣ ਕਿਸੇ ਥਾਂ ਦੀ..." ਦਾਤੋ ਬੁੜ੍ਹੀ ਕੋਲੋਂ ਕੁਝ ਮਿੰਟ ਪਹਿਲਾਂ ਸੁਣੀਆਂ ਗਾਲ੍ਹਾਂ ਚੇਤੇ ਹੋ ਆਈਆਂ।

"ਮੰਮੀਏ....!" ਹੁਣੇ-ਹੁਣੇ ਹੋਈ ਸ਼ਰਮਿੰਦਗੀ ਯਾਦ ਕਰਕੇ ਉਹਦੀ ਲੇਰ ਨਿਕਲ ਗਈ।

ਸਾਹਮਣੇ ਰੁੱਖਾਂ ਦੀ ਝਿੜੀ ਵਿਚ ਪੰਛੀਆਂ ਦਰਮਿਆਨ ਸਰਗੋਸ਼ੀ ਜਿਹੀ ਹੋਈ। ਕੁਝ ਸਰਸਰਾਹਟ ਕਰਕੇ ਪੱਤੇ ਖ਼ਾਮੋਸ਼ ਹੋ ਗਏ। ਪੰਛੀਆਂ ਨੇ ਜਿਵੇਂ ਆਪਣਾ ਮਿੱਤਰ ਪਛਾਣ ਲਿਆ ਸੀ। ਉਹਨਾਂ ਨੂੰ ਪਤਾ ਸੀ ਕਿ ਇਹ ਬੁਰਜੀ ਸੀਟੇ ਦਾ ਘਰੋਂ ਮਾਰ ਖਾ ਕੇ ਆਉਣ ਜਾਂ ਰੁੱਸ ਕੇ ਆ ਲੁਕਣ ਦਾ ਪੱਕਾ ਟਿਕਾਣਾ ਸੀ। ਬੁਰਜੀ ਵਾਹਵਾ ਚੌੜੀ ਸੀ। ਇਨੀ ਕਿ ਰਾਹ ਵਿਚੋਂ ਲੰਘਦੇ ਜਾਂਦੇ-ਆਉਂਦਿਆਂ ਨੂੰ ਬੁਰਜੀ ਪਿੱਛੇ ਬੈਠਾ ਬੰਦਾ ਦਿਖਾਈ ਨਹੀਂ ਦਿੰਦਾ ਸੀ।

ਸੀਟੇ ਨੇ ਲੱਤਾਂ ਨਿਸਾਲ ਲਈਆਂ।

ਘੜੀ ਕੁ ਪਹਿਲਾਂ ਬਰਫ਼ੀ, ਰਸਗੁੱਲਿਆਂ ਨਾਲ ਭਰੀਆਂ ਵੇਖੀਆਂ ਪਲੇਟਾਂ ਅਤੇ ਉਹਨਾਂ ਵਿਚ ਰੱਖਿਆ ਗਿਆ ਵੱਡਾ ਸਾਰਾ ਗੁਲਾਬੀ ਰੰਗ ਦਾ ਕੇਕ ਅੱਖਾਂ ਸਾਹਮਣੇ ਸਾਕਾਰ ਹੋਣ ਲੱਗਿਆ। ਇਹ ਸਭ ਖਾਣਾ ਤਾਂ ਕੀ ਅਜੇ ਤਾਂ ਨਜ਼ਰ ਭਰ ਕੇ ਵੇਖਿਆ ਵੀ ਨਹੀਂ ਸੀ। ਸੋਚ ਕੇ ਫਿਰ ਅੱਥਰੂ ਡਲ੍ਹਕ ਆਏ। ਉਹਨੇ ਟੀ-ਸ਼ਰਟ ਦਾ ਢਿੱਡ ਤੋਂ ਸਿਰਾ ਚੁੱਕਿਆ ਤੇ ਉਸ ਨਾਲ ਮੂੰਹ ਪੂੰਝ ਲਿਆ।

ਉਹਦੇ ਪਿੱਛੋਂ ਦੀ ਇੱਕ ਡੱਡੀ ਨੇ ਅੱਗੇ ਛਾਲ ਮਾਰੀ ਤੇ ਦੂਜੀ ਛਾਲ ਵਿਚ ਉਹ ਸੀਟੇ ਦੇ ਪੱਟ 'ਤੇ ਸੀ।

ਉਹ ਖਿੜਖਿੜਾ ਕੇ ਹੱਸ ਪਿਆ।

ਡੁਬਦੇ ਜਾਂਦੇ ਸੂਰਜ ਦੀ ਲਾਲੀ ਵਿਚ ਸੀਟੇ ਦੀ ਕਿਲਕਾਰੀ ਜਿਵੇਂ ਖਿੱਤੀਆਂ ਤੱਕ ਖਿੱਲਰ ਗਈ। ਨੇੜਲੀ ਟਾਹਲੀ 'ਤੇ ਕਾਟੋ ਅੱਗੇ-ਪਿੱਛੇ ਭੱਜ ਉੱਠੀਆਂ। ਕਿੱਕਰਾਂ 'ਤੇ ਬੈਠੀਆਂ ਲਾਲੀਆਂ ਨੇ ਚੁਗਲ਼ੀ ਜਿਹੀ ਕੀਤੀ। ਤੂਤ ਵਿਚੋਂ ਚਿੜੀਆਂ ਨੇ ਧੌਣਾਂ ਬਾਹਰ ਕੱਢ ਕੇ ਝਾਕਿਆ। ਫਿਰ ਜਿਵੇਂ ਸੀਟੇ ਨੂੰ ਹੱਸਿਆ ਵੇਖ ਉਹ ਸ਼ਾਂਤ ਹੋ ਬੈਠੀਆਂ।

ਸੀਟੇ ਨੂੰ ਲੰਘੇ ਐਤਵਾਰ ਵਾਲੀ ਗੱਲ ਯਾਦ ਹੋ ਆਈ ਸੀ।

ਚਿੱਟੇ ਸੰਗਮਰਮਰ ਨਾਲ ਮੜ੍ਹੇ ਉਹਨਾਂ ਦੇ ਪਿੰਡ ਦੇ ਵੱਡੇ ਗੁਰਦੁਆਰੇ ਹਰ ਐਤਵਾਰ ਵਾਂਗ ਲੰਗਰ ਲੱਗਿਆ ਹੋਇਆ ਸੀ। ਬੰਟੇ ਖੇਡਦੇ ਸੀਟਾ, ਉਹਦਾ ਪੱਕਾ ਆੜੀ ਮੇਜਰ ਤੇ ਤੇਲੀਆਂ ਦਾ ਸੁੱਚਾ ਕੜਾਹ ਖੀਰ ਦੇ ਲਾਲਚ ਨੂੰ ਮਿੱਟੀ ਨਾਲ ਲਿੱਬੜੇ-ਤਿੱਬੜੇ ਹੀ, ਜੇਬਾਂ ਵਿਚ ਬੰਟੇ ਤੁੰਨੀ ਪੰਗਤ ਵਿਚ ਜਾ ਬੈਠੇ ਸਨ। ਬੱਕਰਦਾਹੜੀਏ ਵਰਤਾਵੇ ਨੇ ਦਬਕਾ ਮਾਰ ਕੇ ਪਹਿਲਾਂ ਉਹਨਾਂ ਦੇ ਹੱਥ-ਪੈਰ ਸੁੱਚੇ ਕਰਾਏ ਤੇ ਫਿਰ ਥਾਲੀਆਂ ਨੂੰ ਹੱਥ ਲਾਉਣ ਦਿੱਤਾ। ਉਹ ਰੋਟੀਆਂ ਛੱਡ ਕੇ ਸਿੱਧੇ ਖੀਰ ਕੜਾਹ ਨੂੰ ਟੱਕਰ ਪਏ। ਸੀਟੇ ਨੇ ਜਦੋਂ ਤੀਜੀ ਵਾਰ ਕੜਾਹ ਮੰਗਿਆ ਤਾਂ ਵਰਤਾਵੇ ਨੇ ਨਾਂਹ ਕਰ ਦਿੱਤੀ। ਉਦੋਂ ਮੇਜਰ ਨੇ ਖੀਰ ਮੂੰਹ ਨੂੰ ਲਾਈ ਸੀ ਤੇ ਸੁੱਚਾ ਦਾਲ਼ ਦਵਾਲ਼ੇ ਹੋਇਆ ਸੀ। ਰੁੱਸਿਆ ਸੀਟਾ ਖਾਲੀ ਥਾਲੀ ਅੱਗੇ ਜਿਵੇਂ ਹੜਤਾਲ 'ਤੇ ਬਹਿ ਗਿਆ। ਇਨੇ ਵਿਚ ਪਿਛਲੀ ਪੰਗਤ ਵਿਚ ਡੁੱਲ੍ਹੀ ਦਾਲ਼ ਤੋਂ ਬੱਕਰਦਾਹੜੀਏ ਵਰਤਾਵੇ ਦਾ ਪੈਰ ਤਿਲਕ ਗਿਆ ਤੇ ਉਹ ਖੀਰ ਵਾਲੀ ਬਾਲਟੀ ਸਮੇਤ ਧੜੰਮ ਜਾ ਪਿਆ। ਉਹਨੂੰ ਵੇਖ ਮੂੰਹ ਵੱਟੀ ਬੈਠੇ ਸੀਟੇ ਦਾ ਹਾਸਾ ਛੁੱਟ ਪਿਆ। ਉਹਦੇ ਨੱਕ ਵਿਚੋਂ ਸੀਂਢ ਦਾ ਬੁਲਬੁਲਾ ਨਿਕਲ ਉਹਦੇ ਮੂੰਹ ਉੱਤੇ ਠੁੱਸ ਹੋ ਗਿਆ। ਮੇਜਰ ਨੇ ਮੂੰਹ 'ਚ ਭਰੀ ਖੀਰ ਦਾ ਫੁਰਕੜਾ ਮਾਰਿਆ। ਸੁੱਚੇ ਦੀਆਂ ਨਾਸਾਂ ਥਾਣੀ ਪਾਣੀ ਨਿਕਲ ਗਿਆ। ਤਿਲਕਿਆ ਵਰਤਾਵਾ ਆਪਣੇ ਕੱਪੜੇ ਝਾੜਦਾ ਇਸ ਤਿਕੜੀ ਵੱਲ ਨੱਸ ਉੱਠਿਆ ਸੀ। ਉਹ ਤਿੰਨੇ ਬੰਦੂਕ 'ਚੋਂ ਨਿਕਲੀ ਗੋਲ਼ੀ ਵਾਂਗ ਇੰਜ ਭੱਜ ਉੱਠੇ ਸਨ ਕਿ ਉਹਨਾਂ ਨੰਬਰਦਾਰਾਂ ਦੇ ਗੇਟ ਬਾਹਰਲੇ ਪਿੱਪਲ ਥੱਲੇ ਆ ਕੇ ਸਾਹ ਲਿਆ ਸੀ। ਇੱਥੇ ਵੀ ਢਿੱਡ ਫੜ ਕੇ ਇੰਨਾ ਹੱਸੇ ਸਨ ਕਿ ਉਹਨਾਂ ਦੀਆਂ ਵਰਾਛਾਂ ਦੁਖਣ ਲੱਗੀਆਂ ਸਨ।

ਉਸ ਰਾਤ ਸੀਟੇ ਨੇ ਨਿੰਦੋ ਦੇ ਗਲ ਬਾਹਵਾਂ ਪਾ ਕੇ ਪੁੱਛਿਆ ਸੀ "ਮੰਮੀ! ਦੱਸ ਖਾਂ! ਓ ਵੈਹਗਰੂ ਨੂੰ ਭਲਾ ਕੜਾਹ ਦਾ ਸਵਾਦ ਪਤਾ ਈ?" ਤੇ ਉਹਦੀ ਮੰਮੀ ਕਈ ਚਿਰ ਖਲਾਅ ਵਿਚ ਝਾਕੀ ਗਈ ਸੀ।

ਅਗਲੇ ਦਿਨ ਤਿੰਨਾਂ ਦੋਸਤਾਂ ਨੇ ਸਕੂਲੋਂ ਆਉਂਦਿਆਂ ਇਹ ਫ਼ੈਸਲਾ ਕੀਤਾ ਸੀ ਕਿ ਆਉਂਦੇ ਐਤਵਾਰ ਉਹ ਗੁਰਦੁਆਰੇ ਨਹੀਂ ਜਾਣਗੇ। ਪੰਡਤਾਂ ਦੇ ਮੁੰਡੇ ਨੇ ਦੱਸਿਆ ਸੀ ਕਿ ਐਸ ਸ਼ਨੀਵਾਰ ਪੰਡਤ ਹੁਰਾਂ ਨੇ ਭੰਡਾਰਾ ਲਾਉਣਾ ਸੀ ਤੇ ਨਾਲੇ ਜਾਗਰਣ ਵੀ ਕਰਨਾ ਸੀ। ਹਲਵਾਈ ਇਸ ਭੰਡਾਰੇ ਵਿਚ ਪੂੜੀਆਂ ਛੋਲੇ, ਕੜਾਹ, ਪਕੌੜੇ ਤੇ ਹੋਰ ਕਈ ਕੁਝ ਬਣਾਇਆ ਕਰਦੇ ਸਨ।

ਸੀਟੇ ਨੂੰ ਲੰਘੀ ਸ਼ਿਵਰਾਤਰੀ ਦਾ ਚੇਤਾ ਹੋ ਆਇਆ। ਉਸ ਦਿਨ ਸ਼ੌਂਕੀ ਚਾਚਾ ਵੀ ਆਇਆ ਹੋਇਆ ਸੀ। ਸੀਟੇ ਨੇ ਭੰਡਾਰੇ 'ਚੋਂ ਪਕੌੜੇ ਲਿਆਂਦੇ ਸਨ ਜੋ ਉਹਨੇ ਤੇ ਉਹਦੀ ਮੰਮੀ... ਦੋਹਾਂ ਨੇ ਰੱਜ-ਰੱਜ ਖਾਧੇ ਸਨ। ਚਾਚਾ ਦੱਸਦਾ ਸੀ ਕਿ ਸੀਟਾ ਤੇ ਉਹਦੀ ਮੰਮੀ ਅਗਲੀ ਦੁਪਹਿਰ ਤੱਕ ਕਮਲਿਆਂ ਵਾਗੂੰ ਕਦੀ ਹੱਸਣ ਲੱਗ ਪੈਂਦੇ ਤੇ ਕਦੇ ਰੋਣ ਲੱਗ ਜਾਂਦੇ। ਸ਼ੌਂਕੀ ਚਾਚੇ ਨੇ ਖੱਟੀ ਲੱਸੀ ਪਿਆ-ਪਿਆ ਕੇ ਮਸਾਂ ਉਨ੍ਹਾਂ ਦੀ ਸੁਰਤ ਮੋੜ ਕੇ ਲਿਆਂਦੀ ਸੀ।

"ਚਵਾਰਾ ਚਾਚਾ...." ਸੀਟੇ ਦੇ ਦਿਲ ਵਿਚ ਚਾਚੇ ਲਈ ਲਾਡ ਭਰ ਆਇਆ।

ਸ਼ੌਂਕੀ ਸੀਟੇ ਦੇ ਡੈਡੀ ਦੀ ਮਾਸੀ ਦਾ ਪੁੱਤ ਸੀ। ਉਹ ਆਪਣੇ ਬਣਾਏ ਮਿੱਟੀ ਦੇ ਭਾਂਡੇ ਆਪਣੀਆਂ ਚਹੁੰਆਂ ਖੋਤੀਆਂ 'ਤੇ ਲੱਦ ਕੇ ਸ਼ਹਿਰ ਵੇਚਣ ਜਾਇਆ ਕਰਦਾ ਸੀ। ਕਦੇ-ਕਦੇ ਜਾਂਦੀ ਵਾਰ ਜਾਂ ਕਦੇ ਆਉਂਦੀ ਵਾਰੀ ਉਹ ਸੀਟੇ ਹੁਰਾਂ ਕੋਲ ਕੁਝ ਚਿਰ ਠਹਿਰ ਜਾਂਦਾ। ਜਿਸ ਨਾਲ ਸੀਟੇ ਨੂੰ ਉਹਨਾਂ ਦਾ ਨਿੱਕਾ ਜਿਹਾ ਕਮਰਾ ਕੁਝ ਭਰਿਆ-ਭਰਿਆ ਲੱਗਦਾ। ਚਾਚੇ ਦੇ ਆਉਣ ਕਰਕੇ ਮੰਮੀ ਵੀ ਆਪਣੇ ਸਿਰ 'ਤੇ ਹਰ ਵੇਲ਼ੇ ਬੰਨ੍ਹੀ ਰੱਖਿਆ ਲੀੜਾ ਲਾਹ ਸੁੱਟਦੀ। ਉਦੋਂ ਉਹ ਸਾਫ਼-ਸੁਥਰੀ ਤੇ ਸੋਹਣੀ ਬਣ ਜਾਂਦੀ। ਅੱਖਾਂ ਵਿਚ ਸੁਰਮਾ ਪਾਉਂਦੀ। ਉਹਦਾ ਸਿਰ ਵੀ ਦੁਖਣੋਂ ਹੱਟ ਜਾਂਦਾ। ਚਾਚੇ ਦੇ ਆਇਆਂ ਜਿਵੇਂ ਸੀਟੇ ਹੁਰਾਂ ਦੀ ਨੀਰਸ ਜ਼ਿੰਦਗੀ ਵਿਚ ਰੌਣਕ ਆ ਜਾਂਦੀ। ਉਦੋਂ ਉਹਨੂੰ ਆਪਣੇ ਬਾਪ ਦੀ ਕਮੀ ਮਹਿਸੂਸ ਨਾ ਹੁੰਦੀ। ਸੀਟੇ ਦੇ ਡੈਡੀ ਬਾਰੇ ਉਹਦੀ ਮੰਮੀ ਦੱਸਦੀ ਸੀ ਕਿ ਉਹ ਤਾਂ ਸੀਟੇ ਦੇ ਜੰਮਣ ਤੋਂ ਪਹਿਲਾਂ ਹੀ ਇੱਕ ਦਿਨ ਐਸਾ ਘਰੋਂ ਗਿਆ ਸੀ ਕਿ ਅਜੇ ਤੱਕ ਵਾਪਸ ਨਹੀਂ ਸੀ ਮੁੜਿਆ।

"ਚਾਚਾ ! ਤੂੰ ਸਾਡੇ ਕੋਲ਼ ਹੀ ਪੱਕਾ ਰਹੁ ਖਾਂ...." ਲਾਡ ਨਾਲ ਚਾਚੇ ਦੀ ਕਨ੍ਹਾੜੀ ਚੜ੍ਹੇ ਸੀਟੇ ਨੇ ਕਿਹਾ ਸੀ।

"ਓ ਜਾਰ! ਬੱਸ ਹੋਰ ਖੜੋ ਜਾ ਥੋੜ੍ਹਾ ਚਿਰ....ਆਪਾਂ ਦੋ ਹੋਰ ਗੱਡੀਆਂ ਪਾ ਲੈਣੀਆਂ ਇਸ ਸਾਲ.... ਫਿਰ ਆਪਣਾ ਕੰਮ ਵਾਹਵਾ ਲੋਟ ਆ ਜੂ..... ਵੱਡੀ ਟਰਾਂਹਪੋਟ ਹੋ ਜਾਣੀ ਆਪਣੀ....ਫਿਰ ਰਹੂੰ ਮੈਂ ਪੱਕਾ...!" ਸੀਟੇ ਨੂੰ ਪਤਾ ਸੀ ਕਿ ਚਾਚਾ ਇਹ ਲਾਰਾ ਉਹਨੂੰ ਕਈ ਚਿਰਾਂ ਤੋਂ ਲਾ ਰਿਹਾ ਸੀ। ਪਰ ਫਿਰ ਵੀ ਚਾਚੇ ਦੇ ਆਉਣ ਦੀ ਉਹਨੂੰ ਉਡੀਕ ਰਹਿੰਦੀ ਸੀ।

ਚਾਚੇ ਤੋਂ ਹੱਟ ਕੇ ਉਹਦਾ ਧਿਆਨ ਲਾਗੇ ਬੁੜ੍ਹਕਦੀ ਡੱਡੀ ਵੱਲ ਚਲਾ ਗਿਆ। ਉਹ ਸੀਟੇ ਦੀਆਂ ਲੱਤਾਂ 'ਤੇ ਉੱਛਲ ਰਹੀ ਸੀ। ਉਹਨੇ ਪੱਟ 'ਤੇ ਚੜੀ ਡੱਡੀ 'ਤੇ ਹੱਥ ਰੱਖ ਕੇ ਬੋਘੀ ਬਣਾ ਲਈ। ਉਹ ਉਹਦੀ ਹਥੇਲੀ ਅੰਦਰ ਬੁੜ੍ਹਕਣ ਲੱਗੀ। ਸੀਟੇ ਨੂੰ ਮਜ਼ਾ ਆਉਣ ਲੱਗਿਆ।

ਉਹਨੂੰ ਯਾਦ ਆਇਆ ਕਿ ਕਿਰਨ ਦੇ ਘਰ ਸਾਰੇ ਉਹਦੇ ਜਨਮਦਿਨ ਦੀ ਪਾਰਟੀ ਵਿਚ ਰੁੱਝੇ ਹੋਣਗੇ। ਡੱਡੀ ਛੱਡ ਕੇ ਧਿਆਨ ਕਿਰਨ ਵੱਲ ਚਲਿਆ ਗਿਆ। ਜਿਸ ਦੇ ਜਨਮਦਿਨ ਲਈ ਅੱਜ ਉਹ ਉਚੇਚਾ ਤਿਆਰ ਹੋ ਕੇ ਗਿਆ ਸੀ। ਉਹਦੇ ਤੇ ਕਿਰਨ ਵਿਚ ਬੇਸ਼ੱਕ ਮੇਲ਼ ਕੋਈ ਨਹੀਂ ਸੀ ਪਰ ਸਾਂਝ ਜ਼ਰੂਰ ਸੀ। ਨਾਲੇ ਉਹ ਵੀ ਤਾਂ ਸੀਟੇ ਵਾਂਗੂੰ ਚੌਥੀ ਵਿਚ ਹੀ ਪੜ੍ਹਦੀ ਸੀ।

ਸੀਟੇ ਹੁਰੀਂ ਕਿਰਨ ਹੁਰਾਂ ਦੀ ਕੋਠੀ ਪਿੱਛੇ ਬਣੀ ਹਵੇਲੀ ਵਿਚ ਨੁੱਕਰੇ ਬਣੇ ਇੱਕ ਕਮਰੇ ਵਿਚ ਰਹਿੰਦੇ ਸਨ। ਦੋ ਹਿੱਸਿਆਂ ਵਿਚ ਵੰਡੇ ਇਸ ਵਿਹੜੇ ਦੇ ਸਾਹਮਣੇ ਬੰਨੇ ਡੰਗਰਾਂ ਦੀ ਛਤਾਉਤ ਸੀ। ਸੀਟੇ ਹੁਰਾਂ ਵਾਲੇ ਬੰਨੇ ਸੰਦ ਤੇ ਦਾਣੇ ਸਾਂਭਣ ਵਾਲੇ ਵਰਾਂਡੇ। ਕੋਠੀ ਦਾ ਗੇਟ ਵੱਡੀ ਸੜਕ ਵੱਲ ਖੁੱਲ੍ਹਦਾ ਤੇ ਸੀਟੇ ਹੁਰਾਂ ਵਾਲਾ ਪਿੰਡ ਵੱਲ। ਵਿਚਕਾਰਲਾ ਗੇਟ ਸਵੇਰੇ ਸ਼ਾਮ ਡੰਗਰ ਚੋਣ ਵੇਲੇ ਖੁੱਲ੍ਹਦਾ। ਉਦੋਂ ਕਿਰਨ ਤੇ ਸੀਟਾ ਬੁੱਘੇ ਨਾਲ ਰਲ਼ ਕੇ ਖੇਡਦੇ। ਬੁੱਘੇ ਨੂੰ ਕਿਰਨ ਦੇ ਬਾਪੂ ਜੀ ਨੇ ਕਿਰਨ ਦੀ ਜਿੱਦ 'ਤੇ ਹੀ ਹਵੇਲੀ ਰਹਿਣ ਦਿੱਤਾ ਸੀ ਨਹੀਂ ਤਾਂ ਉਹ ਕਟਰੂ ਨਹੀਂ ਸੀ ਰੱਖਦੇ ਹੁੰਦੇ। ਕਿਰਨ ਤੇ ਸੀਟਾ ਬੁੱਘੇ ਨਾਲ ਖੇਡਦੇ ਤਾਂ ਜ਼ਰੂਰ ਸਨ ਪਰ ਬੁੱਘੇ ਦੇ ਪੱਠੇ-ਦੱਥੇ ਦੀ ਜਿੰਮੇਵਾਰੀ ਕਿਰਨ ਦੇ ਬਾਪੂ ਜੀ ਨੇ ਸੀਟੇ ਨੂੰ ਦੇ ਰੱਖੀ ਸੀ। ਉਹ ਆਪ ਭਾਵੇਂ ਨਹਾਉਂਦਾ ਧੋਂਦਾ ਨਾ ਪਰ ਬੁੱਘੇ ਨੂੰ ਨਿਯਮ ਨਾਲ ਨਵ੍ਹਾਉਂਦਾ। ਦਾਣਾ-ਫੱਕਾ ਪਾਉਂਦਾ। ਨਿੰਦੋ ਦੀ ਜਿੰਮੇਵਾਰੀ ਡੰਗਰਾਂ ਦਾ ਗੋਹਾ ਪੱਥਣ ਦੀ ਸੀ। ਉਹ ਸਾਰਾ ਦਿਨ ਕੋਠੀ ਵਿਚ ਕੰਮ ਵੀ

ਕਰਾਉਂਦੀ। ਜਿਸ ਦੇ ਬਦਲੇ ਉਹਨੂੰ ਸਿਰ ਲੁਕਾਉਣ ਲਈ ਛੱਤ ਤੇ ਦੋਂਹ ਵੇਲ਼ਿਆਂ ਦੀ ਰੋਟੀ ਦਾ ਭਰਵਾਸਾ ਰਹਿੰਦਾ।

ਸੀਟੇ ਨੂੰ ਬੁੱਘਾ ਯਾਦ ਹੋ ਆਇਆ।

"ਚਵਾਰਾ ਬੁੱਘਾ!" ਉਸ ਨੇ ਅੱਜ ਉਹਨੂੰ ਖੋਲ੍ਹ ਕੇ ਬਾਹਰ ਵੀ ਨਹੀਂ ਸੀ ਬੰਨ੍ਹਿਆ। ਕਿਰਨ ਦੇ ਜਨਮ ਦਿਨ ਦੀ ਪਾਰਟੀ ਨੇ ਉਸਨੂੰ ਪਾਣੀ ਡਾਹਉਣਾ ਵੀ ਵਿਸਾਰ ਛੱਡਿਆ ਸੀ। ਸੀਟੇ ਨੂੰ ਯਾਦ ਆਇਆ ਕਿ ਕਿਰਨ ਦਾ ਬਾਪੂ ਜੀ ਕਿੱਡਾ ਚੰਗਾ ਤੇ ਬੁੜ੍ਹੀ ਕਿੰਨੀ ਭੈੜੀ ਸੀ।

"ਦਾਤੋ... ਘੜਾਤੋ.....!" ਬਾਪੂ ਠੀਕ ਕਹਿੰਦਾ ਸੀ ਕਿ ਇਹਦੀ ਜਬਾਨ ਦਾਤ ਤੋਂ ਵੀ ਤਿੱਖੀ ਏ ਜਿਹੜੀ ਸਵੇਰੇ ਸ਼ਾਮ ਵੱਢ-ਟੁੱਕ ਕਰਦੀ ਰਹਿੰਦੀ ਏ।

ਬਾਪੂ ਮੁਤਾਬਕ ਤੜਕੇ ਉਠਦੀ ਬੁੜ੍ਹੀ ਦੀ ਜ਼ਬਾਨ ਵੀ ਤੜਕੇ ਹੀ ਚੱਲਣ ਲੱਗ ਪੈਂਦੀ।

"ਮਰ ਵੇ ਖ਼ਸਮਾਂ....ਮਰ ਵੇ-ਮਰ ਵੇ ਖ਼ਸਮਾ....ਮਰ ਵੇ" ਬੁੜ-ਬੁੜ ਕਰਦੀ ਬੁੜ੍ਹੀ ਇਸ਼ਨਾਨ ਪਾਣੀ ਕਰਦੀ ਕਲਾਣ ਕਰਨ ਲੱਗ ਜਾਂਦੀ। ਉਂਜ ਉਹਨੇ ਟੈਲੀਵਿਜ਼ਨ 'ਚੋਂ "ਮੰਨ ਵੇ ਖ਼ਸਮਾਂ ਮੰਨ ਵੇ" ਸ਼ਬਦ ਸੁਣ ਕੇ ਯਾਦ ਕੀਤਾ ਹੋਇਆ ਸੀ।

ਦਾਤੋ ਬੁੜ੍ਹੀ ਵੱਲ ਧਿਆਨ ਜਾਂਦਿਆਂ ਹੀ ਸੀਟੇ ਦਾ ਜਿਵੇਂ ਮੂੰਹ ਕੌੜਾ ਹੋ ਗਿਆ। ਉਹਨੇ ਪਾਸੇ ਵੱਲ ਥੁੱਕਿਆ। ਫਿਰ ਉਹਦੀ ਨਜ਼ਰ ਪੈਰਾਂ ਵੱਲ ਗਈ। ਭੱਜੇ ਆਉਂਦੇ ਦੀਆਂ ਲੱਤਾਂ ਤੇ ਪੈਰ ਘੱਟੇ ਨਾਲ ਭਰੇ ਪਏ ਸਨ। ਚਿੱਟੇ ਬੂਟ ਰੰਗੋਂ-ਬੇਰੰਗ ਹੋ ਗਏ ਸਨ। ਨਿੱਕਰ ਤੱਕ ਲੱਤਾਂ ਧੂੜ ਨਾਲ ਭਰੀਆਂ ਸਨ। ਉਹਨੇ ਪਹਿਲਾਂ ਸੱਜਾ ਤੇ ਫਿਰ ਖੱਬਾ ਬੂਟ ਲਾਹ ਕੇ ਆਪਣੇ ਸਾਹਮਣੇ ਰੱਖ ਲਏ ਤੇ ਚੌਂਕੜੀ ਮਾਰ ਕੇ ਬੈਠ ਗਿਆ।

"ਇਹੀ ਪੁਆੜੇ ਦੀ ਜੜ੍ਹ ਨੇ....." ਉਹਨੇ ਆਪਣੇ ਪੈਰਾਂ ਦੇ ਥੱਲੇ ਵੇਖਿਆ। ਪਾਤਲੀਆਂ ਦੀਆਂ ਲਕੀਰਾਂ ਵਿਚ ਧੂੜ ਜੰਮੀ ਹੋਈ ਸੀ। ਬਿਆਈਆਂ ਪਾਟੀਆਂ ਹੋਈਆ ਸਨ।

'ਇਹਨਾਂ ਪੈਰਾਂ ਨੇ ਉਹਨੂੰ ਬੜੀ ਵਾਰ ਕੁੱਟ ਪਵਾਂਈ ਸੀ' ਇਹ ਖਿਆਲ ਉਸ ਨੂੰ ਸਿਆਲ਼ ਵਿਚ ਸਕੂਲੋਂ ਮਿਲਣ ਵਾਲੀ ਵਰਦੀ ਵੱਲ ਲੈ ਗਿਆ। ਚੜ੍ਹਦੇ ਸਿਆਲ਼ ਕਈ ਵਾਰ ਮਿਲਣ ਵਾਲੇ ਬੂਟ ਉਹ ਸਾਰਾ ਸਿਆਲ਼ ਘਰ ਬਾਹਰ ਪਾ ਕੇ ਹੰਢਾ ਸੁੱਟਦਾ ਤੇ ਫਿਰ ਉਵੇਂ ਦਾ ਉਵੇਂ ਹੀ ਨੰਗੇ ਪੈਰੀਂ ਹੁੰਦਾ। ਕਈ ਵਾਰ ਚਪਲਾਂ ਜਿਥੇ ਖੇਡਦਾ ਹੁੰਦਾ ਉਥੇ ਹੀ ਛੱਡ ਆਉਂਦਾ। ਫਿਰ ਕਈ ਦਿਨ ਉਵੇਂ ਹੀ ਤੁਰਿਆ ਫਿਰਦਾ। ਇਸ ਲਾਪਰਵਾਹੀ ਕਰਕੇ ਕਈ ਵਾਰ ਤੌਣ ਵੀ ਲੱਗਦੀ ਪਰ ਪਰਨਾਲਾ ਉੱਥੇ ਦਾ ਉੱਥੇ।

ਉਹਨੂੰ ਮਨਰਾਜ ਦਾ ਖ਼ਿਆਲ ਆਇਆ ਕਿ ਸਿਰਫ਼ ਉਸਨੇ ਹੀ ਹੁਣੇ-ਹੁਣੇ ਉਸ ਨੂੰ ਭੱਜੇ ਜਾਂਦੇ ਨੂੰ ਪਿੱਛੋਂ ਅਵਾਜ਼ਾਂ ਦਿੱਤੀਆਂ ਸਨ।

ਮਨਰਾਜ ਕਿਰਨ ਦੀ ਚਾਚੀ ਹੈ ਜੋ ਸਾਲ ਕੁ ਪਹਿਲਾਂ ਵਿਆਹੀ ਆਈ ਹੈ। ਸੀਟੇ ਨੂੰ ਉਹ ਬੜੀ ਚੰਗੀ ਲੱਗਦੀ। ਬਿਲਕੁਲ ਕਿਰਨ ਹੁਰਾਂ ਦੇ ਟੈਲੀਵਿਜ਼ਨ ਵਿਚ ਆਉਂਦੀ ਸਾਬਣ ਦੀ ਮਸ਼ਹੂਰੀ ਵਾਲੀ ਕੁੜੀ ਵਰਗੀ।

'ਮੰਮੀ ਮੈਂ ਵੱਡਾ ਹੋ ਕੇ ਮਨਰਾਜ ਨਾਲ ਵਿਆਹ ਕਰਉਂਗਾ!' ਜਦੋਂ ਨਿੰਦੋ ਦੇ ਢਿੱਡ ਤੇ ਲੱਤਾਂ ਨਿਸਾਲ ਕੇ ਪਏ ਸੀਟੇ ਨੇ ਇੰਜ ਕਿਹਾ ਸੀ ਤਾਂ ਉਹ ਤਮ੍ਹਕ ਕੇ ਪਈ ਸੀ "ਖਲੋ ਚਉਰਿਆ! ਤੇਰਾ ਕਰਾਂ ਵਿਆਹ! ਖਲੋ ਜਰੀ ਕੁ!"

ਫਿਰ ਮੰਮੀ ਹੱਸਦੀ ਰਹੀ ਸੀ।

ਅੱਜ ਉਸਨੇ ਮਨਰਾਜ ਦਾ ਉਚੇਚਾ ਬਜ਼ਾਰੋਂ ਲਿਆ ਕੇ ਦਿੱਤਾ ਸੂਟ ਪਾਇਆ ਸੀ।

'ਇਹਨੂੰ ਗੰਦਾ ਨਾ ਕਰੀ ਸਾਊ' ਦੇਣ ਲੱਗਿਆਂ ਉਹਨੇ ਸੀਟੇ ਦੀ ਗੱਲ੍ਹ ਪੁੱਟੀ ਸੀ। ਹੀਰੋਇਨਾਂ ਵਰਗੀ ਲੱਗਦੀ ਮਨਰਾਜ ਨੂੰ ਵੇਖ ਕੇ ਸੀਟੇ ਦਾ ਦਿੱਲ ਕੀਤਾ ਸੀ ਕਿ ਉਹ ਵੱਡਾ ਤੇ ਤਾਕਤਵਰ ਹੀਰੋ ਹੋਵੇ ਤੇ ਮਨਰਾਜ ਦੇ ਘਰਵਾਲੇ ਨੂੰ ਘਸੁੰਨ ਫੇਰ-ਫੇਰ ਕੇ ਮਨਰਾਜ ਨੂੰ ਉਹਦੇ ਤੋਂ ਜਿੱਤ ਲਵੇ। "ਡਿਸ਼ੂੰਮ"...! ਘਸੁੰਨ ਵੱਟ ਕੇ ਜਦੋਂ ਸੱਜੀ ਬਾਂਹ ਹਵਾ ਵਿਚ ਲਹਿਰਾਈ ਤਾਂ ਬੋਲ ਉਹਦੇ ਮੂੰਹੋਂ ਨਿਕਲਿਆ।

ਸੀਟੇ ਤੇ ਕਿਰਨ ਨੂੰ ਮਨਰਾਜ ਚੰਗੀ ਲੱਗਦੀ ਸੀ। ਮਨਰਾਜ ਉਹਨਾਂ ਦੋਹਾਂ ਨੂੰ ਇਕੱਠੇ ਖੇਡਦੇ ਵੇਖ ਕੇ ਮਨ੍ਹਾਂ ਨਾ ਕਰਦੀ ਜਦ ਕਿ ਕਿਰਨ ਹੁਰਾਂ ਦੀ ਦਾਦੀ ਨੂੰ ਕਿਰਨ ਦਾ ਸੀਟੇ ਨਾਲ ਖੇਡਣਾ ਫੁੱਟੀ ਅੱਖ ਨਾ ਭਾਉਂਦਾ। ਉਹ ਆਨੀ-ਬਹਾਨੀ ਕਿਰਨ ਨੂੰ ਘਰ ਵੱਲ ਸੱਦ ਭੇਜਦੀ। ਬੁੜ੍ਹੀ ਨੂੰ ਤਾਂ ਸ਼ੌਂਕੀ ਚਾਚੇ ਦਾ ਆਉਣਾ ਵੀ ਚੰਗਾ ਨਹੀਂ ਲੱਗਦਾ ਸੀ ਪਰ ਬਾਪੂ ਜੀ ਕਦੇ ਕੁਝ ਨਹੀਂ ਸੀ ਕਹਿੰਦਾ।

ਜਿਸ ਦਿਨ ਮਨਰਾਜ ਦੀ ਡੋਲ਼ੀ ਆਈ ਸੀ। ਕਿਰਨ ਦੇ ਬਾਪੂ ਹੁਰਾਂ ਨੇ ਕਿੰਨਾ ਭਾਨ ਡੋਲ਼ੀ ਤੋਂ ਦੀ ਸੁੱਟਿਆ ਸੀ। ਡੋਲ਼ੀਉਂ ਉਤਰਦੀ ਮਨਰਾਜ ਦੀ ਨਜ਼ਰ ਥੱਲਿਉਂ ਚੋਰ ਅੱਖੇ ਪੈਸੇ ਚੁੱਕਦੇ ਸੀਟੇ ਨਾਲ ਟਕਰਾਈ ਤਾਂ ਉਹਨੇ ਸੈਨਤ ਨਾਲ ਮਿੱਠਾ ਜਿਹਾ ਘੂਰਿਆ ਸੀ। ਉਸ ਤੋਂ ਬਾਦ ਸੀਟਾਂ ਚੋਰ-ਅੱਖੇ ਹੀ ਮਨਰਾਜ ਨੂੰ ਵੇਖਦਾ। ਛੇਆਂ ਮਹੀਨਿਆਂ ਬਾਦ ਜਦੋਂ ਕਿਰਨ ਦਾ ਬਾਪੂ ਜੀ ਬੜਾ ਬਿਮਾਰ ਸੀ.... ਸੀਟਾ ਮਨਰਾਜ ਨਾਲ ਬੋਲਣ ਲੱਗਿਆ ਸੀ।

"ਚਵਾਰਾ ਬਾਪੂ ਜੀ" ਸੀਟੇ ਨੂੰ ਯਾਦ ਆਇਆ ਕਿ ਜਦੋਂ ਡਾਕਟਰ ਆਖਦੇ ਸਨ ਕਿ ਬਾਪੂ ਜੀ ਬੱਚਦਾ ਨਹੀਂ, ਉਦੋਂ ਕਿਰਨ ਦਾ ਵੱਡਾ ਭਰਾ ਗਗਨ ਉਹਨਾਂ ਦੇ ਕਮਰੇ ਦੇ ਬਾਹਰ ਬੈਠਾ ਮੋਬਾਇਲ 'ਤੇ ਗੇਮ ਖੇਡਦਾ ਸੀ। ਅੰਦਰ ਬਾਪੂ ਜੀ ਮਰ ਰਿਹਾ ਸੀ ਤੇ ਬਾਹਰ ਗਗਨ ਰਾਖਸ਼ਾਂ ਨੂੰ ਮਾਰ ਰਿਹਾ ਸੀ। ਉਸ ਰਾਤ ਸੀਟੇ ਨੇ ਆਪਣੀ ਮੰਮੀ ਨੂੰ ਕਿਹਾ ਸੀ "ਮੰਮੀ! ਜੇ ਮੇਰਾ ਡੈਡੀ ਇੰਜ ਮਰਨੇ ਪਿਆ ਹੁੰਦਾ ਮੈਂ ਗਗਨ ਵਾਂਗੂੰ ਕਦੀ ਨਾ ਕਰਦਾ!"

ਉਸਨੇ ਸਹਿਜ ਸੁਭਾ ਹੀ ਪੁੱਛ ਲਿਆ ਸੀ, "ਮੰਮੀਏ! ਇਹ ਸ਼ੌਂਕੀ ਚਾਚਾ ਕਦੋਂ ਮਰੂਗਾ?"

ਨਿੰਦੋ ਸੀਟੇ ਦੇ ਮੂੰਹ ਵੱਲ ਵੇਖਦੀ ਰਹਿ ਗਈ ਸੀ। ਫਿਰ ਉਹਨੇ ਉਸ ਨੂੰ ਬੁੱਕਲ ਵਿਚ ਘੁੱਟ ਲਿਆ ਸੀ।

ਭਾਦਰੋਂ ਦਾ ਅੱਧ ਟੱਪ ਗਿਆ ਸੀ। ਅੱਜ ਵੀ ਕੁਝ ਚਿਰ ਪਹਿਲਾਂ ਛਰ੍ਹਾਟਾ ਲਹਿ ਕੇ ਹਟਿਆ ਸੀ। ਹੁੰਮਸ ਵੱਧ ਰਿਹਾ ਸੀ। ਕੱਸੀ ਵੀ ਕੁਝ ਪਾਣੀ ਨਾਲ ਭਰ ਗਈ ਸੀ। ਫਿਰ ਛਿੱਟਾਂ ਲਹਿਣ ਲੱਗੀਆਂ ਤਾਂ ਸੀਟਾ ਉੱਠ ਕੇ ਰੁੱਖ ਵੱਲ ਹੋ ਗਿਆ। ਉਹਦਾ ਜੇਬ ਵਿਚ ਹੱਥ ਗਿਆ। ਉਹਨੂੰ ਸਿੱਲ੍ਹਾ-ਸਿੱਲ੍ਹਾ ਲੱਗਿਆ। ਉਹ ਤਾਂ ਅੱਜ ਕਿਰਨ ਲਈ ਜਨਮਦਿਨ ਦਾ ਤੋਹਫ਼ਾ ਵੀ ਲਿਆਇਆ ਸੀ। ਉਸਨੇ ਟੈਲੀਵਿਜ਼ਨ ਵਿਚ ਵੇਖਿਆ ਹੋਇਆ ਸੀ। ਸਕੂਲੋਂ ਮੁੜਦਿਆਂ ਅੱਜ ਉਹ ਛੱਪੜ ਦੇ ਡੂੰਘੇ ਥਾਂ ਜਾ ਵੜਿਆ ਸੀ। ਕੰਵਲ ਫੁੱਲ ਤਾਂ ਉਹਦੇ ਹੱਥ ਆ ਗਿਆ ਪਰ ਪੈਰ ਚਿੱਕੜ ਵਿਚ ਖੁੱਭ ਗਏ। "ਅੱਜ ਤਾਂ ਜਾਹ ਜਾਂਦੀ ਹੋ ਜਾਣੀ ਸੀ" ਲੰਘਦੇ ਰਾਹੀਆਂ ਦੀ ਮਦਦ ਨਾਲ ਮੇਜਰ ਜਦੋਂ ਉਹਨੂੰ ਧੂਹ ਦੇ ਬਾਹਰ ਕੱਢ ਲਿਆਇਆ ਤਾਂ ਇੱਕ ਜਾਣੂ ਰਾਹੀ ਬੋਲਿਆ ਸੀ।

ਜਾਨ 'ਤੇ ਖੇਡ ਕੇ ਲਿਆਂਦਾ ਫੁੱਲ ਜਦੋਂ ਜੇਬ ਵਿਚੋਂ ਬਾਹਰ ਕੱਢਿਆ ਤਾਂ ਉਹਨੇ ਧੌਣ ਸੁੱਟ ਲਈ। ਸੀਟਾ ਮਨ ਮਸੋਸ ਕੇ ਰਹਿ ਗਿਆ।

ਉਹਨੂੰ ਖ਼ਿਆਲ ਆਇਆ ਕਿ ਜੇ ਦਾਤੋ ਬੁੜ੍ਹੀ ਨਾਲ ਉਹਦਾ ਤਕਰਾਰ ਨਾ ਹੋਇਆ

ਹੁੰਦਾ ਤਾਂ ਉਹਨੇ ਇਹ ਫੁੱਲ ਸੱਜਰਾ ਹੀ ਕਿਰਨ ਨੂੰ ਭੇਟ ਕਰਨਾ ਸੀ। ਉਹਦਾ ਜੀਅ ਕੀਤਾ ਕਿ ਉਹ ਉਦਾਂ ਹੀ ਪੱਥਰ ਚੁੱਕ ਕੇ ਬੁੜ੍ਹੀ ਦੇ ਵਗਾਹ ਮਾਰੇ ਜਿਵੇਂ ਇੱਕ ਵਾਰੀ ਕਿਸੇ ਨਿਆਣੇ ਦੇ ਬੰਟਿਆਂ ਦੀ ਖੇਡ ਵਿਚ ਰੋਂਦ ਮਾਰਨ 'ਤੇ ਉਸ ਨੇ ਵਗ੍ਹਾਤਾ ਮਾਰਿਆ ਸੀ। ਉਸ ਨੂੰ ਉਹਦੇ ਮੱਥੇ ਤੋਂ ਵਗੀ ਲਹੂ ਦੀ ਤਤੀਰੀ ਯਾਦ ਹੋ ਆਈ। ਮਗਰੋਂ ਉਲ੍ਹਾਮਾ ਮਿਲਣ 'ਤੇ ਨਿੰਦੋ ਵਲੋਂ ਉਸ ਦੀ ਲਾਹੀ ਗਈ ਛੋਈ ਚੇਤੇ ਕਰ ਧੁੜਧੁੜੀ ਆ ਗਈ। ਉਸ ਨੇ ਪੱਥਰ ਚੁੱਕ ਕੇ ਕੱਸੀ ਵਿਚ ਵਗਾਹ ਮਾਰਿਆ।

ਪਾਣੀ ਵਿਚੋਂ ਲਹਿਰਾਂ ਉੱਠ ਕੇ ਬਾਹਰ ਵੱਲ ਅਲੋਪ ਹੋ ਗਈਆਂ। "ਵੇ ਸੀਟਿਆ! ਵੇ ਉਰੇ ਆ ਖਾਂ....." ਅੰਦਰ ਲੰਘਦੇ ਸੀਟੇ ਨੂੰ ਦਾਤੋ ਬੁੜ੍ਹੀ ਨੇ ਐਨਕਾਂ ਉਤੋਂ ਦੀ ਵਿਹੰਦਿਆਂ ਟੋਕਿਆ ਸੀ। ਆਸ-ਪਾਸ ਬੈਠੇ-ਖਲੋਤੇ ਕਈ ਪ੍ਰਾਹੁਣਿਆਂ ਦਾ ਧਿਆਨ ਬੁੜੀ ਦੀ ਗੱਲ ਵੱਲ ਹੋ ਗਿਆ ਸੀ।

"ਵੇ ਹਾਅ ਤੂੰ ਲੀੜੇ ਕੀਹਦੇ ਪਾਏ ਈ..... ਵੇ ਹਾਅ ਜਿਹੜੇ ਬੂਟੇ ਕੱਸੀ ਫਿਰਦਾਂ...... ਵੇ ਖਲੋ ਖਾਂ ਜਰਾ... .... ਵੇ ਹਾਅ ਤੇ ਸਾਡੇ ਗਗਨ ਦੇ ਨਹੀਉਂ..... ਵੇ ਮੁੰਡਾ ਤਾਂ ਲੱਭ-ਲੱਭ ਕਈ ਦਿਨ ਹਾਰ ਹੋ ਗਿਆ। ਵੇ ਤੂੰ ਕਿਹੜੇ ਵੇਲੇ ਚੁੱਕ ਕੇ ਲੈ ਗਿਉਂ.... ਵੇ ਚਉਰਿਆ! ਤੂੰ ਹੁਣ ਹਾਅ ਵੀ ਲੱਲ੍ਹ ਫੜ ਲਏ ਵੇ......।" ਬੁੜ੍ਹੀ ਬੋਲੀ ਜਾ ਰਹੀ ਸੀ। ਸੀਟੇ ਨੂੰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਉਸ ਨੇ ਆਪਣੇ ਪਿੰਡੇ 'ਤੇ ਬਹੁਤ ਸਾਰੀਆਂ ਅੱਖਾਂ ਗੱਡੀਆਂ ਵੇਖੀਆਂ ਸਨ। ਉਹਨੂੰ ਉਹ ਨਜ਼ਰਾਂ ਛਿਲਤਾਂ ਵਾਂਗਰ ਪਿੱਠ ਵਿਚ ਖੁੱਭਦੀਆਂ ਮਹਿਸੂਸ ਹੋਈਆਂ ਸਨ।

ਸੀਟੇ ਨੇ ਬੱਸ ਚੌਂਕੇ ਵੱਲ ਵੇਖਿਆ ਸੀ। ਉਥੇ ਨਿੰਦੋ ਨਹੀਂ ਸੀ ਦਿੱਸੀ। "ਨੀ ਨਿੰਦੀਏ! ਨੀ ਤੇਰਾ ਮੁੰਡਾ ਚੋਰੀਆਂ ਕਰਨ ਡਹਿ ਪਿਆ ਨੀ... .....!" ਸੀਟੇ ਨੂੰ ਇਸ ਤੋਂ ਅੱਗੇ ਨਾ ਕੁਝ ਵਿਖਿਆ ਨਾ ਸੁਣਿਆ।

"ਨਹੀਂ ਆ ਮੈਂ ਚੋਰ..... ਕੋਈ ਚੋਰੀ ਨਹੀ ਕੀਤੀ ਮੈਂ... ...." ਚੀਕਾਂ ਮਾਰਦਾ ਉਹ ਸਨਤੋੜ ਕੱਸੀ ਵੱਲ ਨੱਸ ਉੱਠਿਆ। ਪਿੱਛੋਂ ਉਸ ਨੂੰ ਮਨਰਾਜ ਦੀਆਂ ਇੱਕ-ਦੋ ਆਵਾਜ਼ਾਂ ਸੁਣਾਈ ਦਿੱਤੀਆਂ ਸਨ।

ਗਗਨ ਦੇ ਪੈਰੀਂ ਨਿੱਕੇ ਹੋ ਗਏ ਬਾਹਰੋਂ ਆਏ ਬੂਟ ਸਾਲ ਕੁ ਪਹਿਲਾਂ ਗਗਨ ਦੀ ਮੰਮੀ ਨੇ ਬੁੜ੍ਹੀ ਤੋਂ ਉਹਲੇ ਜਿਹੇ ਨਿੰਦੀ ਨੂੰ ਸੀਟੇ ਲਈ ਫੜਾਏ ਸਨ। ਸੀਟੇ ਨੇ ਅੱਜ ਸਾਲ ਬਾਦ ਨਵੇਂ ਕੱਪੜਿਆਂ ਨਾਲ ਉਹ ਬੂਟ ਵੀ ਪੈਰੀਂ ਪਾ ਲਏ ਸਨ।

ਸੀਟੇ ਨੇ ਬੂਟਾਂ ਦੇ ਜੋੜੇ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਅਜਬ ਜਿਹੀ ਲਿਸ਼ਕ ਉੱਭਰੀ। ਉਹਨੇ ਇੱਕ ਬੂਟ ਚੁੱਕਿਆ ਤੇ ਕੱਸੀ ਦੇ ਪਾਣੀ ਵਿਚ ਪੂਰੇ ਜ਼ੋਰ ਨਾਲ ਵਗ੍ਹਾਤਾ ਸੁੱਟਿਆ। ਦੂਜਾ ਬੂਟ ਵੀ ਉਸ ਨੇ ਉਸੇ ਥਾਂ ਨਿਸ਼ਾਨਾ ਸਾਧ ਕੇ ਸੁੱਟਿਆ। ਬੂਟ ਡੁਬਕੂੰ-ਡੁਬਕੂੰ ਕਰਦੇ ਰੁੜਨ ਲੱਗੇ। ਰੁੜ੍ਹਦੇ-ਡੁੱਬਦੇ ਬੂਟ ਵੇਖ ਕੇ ਜਿਵੇਂ ਉਹਦੀ ਰੂਹ ਨੂੰ ਖੇੜਾ ਈ ਆ ਗਿਆ। ਸ਼ਾਮ ਢਲ ਚਲੀ ਸੀ। ਉਸ ਨੂੰ ਭੁੱਖੇ-ਤਿਹਾਏ ਬੁੱਘੇ ਦਾ ਖ਼ਿਆਲ ਆਇਆ ਕੱਸੀ ਦੀ ਖੱਬੀ ਵੱਖੀ ਦੋ ਸਰਕੰਡੇ ਮਗਰਲੇ ਬੂਝਿਆ ਵਿਚੋਂ ਟਟਹਿਣਿਆਂ ਦਾ ਝੁੰਡ ਉੱਡਿਆ ਤੇ ਪਿੰਡ ਵੱਲ ਨੂੰ ਹੋ ਗਿਆ। ਸੀਟਾ ਕੱਪੜੇ ਝਾੜਦਾ ਉਸ ਚਾਨਣ ਦੀ ਲੀਕ ਪਿੱਛੇ ਭੱਜ ਪਿਆ।

***

ਰਚਨਾ ਦੀਆਂ ਅੰਤਰੀਵ ਪਰਤਾਂ-17

# ਪੰਜਾਬੀ ਕਹਾਣੀ ਦੀ ਪ੍ਰਤੀਰੋਧੀ ਧੁਨੀ ਦੀ ਕਥਾਕਾਰੀ 'ਆਪਣੇ-ਆਪਣੇ ਮਰਸੀਏ'

-ਰਜਨੀਸ਼ ਬਹਾਦਰ ਸਿੰਘ

ਪੰਜਾਬ ਏਸ਼ੀਆ ਦਾ ਉਹ ਖਿੱਤਾ ਹੈ ਜਿਹੜਾ ਭਾਰਤੀ ਚਿੰਤਨ ਅਤੇ ਬਿਰਤਾਂਤਕਾਰੀ ਦੀ ਮੂਲ ਚੂਲ਼ ਰਿਹਾ ਹੈ। ਇਹ ਚਿੰਤਨ ਅਤੇ ਬਿਰਤਾਂਤਕਾਰੀ ਦਾ ਵਰਤਾਰਾ ਸੰਘਰਸ਼ 'ਤੇ ਆਧਾਰਿਤ ਹੈ। ਇਸ ਬਿਰਤਾਂਤ ਦੇ ਸਰੋਤ ਮਹਾਂ-ਕਾਵਿ ਅਤੇ ਲੋਕ ਕਥਾ ਵਿਚ ਮੌਜੂਦ ਹਨ। ਮਹਾਂਭਾਰਤ ਵਿਚਲਾ ਬਿਰਤਾਂਤ ਸਿੰਧ ਤੋਂ ਲੈ ਕੇ ਸਰਸਵਤੀ ਤਕ ਫੈਲਿਆ ਹੋਇਆ ਹੈ। ਅਰਥਾਤ ਇਤਿਹਾਸਕ ਤੌਰ 'ਤੇ ਇਹ ਉਹ ਦੌਰ ਸੀ ਜਦੋਂ ਆਰੀਆ ਕਬੀਲੇ ਰਾਜ ਦੀਆਂ ਸ਼ਕਤੀਸ਼ਾਲੀ ਸੰਸਥਾਵਾਂ ਸਥਾਪਿਤ ਕਰ ਚੁਕੇ ਸਨ। ਇਹ ਸਥਾਪਤੀ ਦਾ ਅੰਦਰੂਨੀ ਸੰਘਰਸ਼ ਸੀ, ਜਿਸਦੀ ਟੈਕਸਟ ਵਿਚੋਂ ਭਾਰਤੀ ਦਰਸ਼ਨ ਆਪਣੇ ਸਿਖ਼ਰ ਉਤੇ ਪਹੁੰਚ ਰਿਹਾ ਸੀ। ਇਹ ਟੈਕਸਟ ਮਹਾਂਭਾਰਤ ਸੀ। 'ਰਮਾਇਣ' ਦੀ ਟੈਕਸਟ ਵਿਚ ਆਰੀਅਨ ਸਭਿਅਤਾ ਅਤੇ ਸਭਿਆਚਾਰ ਦਾ ਫੈਲਾਅ ਹੁੰਦਾ ਹੈ। ਉਹ ਉਤਰ ਪੂਰਬੀ ਰਾਜਾਂ ਤੋਂ ਲੈ ਕੇ ਦੱਖਣ ਤਕ ਆਪਣਾ ਵਿਜੈ ਰੱਥ ਚਲਾਉਂਦਾ ਹੈ। ਬਾਰ੍ਹਵੀਂ ਸ਼ਤਾਬਦੀ ਵਿਚ ਸਮੁੱਚੇ ਭਾਰਤ ਵਿਚ ਪੰਜਾਬੀ ਕੌਮੀਅਤ ਦੀ ਪਛਾਣ ਬਣਦੀ ਹੈ। ਇਸ ਤਰ੍ਹਾਂ ਇਹ ਬਿਰਤਾਂਤ ਦੀ ਪਰੰਪਰਾ ਅਜੋਕੇ ਦੌਰ ਤਕ ਚਲਦੀ ਹੈ। ਇਹੀ ਪੰਜਾਬੀ ਕਹਾਣੀ ਦੀ ਕਥਾ-ਵਾਰਤਾ ਹੈ। ਇਹ ਪਰੰਪਰਾ ਵਿਅਕਤੀ ਤੋਂ ਲੈ ਕੇ ਸਮੂਹ ਤਕ ਫੈਲਦੀ ਹੈ। ਮੈਂ ਸਰਘੀ ਦੀ ਕਹਾਣੀ ਪੜ੍ਹਦੇ ਹੋਏ ਇਸੇ ਪਰੰਪਰਾ ਨੂੰ ਮਹਿਸੂਸ ਕਰਦਾ ਹਾਂ। ਮਹਾਂਭਾਰਤ ਦੀ ਟੈਕਸਟ ਵਿਚ ਕੁਰੂਕਸ਼ੇਤਰ ਦੇ ਅਠਾਰਾਂ ਦਿਨਾਂ ਦੇ ਯੁੱਧ ਵਿਚ ਇਕ ਪ੍ਰਸੰਗ ਅਭੀਮੰਨਯੂ ਦੀ ਮੌਤ ਨਾਲ ਜੁੜਿਆ ਹੋਇਆ ਹੈ। ਪ੍ਰਸੰਗ ਇਹ ਹੈ ਕਿ "ਉਸ ਭਿਆਨਕ ਯੁੱਧ ਨੂੰ ਰੋਕਣ ਦਾ ਕੌਰਵਾਂ ਦੇ ਬਜ਼ੁਰਗ ਅਤੇ ਸਲਾਹਕਾਰ ਇਹ ਰਸਤਾ ਕੱਢਦੇ ਹਨ ਕਿ ਯੁਧਿਸ਼ਟਰ ਨੂੰ ਬੰਦੀ ਬਣਾ ਲਿਆ ਜਾਵੇ ਅਤੇ ਇਸ ਨਾਲ ਇਸ ਯੁੱਧ ਦਾ ਅੰਤ ਹੋ ਜਾਵੇਗਾ। ਇਹ ਜ਼ਿੰਮੇਵਾਰੀ ਗੁਰੂ ਦਰੋਣ ਨੂੰ ਦਿੱਤੀ ਜਾਂਦੀ ਹੈ। ਇਸ ਲਈ ਅਚਾਰੀਆ ਦਰੋਣ ਚੱਕਰਵਿਊ ਦੀ ਵਿਉਂਤਬੰਦੀ ਕਰਦੇ ਹਨ। ਜਿਸ ਦਿਨ ਇਹ ਵਿਉਂਤਬੰਦੀ ਕੀਤੀ ਗਈ। ਉਸ ਦਿਨ ਅਰਜਨ ਕਿਸੇ ਹੋਰ ਪਾਸੇ ਯੁੱਧ ਕਰ ਰਿਹਾ ਸੀ। ਉਸ ਚੱਕਰਵਿਊ ਨੂੰ ਤੋੜਨ ਦਾ ਰਹੱਸ ਸਿਰਫ਼ ਅਰਜਨ ਹੀ ਜਾਣਦਾ ਸੀ। ਅਰਜਨ ਦੀ ਗੈਰ ਹਾਜ਼ਰੀ ਵਿਚ ਚੱਕਰਵਿਊ ਨੂੰ ਤੋੜਣ ਦੀ ਜ਼ਿੰਮੇਵਾਰੀ ਅਭੀਮੰਨਯੂ ਲੈਂਦਾ ਹੈ। ਉਸ ਯੁੱਧ ਵਿਚ ਅਭੀਮੰਨਯੂ ਨੂੰ ਕੌਰਵ ਪੱਖ ਦੇ ਮਹਾਰਥੀ ਘੇਰ ਕੇ ਮਾਰ ਦਿੰਦੇ ਹਨ। ਭੀਸ਼ਣ ਯੁੱਧ ਕਰਦੇ ਹੋਏ ਉਹ ਆਪ ਤਾਂ ਮਾਰਿਆ ਜਾਂਦਾ ਹੈ ਪਰੰਤੂ ਯੁਧਿਸ਼ਟਰ ਨੂੰ ਬੰਦੀ ਬਣਨ ਤੋਂ ਬਚਾ ਲੈਂਦਾ ਹੈ।" ਇਸ ਮਹਾਂਕਾਵਿ ਵਿਚ ਹਰ ਸੰਕਟ ਦਾ ਇਕ ਦੈਵੀ ਤਰਕ ਹੈ। ਇਸ ਘਟਨਾ ਦਾ ਵੀ ਇਕ ਤਰਕ ਹੈ ਜਿਹੜਾ ਭਾਰਤੀ ਬਿਰਤਾਂਤ ਪਰੰਪਰਾ ਵਿਚ ਬਹੁਤ ਮਹੱਤਵਪੂਰਣ ਹੈ। ਉਹ ਤਰਕ ਇਹ ਹੈ ਕਿ ਚੱਕਰਵਿਊ ਨੂੰ ਤੋੜਣ ਦੀ ਅੱਧੀ ਅਧੂਰੀ ਵਿਧੀ ਅਭੀਮੰਨਯੂ ਆਪਣੀ ਮਾਂ ਸੁਭਦਰਾ ਦੇ ਗਰਭ ਵਿਚ ਅਰਜਨ ਦੁਆਰਾ ਸੁਣਾਈ ਵਿਧੀ ਵਿਚੋਂ ਸਿੱਖਦਾ ਹੈ। ਜਦੋਂ ਅਰਜਨ ਦੱਸ ਰਿਹਾ ਸੀ ਉਸ ਸਮੇਂ ਚੱਕਰਵਿਊ ਵਿਚ ਵੜਨ ਤਕ ਦੀ ਕਥਾ ਸੁਣਨ ਤੋਂ ਬਾਅਦ ਸੁਭੱਦਰ ਸੌਂ ਗਈ।

ਬੱਚਾ ਕਿਉਂਕਿ ਪਰਿਵਾਰਕ ਪਰੰਪਰਾ ਰਾਹੀਂ ਮਾਂ ਕੋਲੋਂ ਸਿੱਖਦਾ ਹੈ। ਇਹੀ ਅੱਧਾ ਅਧੂਰਾ ਗਿਆਨ ਅਭੀਮੰਨਯੂ ਦੀ ਮੌਤ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਸਾਡੀ ਬਿਰਤਾਂਤ ਪਰੰਪਰਾ ਪਰਿਵਾਰਕ ਇਕਾਈ ਤੋਂ ਲੈ ਕੇ ਸਮਾਜ ਤਕ ਫੈਲਦੀ ਹੈ। ਅਰਥਾਤ ਉਸਦੀ ਸਿਰਜਣਕਾਰੀ ਦੇ ਸਰੋਤ ਛੋਟੀ ਇਕਾਈ ਤੋਂ ਲੈ ਕੇ ਸਮੂਹ ਤਕ ਫੈਲਦੇ ਹਨ। ਕਿਸੇ ਕਥਕਾਰ ਜਾਂ ਚਿੰਤਨ ਕੋਲ ਇਹ ਦੋਵੇਂ ਸਰੋਤ ਹੁੰਦੇ ਹਨ ਅਤੇ ਕਿਸੇ ਕੋਲ ਇਕ ਹੀ। ਵਿਅਕਤੀਗਤ ਸਰੋਤ ਥੋੜਿਆਂ ਕੋਲ ਹੁੰਦਾ ਹੈ।

ਸਰਘੀ ਕੋਲ ਇਹ ਦੋਵੇਂ ਸਰੋਤ ਹਨ। ਇਹਨਾਂ ਸਰੋਤਾਂ ਨੂੰ ਉਹ ਕਥਾਕਾਰੀ ਦੀ ਪਰੰਪਰਾ ਵਿਚ ਆਪਣੀ ਨਿੱਜੀ ਸਮਰੱਥਾ ਅਨੁਸਾਰ ਵਰਤਦੀ ਹੈ। ਉਹ ਪੰਜਾਬੀ ਕਥਾ-ਸੰਸਾਰ ਦੇ ਕੱਦਾਵਰ ਕਥਾਕਾਰ ਦਲਵੀਰ ਚੇਤਨ ਦੀ ਧੀ ਹੈ। ਦਲਵੀਰ ਚੇਤਨ ਦੀ ਕਹਾਣੀ ਦੇ ਪਾਤਰ ਅਤੇ ਉਹਨਾਂ ਦੀ ਸੰਵੇਦਨਾ ਜਿਸ ਵਰਤਾਰੇ ਅਧੀਨ ਵੇਦਨਾ ਦੀਆਂ ਖ਼ਾਮੋਸ਼ ਧੁਨੀਆਂ ਨੂੰ ਪ੍ਰਗਟ ਕਰਦੇ ਸਨ, ਉਸਦਾ ਕੋਈ ਮੁਕਾਬਲਾ ਨਹੀਂ। ਉਸਦੇ ਪਾਤਰਾਂ ਦੀ ਪ੍ਰਤੀਰੋਧਕ ਸ਼ਕਤੀ ਇਕ ਵਰਤਾਰੇ 'ਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਸੀ ਅਤੇ ਉਸ ਪ੍ਰਤੀਰੋਧ ਦੀਆਂ ਧੁਨੀਆਂ ਪੂਰੇ ਮਾਹੌਲ ਨੂੰ ਆਪਣੀ ਜਕੜ ਵਿਚ ਲੈਂਦੀਆਂ ਸਨ। 'ਪਾਲਕ ਦਾ ਬੂਟਾ' ਇਸ ਪ੍ਰਗਟਾਵੇ ਨੂੰ ਪੂਰੀ ਸਮਰੱਥਾ ਨਾਲ ਪੇਸ਼ ਕਰਨ ਵਾਲੀ ਕਥਾ ਟੈਕਸਟ ਸੀ। ਸਰਘੀ ਮਹਾਂਭਾਰਤ ਦੇ ਉਪਰੋਕਤ ਪ੍ਰਸੰਗ ਨੂੰ ਅਗਲੇ ਪੜਾਅ ਨਾਲ ਜੋੜਦੀ ਹੈ। ਉਸ ਕੋਲ ਅਧੂਰੇ ਗਿਆਨ ਦੀ ਥਾਂ ਪੂਰੀ ਸੋਝੀ ਹੈ। ਇਸੇ ਸੋਝੀ ਦੇ ਆਧਾਰ ਉਤੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਉਸ ਸਾਹਮਣੇ ਪੰਜਾਬੀ ਕਹਾਣੀ ਦੀ ਪਰੰਪਰਾ ਵੀ ਸੀ ਅਤੇ ਨਾਰੀ ਕਹਾਣੀ ਦੀਆਂ ਪੀੜ੍ਹੀਆਂ ਵੀ। ਉਸ ਸਾਹਮਣੇ ਅੰਮ੍ਰਿਤਾ, ਅਜੀਤ ਕੌਰ ਦਾ ਜਲੌਅ ਵੀ ਸੀ ਅਤੇ ਦਲੀਪ ਕੌਰ ਟਿਵਾਣਾ ਦੀਆਂ ਮਰਿਆਦਵੀ ਲਕੀਰਾਂ ਵੀ। ਪ੍ਰਵੇਜ਼ ਸੰਧੂ ਦੀ ਚਮਕ ਵੀ ਅਤੇ ਵੀਨਾ ਵਰਮਾ ਦਾ ਮੂੰਹਫੱਟ ਦਬੰਗਪੁਣਾ ਵੀ। ਇਹਨਾਂ ਤੋਂ ਬਾਅਦ ਜੁਗਾੜਬੰਦੀ ਵਿਚ ਪਈਆਂ ਉਸ ਦੀਆਂ ਹਾਨਣਾਂ ਵੀ, ਜਿਹੜੀਆਂ ਫੇਸਬੁਕੀ ਭੁਲੇਖਿਆਂ ਵਿਚ ਜੀਅ ਰਹੀਆਂ ਹਨ। ਸਰਘੀ ਇਹਨਾਂ ਤੋਂ ਵੱਖਰੀ ਆਪਣੇ ਵਿਵਹਾਰ ਕਰਕੇ ਹੀ ਨਹੀਂ, ਸਗੋਂ ਆਪਣੀ ਕਥਕਾਰੀ ਵਸਤ, ਵਿਧੀ ਅਤੇ ਪਹੁੰਚ ਕਰਕੇ ਹੈ। ਉਸਦੀ ਪਹੁੰਚ ਮਾਸੂਮਾਂ ਵਾਲੀ ਹੈ, ਗਰੁੱਪਾਂ ਜਾਂ ਜੁਗਾੜੀਆਂ ਵਾਲੀ ਨਹੀਂ। ਅਸੀਂ ਸਰਘੀ ਦੀ ਕਥਾਕਾਰੀ ਨੂੰ, ਉਸਦੇ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਵਿਚੋਂ ਪਛਾਨਣ ਦਾ ਯਤਨ ਕਰਾਂਗੇ। ਉਸਦੀ ਟੈਕਸਟ ਦੇ ਬਹਾਨੇ ਅਸੀਂ ਵਰਤਮਾਨ ਕਥਾਕਾਰੀ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਾਂਗੇ।

ਸਰਘੀ ਕਹਾਣੀਕਾਰਾ ਨਹੀਂ, ਸਗੋਂ ਕਹਾਣੀਕਾਰ ਬਣਨ ਦੀ ਪ੍ਰਕਿਰਿਆ ਵਿਚ ਪਈ ਹੋਈ ਹੈ। ਇਸਦੇ ਕਾਰਨ ਉਸਦੇ ਲਿੰਗਕ ਪਛਾਣ ਤੋਂ ਮੁਕਤੀ ਤਕ ਜੁੜੇ ਹੋਏ ਹਨ। ਇਸ ਮੁਕਤੀ ਦੀ ਵਿਆਖਿਆ ਮੈਂ ਇਸ ਤਰ੍ਹਾਂ ਸਮਝਦਾ ਹਾਂ ਕਿ ਸਾਡੇ ਬਹੁਤੇ ਕਥਕਾਰਾਂ ਵਿਚ ਸਵੈ-ਪਛਾਣ ਇੰਨੀ ਭਾਰੀ ਹੋ ਜਾਂਦੀ ਹੈ ਕਿ ਮਰਦ ਲੇਖਕ ਮਰਦ ਦੇ ਬਿਰਤਾਂਤਕਾਰ ਰਾਹੀਂ ਕਥਾ ਨੂੰ ਅੱਗੇ ਤੋਰਦਾ ਹੈ ਅਤੇ ਨਾਰੀ, ਨਾਰੀ-ਅਨੁਭਵ ਤੋਂ ਔਖੀ ਮੁਕਤ ਹੁੰਦੀ ਹੈ। ਕਈ ਇਸ ਸੀਮਾ ਨੂੰ ਲੰਘ ਜਾਂਦੇ ਹਨ। ਇਹਨਾਂ ਵਿਚ ਮਰਦ ਲੇਖਕ ਬਹੁਤੇ ਹਨ। ਹਿੰਦੀ ਵਾਲੇ ਇਸ ਬਿਰਤਾਂਤਕ ਵਿਧੀ ਨੂੰ 'ਪਰਕਾਇਆ ਪਰਿਵਰਤਨ' ਕਹਿੰਦੇ ਹਨ। ਪ੍ਰੇਮ ਪ੍ਰਕਾਸ਼ ਨੇ ਇਸ ਵਿਧੀ ਨੂੰ ਪੂਰੀ ਸਮਰੱਥਾ ਅਤੇ ਕਲਾਤਮਕ ਬੰਧੇਜ਼ ਵਿਚ ਰੱਖ ਕੇ ਵਰਤਿਆ ਹੈ। ਉਸਦੀ ਦੇਖਾ-ਦੇਖੀ ਉਸਦੇ ਕਈ ਚੇਲਿਆਂ ਨੇ ਵੀ ਹੱਥ-ਪੈਰ ਮਾਰੇ ਹਨ। ਖ਼ੈਰ ਇਹ ਆਧੁਨਿਕ ਪੰਜਾਬੀ ਬਿਰਤਾਂਤਕਾਰੀ

ਲਈ ਅੱਛਾ ਸੰਕੇਤ ਹੈ। ਨਾਰੀ ਲੇਖਿਕਾਵਾਂ ਲਈ ਇਹ ਅਗਨੀ ਪ੍ਰਖਿਆ ਹੈ। ਸਰਘੀ ਇਸ ਚੁਣੌਤੀ ਨੂੰ ਸਵੀਕਾਰਦੀ ਹੋਈ ਇਸ ਪਾਸੇ ਨੂੰ ਤੁਰਦੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਉਹ ਕਾਮਯਾਬ ਹੈ। ਸਰਘੀ ਇਸ ਸੰਗ੍ਰਹਿ ਦੀਆਂ ਤਿੰਨ ਕਹਾਣੀਆਂ, 'ਰਬਾਬੀ', 'ਹੌਂਟਡ ਹਾਊਸ' ਅਤੇ 'ਸਭੁ ਦੇਸ ਪਰਾਇਆ', ਵਿਚ ਇਸ ਬਿਰਤਾਂਤ ਵਿਧੀ ਦੀ ਵਰਤੋਂ ਕਰਦੀ ਹੈ। ਉਹ ਕਹਾਣੀ ਦੀ ਸਿਰਜਣਾ ਸਮੇਂ ਵਿਹਾਰਕ ਰੂਪ ਵਿਚ ਨਾਰੀਤਵੀ ਭਾਵੁਕਤਾ ਤੋਂ ਮੁਕਤ ਹੋ ਜਾਂਦੀ ਹੈ। ਇਹ ਮੁਕਤੀ ਬਹੁਤ ਔਖੀ ਹੈ। ਕਹਾਣੀ ਵਿਚ ਪਰਕਾਇਆ ਵਿਚ ਚੇਤਨੀ ਪੱਧਰ ਉਤੇ ਸਿਰਜਣ ਦੀ ਪੱਧਰ ਉਤੇ ਵਿਚਰਨਾ ਕਾਫੀ ਨਹੀਂ ਹੁੰਦਾ, ਸਗੋਂ ਭਾਵਕ ਵਿਵਹਾਰਾਂ ਨੂੰ ਵੀ ਕਾਬੂ ਰੱਖਣਾ ਹੁੰਦਾ ਹੈ। ਇਸ ਦਾ ਅਰਥ ਹੈ ਕਹਾਣੀਕਾਰ ਵਲੋਂ ਪੇਸ਼ ਕੀਤੇ ਪਾਤਰ ਦਾ ਵਿਹਾਰ ਕਿਸੇ ਪੂਰਵ ਨਿਸਚਿਤ ਧਾਰਨਾਵਾਂ ਵਿਚ ਬੱਝਿਆ ਨਾ ਹੋਵੇ। 'ਰਬਾਬੀ' ਕਹਾਣੀ ਦਾ ਪਾਤਰ ਸੰਗੀਤ ਦਾ ਅਧਿਆਪਕ ਹੋਣ ਦੇ ਨਾਲ ਸੰਗੀਤ ਦੀ ਪਰੰਪਰਾ ਨਾਲ ਇਕਮਿਕ ਹੈ। ਭਾਰਤ ਵਿਚ ਸੰਗੀਤ ਦੀ ਪਰੰਪਰਾ ਬਹੁਤ ਦੀਰਘ ਅਤੇ ਸਮਰੱਥ ਹੈ। ਗੁਰੂ ਸਹਿਬਾਨ ਨੇ ਇਸ ਪਰੰਪਰਾ ਅਤੇ ਪਰਿਪੱਖ ਨੂੰ ਸਮਝਿਆ ਅਤੇ ਬਾਣੀ ਨੂੰ ਸੰਗੀਤ ਉਤੇ ਆਧਾਰਿਤ ਸੁਰਾਂ ਵਿਚ ਬੰਨ੍ਹ ਦਿੱਤਾ। ਗੁਰੂ ਨਾਨਕ ਸਾਹਿਬਾਨ ਵਿਚਾਰ ਪ੍ਰਕਿਰਤੀ ਅਤੇ ਸੰਗੀਤ ਨੂੰ ਇਕ ਸੁਰ ਵਿਚ ਬੰਨ੍ਹਦੇ ਹਨ। ਗੁਰੂ ਦੇ ਵਿਚਾਰ ਤਕ ਪਹੁੰਚਣ ਦਾ ਸੰਗੀਤ ਜ਼ਰੀਆ ਹੈ। ਸਰਘੀ ਇਸ ਵਿਸ਼ੇ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਰਬਾਬਜੀਤ ਸਿੰਘ ਹੈ। ਉਹ ਸਮਾਜ ਦੇ ਉਸ ਵਰਗ 'ਚੋਂ ਹੈ, ਜਿਸਨੇ ਕਿਰਤ ਨਾਲ ਸੰਗੀਤ ਨੂੰ ਸਾਂਭਿਆ ਹੈ। ਰਬਾਬਜੀਤ ਲਈ ਸੰਗੀਤ ਕਿੱਤਾ ਨਹੀਂ ਸਾਧਨਾ ਹੈ। ਪਰੰਤੂ ਗੁਰੂ ਦੇ ਧਰਮ ਨੂੰ ਪ੍ਰਣਾਏ ਸੰਸਾਰੀ ਲੋਕ ਮਾਇਆ ਅਤੇ ਤਾਕਤ ਦੇ ਹੰਕਾਰ ਵਿਚ ਉਸ ਰਬਾਬਜੀਤ ਲਈ ਸਮੱਸਿਆ ਖੜ੍ਹੀ ਕਰਦੇ ਹਨ ਜਿਹੜਾ ਸੰਗੀਤ ਨੂੰ ਇਸ਼ਟ ਸਮਝਦਾ ਹੈ। ਉਹ ਜਿਸ ਖੇਤਰ ਵਿਚ ਕਾਮਯਾਬ ਨਹੀਂ ਹੁੰਦਾ ਉਸ ਲਈ ਗੁਰੂ ਦੀ ਰਜ਼ਾ ਹੈ। ਜਿਸ ਕਾਲਜ ਵਿਚ ਉਹ ਸੰਗੀਤ ਦਾ ਅਧਿਆਪਕ ਨਿਯੁਕਤ ਹੁੰਦਾ ਹੈ, ਉਸਦੇ ਪ੍ਰਬੰਧਕਾਂ ਦੀ ਸੋਚ ਉਸ ਸੋਚ ਤੋਂ ਅਲੱਗ ਸੀ, ਜਿਸਦੇ ਆਦਰਸ਼ ਉਸ ਸੰਸਥਾ ਦਾ ਆਧਾਰ ਸਨ। ਇਸ ਸੰਕਟ ਵਿਚ ਰਬਾਬਜੀਤ ਪਿਸਦਾ ਹੈ। ਸਰਘੀ ਦਾ ਇਹ ਪਾਤਰ ਭਾਵੇਂ ਇਕ ਆਦਰਸ਼ 'ਤੇ ਟਿਕਿਆ ਹੋਇਆ ਹੈ ਪਰੰਤੂ ਜਿਹਨਾਂ ਆਦਰਸ਼ਾਂ ਨੂੰ ਸਰਘੀ ਆਧਾਰ ਬਣਾਉਂਦੀ ਹੈ, ਉਹਨਾਂ ਆਦਰਸ਼ਾਂ ਦੀ ਪਛਾਣ ਲਈ ਜਿਸ ਸੂਝ ਦੀ ਲੋੜ ਹੈ ਸਰਘੀ ਉਸ 'ਤੇ ਪੂਰਾ ਉਤਰਦੀ ਹੈ। ਸੋਚ ਦੀ ਪੱਧਰ ਉਤੇ ਵੱਖ-ਵੱਖ ਸਥਾਨਾਂ ਉਤੇ ਖੜ੍ਹੀਆਂ ਧਿਰਾਂ ਨੂੰ ਕਹਾਣੀ ਦੇ ਇਸ ਬਿਰਤਾਂਤ ਖੰਡ ਵਿਚ ਵੇਖਿਆ ਜਾ ਸਕਦਾ ਹੈ। "ਹਾਂ ਕਾਕਾ..... ਤੈਨੂੰ ਗੁਰੂ ਵਾਲੇ ਬਣਨਾ ਪੈਣਾ.....ਇਸ ਕਾਲਜ 'ਚ ਪੜ੍ਹਾਉਣ ਲਈ।"

ਮੈਂ ਤ੍ਰਬਕਿਆ..... ਲੋਅ ਮੇਰੇ ਆਲੇ-ਦੁਆਲੇ ਘੁੰਮਣ ਲੱਗ ਪਈ..... ਮੈਂ ਹੌਸਲੇ 'ਚ ਆ ਗਿਆ ਸੀ।

"ਸੈਕਟਰੀ ਸਾਹਿਬ ਤੈਨੂੰ ਕੁਝ ਕਹਿ ਰਹੇ ਹਨ.....।" ਪ੍ਰਿੰਸੀਪਲ ਦੀ ਕਰੁੱਖ਼ਤ ਆਵਾਜ਼ ਆਈ।

ਉਹ ਲੋਅ ਮੇਰੇ ਮੱਥੇ ਨੂੰ ਛੂਹ ਗਈ ਤੇ ਮੈਂ ਬੱਸ ਏਨਾ ਹੀ ਕਿਹਾ, "ਮੇਰਾ ਨਾਨਕ ਤਾਂ ਹਰ ਵੇਲੇ ਮੇਰੇ ਕੋਲ ਹੈ..... ਤੁਹਾਨੂੰ ਗਲਤ ਫਹਿਮੀ ਹੈ..... ਮੈਂ ਤਾਂ ਗੁਰੂ ਵਾਲਾ ਹੀ ਹਾਂ.....।"

"ਆਪਣਾ ਵਿਖਿਆਨ ਬੰਦ ਕਰ..... ਸਾਨੂੰ ਦਿਸਣਾ ਚਾਹੀਦਾ ਹੈ ਕਿ ਤੂੰ ਅੰਮ੍ਰਿਤ ਛਕਿਆ ਹੈ।"[1]

ਇਸ ਵਿਚ ਇਕ ਪਾਸੇ ਸੱਤਾ ਹੈ, ਦੂਜੇ ਪਾਸੇ ਨਾਨਕ ਨਾਮ ਲੇਵਾ ਹੈ। ਸੱਤਾ ਗਰਜਦੀ ਹੈ। ਉਸ ਕੋਲ ਤਾਕਤ ਹੈ। ਉਸ ਕੋਲ ਸਹਾਰਾ ਸੰਸਥਾਗਤ ਧਰਮ ਦਾ ਹੈ, ਪਰੰਤੂ ਦੂਜੇ ਪਾਸੇ ਗੁਰੂ ਦਾ ਵਿਚਾਰ ਹੈ।

ਇਹ ਵਿਚਾਰ ਨਿਤਾਣਿਆਂ ਦੀ ਸ਼ਕਤੀ ਦਾ ਅਧਾਰ ਹੈ। ਰਬਾਬਜੀਤ ਮੂਲ ਰੂਪ ਵਿਚ ਸੱਤਾ ਨੂੰ ਚੁਣੌਤੀ ਦਿੰਦਾ ਹੈ। ਇਹ ਚੁਣੌਤੀ ਪੰਜਾਬੀਅਤ ਦੀ ਪਛਾਣ ਹੈ। ਇਹ ਕਹਾਣੀ ਦੀ ਮੂਲ ਸੁਰ ਹੈ। ਸਰਘੀ ਇਸ ਸੁਰ ਨੂੰ ਆਧੁਨਿਕ ਕਥਾ-ਬਿਰਤਾਂਤ ਵਿਚ ਢਾਲ ਲੈਂਦੀ ਹੈ। ਇਹ ਧੁਨੀ ਤੁਹਾਨੂੰ ਉਸਦੀ ਸਮੁੱਚੀ ਸਿਰਜਣਕਾਰੀ ਵਿਚੋਂ ਸੁਣਾਈ ਦੇਵੇਗੀ। ਰਬਾਬਜੀਤ ਦਾ ਨਾਰੀ ਲੇਖਕ ਹੋ ਕੇ ਸਹਿਜ ਅਤੇ ਅਡੋਲ ਵਿਅਕਤੀ ਵਾਲਾ ਸ਼ਾਬਦਿਕ ਬਿੰਬ ਬਿਨਾਂ ਕਿਸੇ ਬੋਲ ਤੋਂ ਉਸਾਰਨਾ ਸਰਘੀ ਅੰਦਰ ਵੱਡੀਆਂ ਸੰਭਾਵਨਾਵਾਂ ਦਾ ਚਿੰਨ੍ਹ ਹੈ।

ਸਰਘੀ ਦੇ ਬਿਰਤਾਂਤ ਦਾ ਵਾਹਕ ਭਾਵੇਂ ਕੋਈ ਹੋਵੇ, ਉਸਦੀਆਂ ਕਹਾਣੀਆਂ ਦੇ ਕੇਂਦਰ ਵਿਚ ਘਰ ਦਾ ਬਿੰਬ ਹੈ ਜਿਹੜਾ ਮੈਟਾਫ਼ਰ ਬਣਕੇ ਕਥਾ-ਬਿਰਤਾਂਤ ਵਿਚ ਸੰਚਾਰਤ ਹੁੰਦਾ ਹੈ। ਇਹ ਘਰ ਪੰਜਾਬੀ ਕਹਾਣੀ ਦਾ ਭਾਰੂ ਮੈਟਾਫ਼ਰ ਹੈ। ਇਸਨੂੰ ਲੈ ਕੇ ਪ੍ਰੇਮ ਪ੍ਰਕਾਸ਼, ਬਲਬੀਰ ਪਰਵਾਨਾ, ਹਰਪ੍ਰੀਤ ਸੇਖਾ ਅਤੇ ਸਿਮਰਨ ਧਾਲੀਵਾਲ ਤਕ ਨੇ ਇਸ ਮੈਟਾਫ਼ਰ ਨੂੰ ਵੱਖ-ਵੱਖ ਕੋਣਾਂ ਤੋਂ ਆਪਣੇ ਕਥਾ-ਬਿਰਤਾਂਤ ਦਾ ਆਧਾਰ ਬਣਾਇਆ ਹੈ। ਸਰਘੀ ਇਸਨੂੰ ਸਿਰਲੇਖ ਤਾਂ ਨਹੀਂ ਬਣਾਉਂਦੀ, ਪਰੰਤੂ ਉਸ ਦੀਆਂ ਬਹੁਤੀਆਂ ਕਹਾਣੀਆਂ ਦਾ ਘਟਨਾ ਸਥਲ ਇਹੀ ਸਮਾਜਿਕ ਸੰਸਥਾ ਹੈ। ਉਸਦੀਆਂ ਕਹਾਣੀਆਂ ਵਿਚਲੀ ਵੇਦਨਾ, ਸੰਵੇਦਨਾ, ਦੁੱਖ-ਸੁੱਖ, ਰਿਸ਼ਤਿਆਂ ਦੇ ਟੁੱਟਣ-ਜੁੜਨ ਦੀ ਪ੍ਰਕਿਰਿਆ ਦਾ ਕਰੁਕਸ਼ੇਤਰ ਇਹੀ ਸਮਾਜਿਕ ਸੰਸਥਾ ਹੈ। ਮੂਲ ਰੂਪ ਵਿਚ ਇਹ ਸੰਸਥਾ ਹੀ ਸਮਾਜਿਕ ਜੀਵਨ ਦਾ ਅਧਾਰ ਹੈ। ਇਸਦੇ ਪ੍ਰਤਿਮਾਨ ਅਤੇ ਮੁੱਲ ਜਿਹੜੇ ਵੇਲਾ ਵਿਹਾ ਚੁਕੇ ਹੋਏ ਹਨ ਅਤੇ ਕਲਪਿਤ ਸੰਸਾਰ ਅਤੇ ਵਾਸਤਵਿਕ ਸੰਸਾਰ ਵਿਚਲੀਆਂ ਵਿਸੰਗਤੀਆਂ ਸੰਕਟ ਖੜ੍ਹੇ ਕਰਦੀਆਂ ਹਨ, ਉਹੀ ਕਥਾਮੂਲਕ ਬਿਰਤਾਂਤ ਦਾ ਅਧਾਰ ਬਣਦੀਆਂ ਹਨ। 'ਹੌਂਟਡ ਹਾਊਸ' ਕਹਾਣੀ ਆਦਰਸ਼ਕ ਅਤੇ ਕਲਪਿਤ ਘਰ ਉਤੇ ਟਿਕੀ ਹੋਈ ਹੈ। ਵਿਆਹ ਦੀ ਸੰਸਥਾ ਉਤੇ ਖੜ੍ਹਾ ਪਰਿਵਾਰ ਇਕ ਸੁਪਨੇ ਨਾਲ ਜੁੜਿਆ ਹੁੰਦਾ ਹੈ। ਭਾਰਤੀ ਮਨੁੱਖ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਆਰਥਿਕ ਵਸੀਲੇ ਜੁਟਾਉਂਦਾ ਹੈ। ਇਹ ਵਸੀਲੇ ਜਦੋਂ ਲਾਲਸਾ ਉਤੇ ਖੜ੍ਹੇ ਹੁੰਦੇ ਹਨ ਤਾਂ ਉਹ ਆਦਰਸ਼ਕ ਘਰ ਲਈ ਸੰਕਟ ਬਣ ਜਾਂਦੇ ਹਨ। ਇਸ ਕਹਾਣੀ ਦਾ ਪਾਤਰ ਰੌਣਕ ਅਜਿਹੇ ਘਰ ਲਈ ਸਾਧਨ ਜੁਟਾਉਂਦਾ ਹੈ। ਇਸੇ ਲਈ ਉਹ ਪਰਵਾਸ ਧਾਰਨ ਕਰਦਾ ਹੈ। ਉਸਦਾ ਸੁਪਨਾ ਬਦੇਸ਼ ਵਿਚ ਪੱਕਾ ਹੋਣਾ ਹੈ। ਇਸ ਲਈ ਅਪਾਹਜ਼ ਸ਼ਰਨ ਨਾਲ ਵਿਆਹ ਕਰਾਉਂਦਾ ਹੈ। ਉਹ ਦੋ ਧੀਆਂ ਦਾ ਪਿਉ ਬਣਕੇ ਵੀ ਦਿਲੋਂ ਸ਼ਰਨ ਨਾਲ ਜੁੜਦਾ ਨਹੀਂ। ਉਸ ਤੋਂ ਵੱਖ ਹੋ ਕੇ ਸੁਖਜੀਤ ਨੂੰ ਵਿਆਹ ਲਿਆਉਂਦਾ ਹੈ। ਵੱਖ ਹੋ ਕੇ ਸ਼ਰਨ ਦੀ ਮੌਤ ਹੋ ਜਾਂਦੀ ਹੈ। ਉਹ ਦੋਵੇਂ ਧੀਆਂ ਨੂੰ ਨਵੇਂ ਘਰ ਵਿਚ ਲਿਆਉਣਾ ਚਾਹੁੰਦਾ ਹੈ। ਉਸਦੀਆਂ ਕੁੜੀਆਂ ਸੁਖਜੀਤ ਨੂੰ ਸਵੀਕਾਰ ਨਹੀਂ ਕਰਦੀਆਂ। ਉਹ ਜਿਸ ਆਦਰਸ਼ਕ ਘਰ ਦੀ ਕਲਪਨਾ ਕਰਦਾ ਰਿਹਾ, ਉਸ ਕਲਪਨਾ ਨੂੰ ਉਸਦੀ ਵੱਡੀ ਧੀ ਤੋੜ ਦਿੰਦੀ ਹੈ। "ਆਈ ਨੋਅ ਇਟ ਇਜ਼ ਏ ਬਿਗ ਹਾਊਸ..... ਇਟ ਇਜ਼ ਮਾਈ ਡਰੀਮ ਹਾਊਸ ਆਲਸੋ..... ਪਰ ਫਿਰ ਵੀ ਮੈਂ ਏਥੇ ਰਹਿਣਾ ਨਹੀਂ ਮੰਗਦੀ।"

"ਵਾਏ....ਏ.....ਏ....."

"ਬੀਕਾਜ਼ ਵਿਦਾਊਟ ਮਾਈ ਮੌਮ..... ਇਟ ਇਜ਼ ਨਾਟ ਏ ਡਰੀਮ ਹਾਊਸ ਫਾਰ ਮੀ.....

ਇਟ ਇਜ਼ ਜਸਟ ਏ, ਹੌਂਡਟ ਹਾਊਸ.....।"

ਇਹ ਕਹਿ ਇੰਦਰ ਉਭੇ ਸਾਹ ਲੈਂਦੀ ਹੋਈ ਘਰੋਂ ਬਾਹਰ ਨਿਕਲ ਗਈ..... ਮੈਨੂੰ ਲੱਗਾ....ਜਿਵੇਂ ਪੂਰਾ ਘਰ ਜ਼ੋਰ-ਜ਼ੋਰ ਦੀ ਹੱਸ ਰਿਹਾ ਹੋਵੇ.... ਬਿਲਕੁੱਲ ਸ਼ਰਨ ਵਾਂਗਰ.....।"[2]

ਪ੍ਰਤੀਰੋਧਕ ਧੁਨੀ ਇਸ ਕਹਾਣੀ ਦੇ ਵੀ ਕੇਂਦਰ ਵਿਚ ਹੈ। ਸ਼ਰਨ, ਰੌਣਕ ਤੋਂ ਵੱਖ ਹੋ ਕੇ ਮਿਹਨਤ ਕਰਦੀ ਬਿਮਾਰ ਹੋ ਕੇ ਮਰ ਜਾਂਦੀ ਹੈ ਪਰੰਤੂ ਸਮਝੌਤਾ ਨਹੀਂ ਕਰਦੀ। ਇਹੀ ਇੰਦਰ ਕਰਦੀ ਹੈ। ਉਹ ਆਪਣੀ ਮਾਂ ਵਾਂਗ ਸ਼ਕਤੀਸ਼ਾਲੀ ਹੈ। ਸਰਘੀ ਰੌਣਕ ਨੂੰ ਮੁੱਖ ਬਿਰਤਾਂਤਕਾਰ ਬਣਾ ਕੇ ਧੀਰਜ ਮਰਦ ਦਾ ਇਕ ਬਿੰਬ ਸਥਾਪਿਤ ਕਰਦੀ ਹੈ। ਇਸੇ ਤਰ੍ਹਾਂ ਉਹ 'ਸਭੁ ਦੇਸ ਪਰਾਇਆ' ਵਿਚਲੇ ਬਖ਼ਤਾਵਰ ਸਿੰਘ ਬਾਜਵਾ ਦਾ ਬਿੰਬ ਪੇਸ਼ ਕਰਦੀ ਹੈ। ਸਰਘੀ ਦੀਆਂ ਕੁਝ ਕਹਾਣੀਆਂ ਪਰਵਾਸੀ ਜੀਵਨ ਨਾਲ ਸੰਬੰਧਿਤ ਹਨ। ਉਹ ਪਰਵਾਸ ਵਿਚ ਰਹਿ ਰਹੀ ਧਿਰ ਦੇ ਇਧਰਲੇ ਪੱਖ ਨੂੰ ਪੂਰੀ ਸ਼ਕਤੀ ਨਾਲ ਚੁੱਕਦੀ ਹੈ। ਇਸ ਕਹਾਣੀ ਦਾ ਕੇਂਦਰ ਪਰਵਾਸੀ ਪੁੱਤਰ ਦੇ ਵਤੀਰੇ 'ਚੋਂ ਉਪਜਿਆ ਦੁਖਾਂਤ ਹੈ। ਸਰਘੀ ਇਸ ਕਹਾਣੀ ਵਿਚ ਪਰਵਾਸੀ ਸਭਿਆਚਾਰ ਦੀ ਨਿੰਦਾ ਨਹੀਂ ਕਰਦੀ, ਸਗੋਂ ਇਧਰਲੇ ਲੋਕਾਂ ਦੇ ਸਵੈ-ਸਥਾਪਿਤ ਮੁੱਲਾਂ ਉਤੇ ਉਸਾਰੇ ਭਰਮ ਨੂੰ ਉਭਾਰਦੀ ਹੈ। ਬਾਜਵੇ ਦਾ ਮੋਹ ਜ਼ਮੀਨ ਉਤੇ ਅਧਾਰਿਤ ਮਾਨਵੀ ਮੁੱਲਾਂ ਨਾਲ ਹੈ। ਇਹਨਾਂ ਮੁੱਲਾਂ ਵਿਚ ਸੰਵਾਦ ਨਹੀਂ ਸਗੋਂ ਜ਼ਮੀਨ ਉਤੇ ਆਧਾਰਿਤ ਅਹਿੰ ਵਿਚ ਗ੍ਰਸਤ ਮੁੱਲ ਹੁੰਦੇ ਹਨ। ਇਸ ਵਿਚ ਇਕ ਭਰਮ ਅਧਾਰਿਤ ਜਾਤੀਗਤ ਮੁੱਲ ਹੁੰਦੇ ਹਨ। ਜਦੋਂਕਿ ਇਤਿਹਾਸ ਵਿਚ ਕਿਸਾਨੀ ਵਿਚ ਜਾਤੀ ਗੌਰਵ ਦਾ ਇਤਿਹਾਸ ਬਹੁਤ ਛੋਟਾ ਹੈ। ਅਠਾਰਵੀਂ ਸਦੀ ਤਕ ਕਿਸਾਨੀ ਸਮਾਜ ਦੇ ਹੇਠਲੇ ਡੰਡੇ ਉਤੇ ਹੁੰਦੀ ਸੀ। ਕੁਝ ਸਦੀਆਂ ਬਾਅਦ ਪੂੰਜੀ ਅਧਾਰਤਿ ਸਮਾਜ ਨੇ ਇਸ ਗੌਰਵ ਨੂੰ ਫਿਰ ਹਲਕਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਹਲਕਾ ਰੰਗ ਬਖ਼ਤਾਵਰ ਸਿੰਘ ਬਾਜਵੇ ਲਈ ਸੰਕਟ ਖੜ੍ਹਾ ਕਰਦਾ ਹੈ। ਉਸਦਾ ਮੁੰਡਾ ਗੈਰ ਜਾਤੀ ਕੁੜੀ ਨਾਲ ਵਿਆਹ ਕਰਵਾ ਕੇ ਸਥਾਪਿਤ ਹੋ ਜਾਂਦਾ ਹੈ। ਬਖ਼ਤਾਵਰ ਲਈ ਸੰਕਟ ਉਸ ਸਮੇਂ ਖੜ੍ਹਾ ਹੁੰਦਾ ਹੈ, ਜਦੋਂ ਉਸਦੇ ਪੋਤਰੇ ਦੇ ਨਾਂ ਨਾਲੋਂ ਬਾਜਵਾ ਗੋਤ ਹਟਾਇਆ ਜਾਂਦਾ ਹੈ। ਬਖ਼ਤਾਵਰ ਦੇ ਇਕ-ਇਕ ਕਰਕੇ ਸਾਰੇ ਆਦਰਸ਼ ਟੁੱਟਣ ਲੱਗਦੇ ਹਨ। ਪਹਿਲਾਂ ਜਦੋਂ ਪੁੱਤਰ ਬੁਢਾਪੇ ਵਿਚ ਮਾਂ-ਪਿਉ ਨੂੰ ਨਾਲ ਰੱਖਣ ਤੋਂ ਨਾਂਹ ਕਰ ਦਿੰਦਾ ਹੈ। ਦੂਜਾ ਜਦੋਂ ਉਹ ਨੂੰਹ ਨੂੰ ਪੱਛਮੀ ਕੱਪੜਿਆਂ ਵਿਚ ਵੇਖਦਾ ਹੈ। ਉਹ ਤਾਂ ਉਮੀਦ ਕਰਦਾ ਸੀ ਕਿ ਵਿਹੜੇ ਵੜਦਿਆਂ ਨੂੰਹ ਪੈਰੀਂ ਹੱਥ ਲਾਏਗੀ। ਸਭ ਤੋਂ ਵੱਡਾ ਝਟਕਾ ਉਸਨੂੰ ਉਸ ਸਮੇਂ ਲਗਦਾ ਹੈ ਜਦੋਂ ਪੋਤਰੇ ਦੇ ਨਾਂ ਪਿੱਛੇ ਪਾਸਪੋਰਟ ਤੋਂ 'ਬਾਜਵਾ' ਸ਼ਬਦ ਹਟਾ ਦਿੱਤਾ ਜਾਂਦਾ ਹੈ। ਆਪਣੇ ਪੁੱਤਰ ਅਤੇ ਪੋਤਰੇ ਦੇ ਪਿੱਛੇ ਬਾਜਵਾ ਲੱਗਾ ਵੇਖ ਉਹਨੂੰ ਤਸੱਲੀ ਹੁੰਦੀ ਹੈ ਤੇ ਫਿਰ ਕੇਹਰੂ ਕੋਲ ਜਾਣਾ ਉਹਦਾ ਨਿਤਨੇਮ ਬਣ ਗਿਆ ਸੀ। ਬਾਰ-ਬਾਰ ਬੰਸਾਵਲੀ ਸੁਣ ਉਹਨੂੰ ਸੁਆਦ ਆਉਂਦਾ। ਉਹਨੂੰ ਲਗਦਾ ਪਿੰਡ ਦੇ ਵਹੀਖਾਤੇ 'ਚੋਂ ਉਹਦਾ ਅਜੇ ਵੀ ਅੱਗਾ-ਪਿੱਛਾ ਕਾਇਮ ਸੀ। ਅਜਿਹੇ ਵੇਲੇ ਉਹ ਆਪਣੀ ਮੁੱਛ ਨੂੰ ਮਰੋੜਾ ਦੇ ਕੇ ਕਹਿੰਦਾ, "ਨਹੀਂ ਪਰਵਾਹ ਕਿਸੇ ਦੀ ਜੱਟ ਨੂੰ।" ਪਰ ਕੁਝ ਦਿਨਾਂ ਬਾਅਦ ਹੀ ਉਹ ਇਸ ਸਭ ਕਾਸੇ ਤੋਂ ਉਕਤਾ ਗਿਆ। ਜਦ ਉਸਦੀਆਂ ਅੱਖਾਂ ਸਾਹਮਣੇ 'ਵਿੱਲ' ਤੇ ਪੋਤੇ ਦਾ ਪਾਸਪੋਰਟ ਘੁੰਮਣ ਲਗਦਾ ਤਾਂ ਉਹ ਬੌਂਦਲ ਜਾਂਦਾ। ਅਜਿਹੇ ਵੇਲੇ ਉਸਦੀ ਉਦਾਸੀ ਝੱਲੀ ਨਾ ਜਾਂਦੀ। ਫਿਰ ਉਸਨੂੰ ਕਿਹਰੂ ਦੀ ਰਲਦ-ਗਲਦ ਹੋਈ 'ਬੰਸਾਵਲੀ' ਵਲੈਤੀ ਪਾਸਪੋਰਟ ਦੇ ਮੁਕਾਬਲੇ ਹੀਣੀ ਜਾਪਦੀ।"[3]

ਇੰਦਰ ਦਾ ਵਿਰੋਧ ਪਿਉ ਦੇ ਸੰਸਥਾਈ ਰੂਪ ਨਾਲ ਹੈ ਜਿਥੇ ਉਹ ਆਪਣੀਆਂ ਸ਼ਰਤਾਂ ਉਤੇ ਘਰ ਨੂੰ ਤਸੱਵਰ ਕਰਦਾ ਹੈ ਅਤੇ ਧੀਆਂ ਨੂੰ ਉਸੇ ਅਧਿਕਾਰ ਨਾਲ ਸ਼ਾਮਲ ਕਰਦਾ ਹੈ। ਇਹ ਪ੍ਰਤੀਰੋਧ ਦੀ ਧੁਨੀ ਸਰਘੀ ਦੀਆਂ ਕਹਾਣੀਆਂ ਦਾ ਪਾਸਾਰ ਹੈ। ਸਰਘੀ ਇਹਨਾਂ ਕਹਾਣੀਆਂ ਵਿਚ ਬਿਰਤਾਂਤ ਦੀ ਉਸਾਰੀ ਪਰਕਾਇਆ ਪਰਿਵਰਤਨ ਦੀ ਵਿਧੀ ਰਾਹੀਂ ਭਰਦੀ ਹੈ। ਇਸ ਬਿਰਤਾਂਤਕ ਵਿਧੀ ਦੀ ਪੇਸ਼ਕਾਰੀ ਵਿਚ ਉਹ ਸਫ਼ਲ ਹੈ।

ਸਰਘੀ ਦੀ ਨਾਰੀ ਚੇਤਨਾ ਦੀ ਮੂਲ ਚੂਲ ਦਾ ਇਕ ਹੋਰ ਪਾਸਾਰ ਔਰਤ ਦੀ ਇਕ ਜ਼ੁਜੇ ਦੇ ਤੌਰ 'ਤੇ ਖ਼ੁਦਮੁਖ਼ਤਾਰ ਹੋਣ ਨਾਲ ਜੁੜਿਆ ਹੋਇਆ ਹੈ। ਪੰਜਾਬੀ ਕਹਾਣੀ ਵਿਚ ਨਾਰੀ ਦੁਆਰਾ ਲਿਖਤ ਭਾਰੂ ਕਹਾਣੀ ਮਰਦ ਦੁਆਰਾ ਦਿਤੀ ਵੇਦਨਾ ਦੇ ਦੁਆਲੇ ਘੁੰਮਦੀ ਹੈ। ਇਸ ਵਿਚ ਜੇ ਕਿਤੇ ਖ਼ੁਸ਼ੀ ਦੀ ਚਿੰਤਾ ਹੈ ਤਾਂ ਉਹ ਰਿਸ਼ਤੇ ਦੀ ਚੋਣ ਉਤੇ ਨਿਰਭਰ ਹੈ। ਜਿਸ ਪਿਉ, ਭਰਾ ਅਤੇ ਪ੍ਰੇਮੀ ਭਾਰੂ ਰੂਪ ਵਿਚ ਬਹੁਤੇ ਪੀੜਾਂ ਦੇ ਵਾਹਕ ਨਹੀਂ ਬਣਦੇ ਬਹੁਤਾ ਪਤੀ ਬਣਦਾ ਹੈ। ਇਸ ਵਿਚ ਔਰਤ ਦੁੱਖ ਸਹਿੰਦੀ ਹੈ। ਇਹੀ ਉਸਦੀ ਪੀੜਾ ਹੈ, ਇਹੀ ਭਗਤੀ ਹੈ। ਉਹ ਇਕ ਆਜ਼ਾਦ ਜ਼ੁਜ ਦੇ ਤੌਰ 'ਤੇ ਘੱਟ ਪੇਸ਼ ਹੁੰਦੀ ਹੈ। ਵੀਨਾ ਵਰਮਾ ਇਸ ਪਾਸੇ ਕਦਮ ਪੁੱਟਦੀ ਹੈ ਪਰੰਤੂ ਉਸਦੀ ਉਚੀ-ਸੁਰ ਅਤੇ ਭਾਸ਼ਾ ਦੀ ਗੜ੍ਹਕ ਗਲਪੀ ਤਰਕ ਨੂੰ ਕਮਜ਼ੋਰ ਕਰ ਦਿੰਦੀ ਹੈ। ਸਰਘੀ ਇਸ ਪਾਸੇ ਨਿਘਰ ਕਦਮ ਚੁੱਕਦੀ ਹੈ। ਉਸਦੀਆਂ ਮੁੱਖ ਪਾਤਰ ਇਕ ਪੀੜਾ ਵਿਚੋਂ ਗੁਜ਼ਰਨ ਤੋਂ ਬਾਅਦ ਸਬੂਤੇ ਕਦਮੀ ਅੱਗੇ ਵਧਦੀਆਂ ਹਨ। ਉਸਦੀ ਕਹਾਣੀ 'ਹੌਲੀਡੇ ਵਾਈਫ਼' ਬਹੁਤ ਮਹੱਤਵਪੂਰਨ ਹੈ। ਇਹ ਕਹਾਣੀ ਇਕ ਅਜਿਹੀ ਔਰਤ ਦੁਆਲੇ ਘੁੰਮਦੀ ਹੈ, ਜਿਸਦਾ ਪਤੀ ਉਸਨੂੰ ਵਿਆਹ ਕੇ ਪਿੰਡ ਘਰ ਅਤੇ ਮਾਂ ਨੂੰ ਸਾਂਭਣ ਲਈ ਛੱਡ ਕੇ ਪਰਵਾਸ ਧਾਰਨ ਕਰ ਲੈਂਦਾ ਹੈ। ਔਰਤ ਇਸ ਉਡੀਕ ਵਿਚ ਰਹਿੰਦੀ ਹੈ ਕਿ ਉਹ ਉਥੇ ਸਥਾਪਿਤ ਹੋ ਕੇ ਉਸਨੂੰ ਲੈ ਜਾਏਗਾ। ਉਹ ਇਥੇ ਛੁੱਟੀਆਂ ਕੱਟਣ ਆਉਂਦਾ ਹੈ। ਇਸ ਲਈ ਪਤਨੀ ਉਸ ਲਈ ਹੌਲੀਡੇ ਵਾਈਫ਼ ਹੈ। ਉਹ ਬਾਹਰ ਮਨ ਆਈਆਂ ਕਰਦਾ ਹੈ ਪਰੰਤੂ ਇਥੇ ਪਤਨੀ ਨੂੰ ਪਵਿੱਤਰ ਰੱਖਣਾ ਚਾਹੁੰਦਾ ਹੈ। ਉਸਦੀ ਪਤਨੀ ਚੰਨਪ੍ਰੀਤ ਪਹਿਲਾਂ ਇਸ ਨਿਯਮ ਦਾ ਪਾਲਣ ਕਰਦੀ ਹੈ। ਫਿਰ ਉਸਦਾ ਮਨ ਸਭ ਕੁਝ ਛੱਡ ਛਡਾ ਕੇ ਮੁਕਤ ਹੋਣ ਨੂੰ ਕਰਦਾ ਹੈ। ਜਗਜੀਤ ਨੇ ਉਥੇ ਮੇਮ ਨਾਲ ਵਿਆਹ ਕਰਾਇਆ ਹੋਇਆ ਹੈ, ਜਿਸਨੂੰ ਉਹ ਪੱਕਾ ਹੋਣ ਲਈ ਕਰਾਇਆ ਕਹਿੰਦਾ ਹੈ। ਇਸ ਨਾਉਮੀਦੀ ਵਿਚ ਚੰਨਪ੍ਰੀਤ ਸਰੀਰਕ ਸੁੱਖ ਦੀ ਖਾਹਿਸ਼ ਪਾਲਦੀ ਹੈ। ਸਾਡੇ ਸਮਾਜਾਂ ਵਿਚ ਇਹ ਰਿਸ਼ਤੇ ਨੇੜਲੇ ਰਿਸ਼ਤੇ ਵਿਚੋਂ ਸਥਾਪਤ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਭਾਰਤੀ ਸਮਾਜ ਵਿਸ਼ੇਸ਼ ਤੌਰ 'ਤੇ ਜਗੀਰਦਾਰੀ ਵਿਵਸਥਾ ਵਿਚ ਖੇਤੀ ਅਧਾਰਿਤ ਆਰਥਿਕਤਾ ਅਧੀਨ ਪਤੀ ਦੇ ਭਰਾਵਾਂ ਨਾਲ, ਇਸਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਅਜਿਹੇ ਰਿਸ਼ਤੇ ਦੀ ਮਾਨਤਾ ਦਾ ਅਸਰ ਸਾਡੇ ਲੋਕ ਸਾਹਿਤ ਵਿਚੋਂ ਮਿਲਦਾ ਹੈ। ਚੰਨਪ੍ਰੀਤ ਲਈ ਇਸ ਰਿਸ਼ਤੇ ਦੀਆਂ ਸੰਭਾਵਨਾਵਾਂ ਸ਼ਰੀਕੇ ਵਿਚੋਂ ਜੇਠ ਨਾਲ ਬਣਦੀਆਂ ਹਨ। ਸਾਡੇ ਲੋਕ ਮੁਹਾਵਰੇ ਵਿਚ 'ਇਕ ਮਹੀਨਾ ਜੇਠ ਦਾ' ਮੰਨਿਆ ਜਾਂਦਾ ਹੈ। ਜਗਜੀਤ ਦਾ ਵਿਹਾਰ ਅਤੇ ਚੰਨਪ੍ਰੀਤ ਦੀਆਂ ਸਰੀਰਕ ਲੋੜਾਂ ਉਸਨੂੰ ਜੇਠ ਨਾਲ ਜੋੜ ਦੇਂਦੀਆਂ ਹਨ। ਜੇਠ ਨਾਲ ਜੁੜਨਾ ਕਹਾਣੀ ਨਹੀਂ ਹੈ। ਇਹ ਘਟਨਾਵੀ ਚੱਕਰ ਹੈ ਅਤੇ ਪ੍ਰਤਿਰੋਧਕ ਧੁਨੀ ਦਾ ਵਾਹਕ। ਸਰਘੀ ਇਥੇ ਚੰਨਪ੍ਰੀਤ ਦੇ ਵਿਹਾਰ ਰਾਹੀਂ ਮਰਦ ਦੇ ਬਣਾਏ ਪ੍ਰਤਿਮਾਨ ਨੂੰ ਪੰਕਚਰ ਕਰਦੀ ਹੈ। ਇਹ ਪੰਕਚਰ ਹੀ ਘਟਨਾਵੀ ਚੱਕਰ ਨੂੰ ਕਹਾਣੀ ਚੱਕਰ ਵਿਚ ਤਬਦੀਲ ਕਰ ਦਿੰਦਾ ਹੈ। ਸਰਘੀ ਮੁਹਾਵਰੇ ਘੜਨ ਦੀ ਕਮਾਲ

ਦੀ ਸਮਰੱਥਾ ਰੱਖਦੀ ਹੈ। ਉਹ ਹੌਲੀਡੇ ਵਾਈਫ਼ ਦੇ ਵਰਤਾਰੇ ਨੂੰ ਹੌਲੀਡੇ ਹਸਬੈਂਡ ਵਿਚ ਤਬਦੀਲ ਕਰ ਦਿੰਦੀ ਹੈ। "ਮੈਂ ਉਹਦੀਆਂ ਅੱਖਾਂ 'ਚੋਂ ਝਾਕਦਿਆਂ ਪੁੱਛਿਆ, "ਵੰਡਰਫੁੱਲ ਵਾਈਫ਼ ਦਾ ਤਾਂ ਮੈਨੂੰ ਪਤਾ..... ਪਰ ਇਹ 'ਹੌਲੀਡੇ ਵਾਈਫ਼' ਕਿਹੜੀ ਹੁੰਦੀ ਆ।"

"ਉਹ ਯਾਰ..... ਵੈਰੀ ਸਿੰਪਲ, ਜੀਹਦੇ ਨਾਲ ਬੰਦਾ ਹੌਲੀਡੇਜ਼ 'ਚੋਂ ਫੰਨ ਕਰੇ, ਉਹ ਹੀ ਹੌਲੀਡੇ ਵਾਈਫ ਹੁੰਦੀ ਆ।"

"ਇਸ ਹਿਸਾਬ ਨਾਲ ਤਾਂ ਤੁਸੀਂ ਵੀ ਮੇਰੇ ਹੌਲੀਡੇ ਹਸਬੈਂਡ ਹੀ ਹੋਏ।"

ਮੇਰੀ ਗੱਲ ਦਾ ਉਸ ਕੋਲੋਂ ਜਵਾਬ ਨਹੀਂ ਸੀ ਦੇ ਹੋਇਆ। ਗੁੰਮ-ਸੁੰਮ ਜਿਹਾ ਹੋ ਗਿਆ.....। ਬੌਂਦਲੇ ਜਿਹੇ ਨੇ ਲੈਪਟੌਪ ਆਪਣੇ ਵਲ ਖਿੱਚ ਲਿਆ.....। ਚਾਹ ਬਣਾ ਕੇ ਮੈਂ ਕਮਰੇ ਵਿਚ ਆਈ ਤਾਂ ਬੜੇ ਜੇਤੂ ਜਿਹੇ ਅੰਦਾਜ਼ 'ਚ ਮੈਨੂੰ ਕਹਿਣਾ ਲੱਗਾ, "ਐਵੇਂ ਨਾ ਮੁਕਾਬਲੇ ਜਿਹੇ ਕਰੀ ਜਾ, 'ਹੌਲੀਡ ਹਸਬੈਂਡ' ਨਹੀਂਓ ਹੁੰਦਾ.....' ਹੌਲੀਡੇ ਵਾਈਫ' ਹੀ ਹੁੰਦੀ ਆ.....। ਨਹੀਂ ਯਕੀਨ ਤਾਂ ਗੁਗਲ 'ਤੇ ਸਰਚ ਮਾਰ ਕੇ ਵੇਖ ਲਾ.....।"

ਉਸ ਪਲ ਮੈਂ ਖਿੜ-ਖਿੜ ਹੱਸੀ ਤੇ ਦੂਜੇ ਹੀ ਪਲ ਸੋਚ ਰਹੀ ਸੀ।

ਇਹ ਵੀ ਕਮਾਲ.....। ਸਿਰੇ ਦਾ ਝੱਲਾ.....।

ਇਹਨੂੰ ਮੈਂ ਕਿੰਝ ਸਮਝਾਵਾਂ.... ਕਿ ਮਨ ਦੇ ਭੇਦ ਗੁਗਲ 'ਤੇ ਨਹੀਂ ਹੁੰਦੇ।"[4]

ਇਹ ਔਰਤ ਦਾ ਉਹ ਵਿਹਾਰ ਹੈ ਜਿਹੜਾਂ ਪ੍ਰਤਿਰੋਧੀ ਧੁਨੀ ਦੇ ਨਾਲ-ਨਾਲ ਔਰਤ ਦੀ ਆਜ਼ਾਦ ਹੋਂਦ ਵਲ ਵੀ ਸੰਕੇਤ ਕਰਦਾ ਹੈ। ਉਹ ਮਰਦ ਦੇ ਸਮਾਨੰਤਰ ਆਪਣੀ ਖ਼ੁਸ਼ੀ ਅਤੇ ਸੰਤੁਸ਼ਟੀ ਲਈ ਬਦਲ ਵੀ ਉਸਾਰ ਲੈਂਦੀ ਹੈ। ਉਹ ਮਰਦ ਦੁਆਰਾ ਸਿਰਜਤ ਅਤੇ ਸੰਚਾਲਤ ਨੇਰੈਟਿਵ ਨੂੰ ਬਦਲ ਦਿੰਦੀ ਹੈ। ਇਹ ਮੂਲ ਵਿਦਰੋਹ ਹੈ। ਉਚੀ ਸੁਰ ਨਹੀਂ, ਇਹੀ ਸਾਹਿਤ ਸਿਰਜਣਕਾਰੀ ਦਾ ਦ੍ਰਿਸ਼ਟੀਗਤ ਬਿੰਦੂ ਹੈ। ਜਿਹੜਾ ਸਹਿਜ ਹੋਣ ਕਰਕੇ ਮਹੱਤਵਪੂਰਨ ਹੈ। ਚੰਨਪ੍ਰੀਤ ਇਸੇ ਸਮਾਜਿਕ ਸੰਸਥਾ ਵਿਚੋਂ ਰਾਹਤ ਦਾ ਰਸਤਾ ਤਲਾਸ਼ ਲੈਂਦੀ ਹੈ।

ਪੰਜਾਬੀ ਕਹਾਣੀ ਵਿਚ ਖ਼ਾਸ ਕਰ ਨਾਰੀ ਦੁਆਰਾ ਸਿਰਜਤ ਕਹਾਣੀਆਂ ਵਿਚ ਪ੍ਰਤਿਰੋਧ ਧੁਨੀ ਦੀ ਸੱਸ਼ਕਤ ਕਹਾਣੀ 'ਕੁੜੀਆਂ' ਹੈ। ਇਸ ਦੀ ਬਿਰਤਾਂਤ ਵਿਧੀ ਵੀ ਖੰਡਾਂ ਉਤੇ ਅਧਾਰਿਤ ਹੈ। ਇਸ ਕਹਾਣੀ ਦੀ ਸੁਰ ਉਚੀ ਹੈ, ਪਰੰਤੂ ਇਸ ਉਚੀ ਸੁਰ ਦਾ ਤਰਕ ਕਹਾਣੀ ਦੇ ਬਿਰਤਾਂਤਕ ਢਾਂਚੇ ਵਿਚ ਮੌਜੂਦ ਹੈ। ਕਹਾਣੀ ਵਿਚ ਸਰਘੀ ਸਮਾਜ ਦੀ ਮੂਲ ਸੋਚ ਉਤੇ ਹਮਲਾਵਰ ਰੁਖ਼ ਅਪਣਾਉਂਦੀ ਹੈ। ਸਰਘੀ ਮਨੁੱਖ ਦੇ ਨਸਲ ਵਧਾਉਣ ਦੀ ਲਿੰਗਕ ਪਛਾਣ ਦੇ ਮਸਲੇ ਨੂੰ ਕੇਂਦਰ ਵਿਚ ਰੱਖਦੀ ਹੈ। ਨਸਲ ਵਧਾਉਣ ਦਾ ਸੁਭਾਅ ਅਤੇ ਚੇਤਨਾ ਪ੍ਰਕ੍ਰਿਤਕ ਜੀਵਾਂ ਵਿਚ ਮੌਜੂਦ ਹੁੰਦੀ ਹੈ। ਭਾਵੇਂ ਉਹ ਚੇਤਨਾ ਦੇ ਵਿਕਾਸ ਦੇ ਕਿਸੇ ਪੱਧਰ ਉਤੇ ਵਿਚਰ ਰਹੇ ਹੋਣ। ਇਸ ਚੇਤਨਾ ਨੂੰ ਲਿੰਗਕ ਭੇਦਭਾਵ ਵਿਚ ਸਿਰਫ਼ ਮਨੁੱਖ ਵੰਡਦਾ ਹੈ। ਮਨੁੱਖ ਵਿਚ ਵੀ ਇਹ ਵਰਤਾਰਾ ਸਮਾਜਿਕ ਵਿਕਾਸ ਦੇ ਇਕ ਪੜਾਅ ਉਤੇ ਹੋਂਦ ਵਿਚ ਆਇਆ। ਜਦੋਂ ਪੈਦਾਵਰ ਦੀ ਵੰਡ ਅਤੇ ਪੈਦਾਵਾਰ ਦੀ ਉਪਜ ਸਰੀਰਕ ਤਾਕਤ ਦੇ ਅਧਾਰ ਉਤੇ ਹੋਈ ਤਾਂ ਮਰਦ ਦਾ ਕੁਦਰਤੀ ਪੱਧਰ ਉਤੇ ਸਰੀਰਕ ਤੌਰ 'ਤੇ ਤਾਕਤਵਰ ਹੋਣ ਕਾਰਨ ਨਸਲੀ ਪੈਦਾਵਾਰ ਵਿਚ ਮਰਦ ਦੀ ਹੋਂਦ ਮਹੱਤਵਪੂਰਨ ਹੋ ਗਈ। ਜਗੀਰਦਾਰੀ ਪ੍ਰਬੰਧ ਵਿਚ ਇਹ ਸੋਚ ਸਿਖ਼ਰ ਉਤੇ ਪਹੁੰਚੀ ਅਤੇ ਸਾਂਸਕ੍ਰਿਤਕ ਅਵਚੇਤਨ ਦਾ ਹਿੱਸਾ ਬਣ ਗਈ। ਭਾਰਤ ਵਿਚ ਜਗੀਰਦਾਰੀ ਵਿਵਸਥਾ ਚੀਨ ਤੋਂ ਬਾਅਦ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਵੱਧ ਸਮਾਂ ਰਹੀ। ਪੁਨਰ-ਜਨਮ ਦੇ ਸੰਕਲਪ ਅਤੇ

ਮੁਕਤੀ ਨੇ ਇਸ ਵਰਤਾਰੇ ਨੂੰ ਸਾਂਸਕ੍ਰਿਤੀ ਦਾ ਹਿੱਸਾ ਬਣਾ ਦਿੱਤਾ। ਇਹ ਸਾਂਸਕ੍ਰਿਤੀ ਧਾਰਮਿਕ ਗ੍ਰੰਥਾਂ ਤੋਂ ਲੈ ਕੇ ਸਾਹਿਤ ਅਤੇ ਕਲਾਵਾਂ ਵਿਚ ਪ੍ਰਗਟ ਹੋਣ ਲੱਗ ਪਈ। ਪੁੱਤਰ ਜਾਇਦਾਦ ਦਾ ਵਾਰਸ ਹੀ ਨਹੀਂ ਸਗੋਂ ਮੁਕਤੀ ਦਾ ਵਾਹਕ ਵੀ ਬਣ ਗਿਆ। ਆਧੁਨਿਕ ਯੁੱਗ ਨੇ ਇਸ ਸੋਚ ਨੂੰ ਨਰਮ ਕੀਤਾ। ਇਸ ਸੋਚ ਉਤੇ ਪ੍ਰਸੰਗ ਚਿਨ੍ਹ ਲੱਗਣੇ ਸ਼ੁਰੂ ਹੋ ਗਏ। ਔਰਤ ਨੂੰ ਪੁੱਤਰ ਜਨਣੀ ਹੋਣ ਦਾ ਸਾਧਨ ਸਮਝਿਆ ਜਾਣ ਲੱਗ ਪਿਆ। ਸਰੀਰਕ ਵਿਗਿਆਨ ਨੇ ਇਹ ਸਾਬਤ ਕਰ ਦਿੱਤਾ ਕਿ ਪੈਦਾ ਹੋਣ ਵਾਲੇ ਬੱਚੇ ਦਾ ਲਿੰਗ ਮਰਦ 'ਤੇ ਨਿਰਭਰ ਕਰਦਾ ਹੈ। ਇਹ ਵਿਗਿਆਨ ਨੇ ਸਾਬਤ ਕਰ ਦਿੱਤਾ ਪਰੰਤੂ ਪਰਿਵਾਰ ਅਧਾਰਿਤ ਸੰਸਥਾ ਵਿਚ ਮਰਦ ਸਾਹਮਣੇ ਇਹ ਸਵਾਲ ਖੜ੍ਹੇ ਕਰਨਾ ਅਸਲ ਵਿਚ ਮਰਦ ਦੀ ਸੱਤਾ ਨੂੰ ਚੁਣੌਤੀ ਦਿੰਦਾ ਹੈ। ਸਰਘੀ ਇਸ ਚੁਣੌਤੀ ਨੂੰ ਕਹਾਣੀ ਦਾ ਦ੍ਰਿਸ਼ਟੀਗਤ ਹਥਿਆਰ ਬਣਾ ਕੇ ਪੇਸ਼ ਕਰਦੀ ਹੈ। ਸਰਘੀ ਜਟਿਲ ਮਸਲਾ ਹੋਣ ਦੇ ਬਾਵਜੂਦ ਸਹਿਜ ਉਠਾਉਂਦੀ ਹੈ। ਇਸ ਕਹਾਣੀ ਦੀ ਪਾਤਰ ਜੀਤਾਂ ਦਾ ਵਿਰੋਧ ਇਕ ਵਰਤਾਰੇ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਸਰਘੀ ਇਸ ਵਿਰੋਧ ਦੀਆਂ ਧਿਰਾਂ ਲੋਕ ਸਾਹਿਤ ਰਾਹੀਂ ਪ੍ਰਗਟ ਕਰਦੀ ਹੈ। ਜੀਤਾਂ ਪਹਿਲਾਂ ਇਸ ਵਿਰੋਧ ਦਾ ਉਤਰ ਦੇਣ ਲਈ, 'ਬਸ ਇਕ ਪੁੱਤਰ ਦੇ ਦੇਵੇ, ਫਿਰ ਦੱਸੂੰ ਪਤਾ ਏਹਨਾਂ ਸਾਰਿਆਂ ਨੂੰ', ਸਮੇਂ ਦੀ ਉਡੀਕ ਕਰਦੀ ਹੈ। ਆਪਣੀ ਪਛਾਣ ਤੋਂ 'ਅਸਾਂ ਤੈਨੂੰ ਨਈਉਂ ਰੱਖਣਾ, ਤੇਰੀ ਨਾੜ-ਨਾੜ ਵਿਚ ਕੁੜੀਆਂ' ਵਰਗੀਆਂ ਬੋਲੀਆਂ ਸੁਣਦੀ ਹੈ। ਨਨਾਣ ਆਪ ਦੀ ਔਰਤ ਹੈ ਪਰੰਤੂ ਉਹ ਇਕ ਮਰਦ ਪ੍ਰਧਾਨ ਸਾਂਸਕ੍ਰਿਤੀ ਦੀ ਪ੍ਰਤਿਨਿਧਤਾ ਕਰਦੀ ਹੈ। ਪੁੱਤਰ ਪ੍ਰਾਪਤੀ ਸਮਾਜ ਵਿਚ ਪ੍ਰਤਿਸ਼ਠਾ ਦਾ ਵਾਇਸ ਬਣੀ ਹੋਈ ਹੈ। ਇਸ ਤਰ੍ਹਾਂ ਇਹ ਵਰਤਾਰਾ ਸਮਾਜਿਕ ਦਬਾਅ ਦਾ ਕਾਰਨ ਬਣਦਾ ਹੈ। ਘਰ ਵਿਚ ਪੁੱਤਰ ਦਾ ਨਾ ਹੋਣਾ ਨਮੋਸ਼ੀ ਦਾ ਕਾਰਨ ਬਣਦਾ ਹੈ, "ਏਧਰ ਵੇਖ, ਮੇਰੀ ਗੱਲ ਸੁਣ..... ਮੈਂ ਕਿਹੜਾ ਸੌਖਾ.....ਜਣਾ-ਖਣਾ ਗੱਲ ਕਰਕੇ ਉਹ ਜਾਂਦਾ..... ਪਰਸੋਂ ਲੰਬੜਾਂ ਦਾ ਮੀਤਾ ਕਹਿੰਦਾ-ਕੀਹਦੇ ਵਾਸਤੇ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ।" ਇਹ ਗੱਲ ਸੁਣ, ਮੈਨੂੰ ਆਪਣੇ ਖ਼ਸਮ 'ਤੇ ਤਰਸ ਜਿਹਾ ਆਇਆ ਤੇ ਉਹ ਮੇਰੀ ਹਿੱਕ ਨਾਲ ਡਰੇ ਨਿਆਣੇ ਵਾਂਗ ਚੰਬੜ ਗਿਆ।" ਬਸ ਇਕ ਮੁੰਡਾ ਦੇ ਦੇ..... ਫਿਰ ਵੇਖੀ ਕਿਵੇਂ ਨ੍ਹੇਰੀਆਂ ਲਿਆਉਂਦਾ।" ਤੇ ਉਹ ਮੁੰਡਾ ਮੰਗਦਾ-ਮੰਗਦਾ ਉਥੇ ਪਹੁੰਚ ਗਿਆ ਸੀ, ਜਿਥੇ ਸਭ ਰੋਸੇ ਖ਼ਤਮ ਹੋ ਜਾਂਦੇ।"[5] ਪਤੀ-ਪਤਨੀ ਇਸ ਪੜਾਅ ਉਤੇ ਪਹੁੰਚ ਕੇ ਇਕੋ ਜਿਹਾ ਸੋਚਦੇ ਹਨ। ਪੁੱਤਰ ਦੀ ਚਾਹਤ ਵਿਚ ਪਰਿਵਾਰਕ ਅਤੇ ਸਮਾਜ ਦਬਾਅ ਥੱਲੇ ਗਰਭਪਾਤ ਕਰਾਉਂਦੀ-ਕਰਾਉਂਦੀ ਬੱਚਾ ਪੈਦਾ ਕਰਨ ਦੀ ਸਮਰੱਥਾ ਗੁਆ ਲੈਂਦੀ ਹੈ। ਇਹ ਕਹਾਣੀ ਦਾ ਪੜਾਅ ਨਿਰਾਸ਼ਾ ਦੇ ਖੇਤਰ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਕਹਾਣੀ ਵਿਚਲਾ ਸੰਕਟ ਔਰਤ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਇਸ ਹੋਂਦ ਨੂੰ ਸਮਾਜ ਨਿਸ਼ਚਿਤ ਕਰਦਾ ਹੈ। ਸਰਘੀ ਇਸ ਹੋਂਦ ਦੇ ਪ੍ਰਮਾਣ ਲੋਕ ਮੁਹਾਵਰਿਆਂ ਵਿਚੋਂ ਪ੍ਰਮਾਣਿਤ ਕਰਦੀ ਹੈ। ਜਿਵੇਂ, 'ਲਿਖੀਆਂ ਲੇਖ ਦੀਆਂ ਭੋਗ ਮਨਾ ਚਿਤ ਲਾ ਕੇ, ਸਾਊ ਘਰਾਂ ਦੀਆਂ ਧੀਆਂ ਇੰਝ ਨਹੀਂ ਕਰਦੀਆਂ'। ਇਹ ਲੋਕ ਮਾਨਸਿਕਤਾ ਹੈ ਜੋ ਔਰਤ ਦੀ ਹੋਣੀ ਨੂੰ ਨਿਰਧਾਰਿਤ ਕਰਦੀ ਹੈ। ਪੁੱਤਰ ਪੈਦਾ ਕਰਨ ਦੀ ਗੁੰਜਾਇਸ਼ ਖ਼ਤਮ ਹੋਣ ਉਤੇ ਜੀਤਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਵਿਚ 'ਫੰਡਰ ਹੋ ਗਈ ਤਾਂ....ਸੁੱਟ ਪਰ੍ਹਾਂ ਏਹਨੂੰ.... ਘਰ-ਬਾਹਰ ਫੰਡਰਾਂ ਨੂੰ ਥੋੜ੍ਹਾ ਸਾਂਭੀ ਜਾਣਾ', ਅਜਿਹੀਆਂ ਸੁਣਾਉਣੀਆਂ ਸੁਣਨੀਆਂ ਪੈਂਦੀਆਂ ਹਨ। ਜੀਤਾਂ ਬੱਚਾ ਨਾ ਪੈਦਾ ਕਰਨ ਕਰਕੇ ਹੀਣਭਾਵਨਾ ਦੀ ਸ਼ਿਕਾਰ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਦੋਸ਼ੀ

ਸਮਝਣ ਲੱਗ ਜਾਂਦੀ ਹੈ। ਇਸ ਵਿਚੋਂ ਉਸ ਨੂੰ ਡਾਕਟਰਨੀ ਬਾਹਰ ਕੱਢਦੀ ਹੈ। ਉਹ ਦੱਸਦੀ ਹੈ ਕਿ ਪੁੱਤਰ ਪੈਦਾ ਕਰਨਾ ਉਸਦੇ ਪਤੀ ਉਤੇ ਨਿਰਭਰ ਕਰਦਾ ਹੈ। ਉਹ ਜੀਤਾਂ ਨੂੰ XY ਦਾ ਸਿਧਾਂਤ ਸਮਝਾਉਂਦੀ ਹੈ। ਇਥੋਂ ਹੀ ਕਹਾਣੀ ਵਿਚ ਨਵਾਂ ਮੋੜ ਆਉਂਦਾ ਹੈ। ਜੀਤਾਂ ਹੀਣਭਾਵਨਾ ਤੋਂ ਮੁਕਤ ਹੋ ਜਾਂਦੀ ਹੈ, "ਨਾਲੇ ਮੈਂ ਕਿਉਂ ਇਹਦੇ ਪਿੱਛੇ-ਪਿੱਛੇ ਤੁਰੀ ਫਿਰਾਂ..... ਮੇਰੇ 'ਚ ਕਿਹੜਾ ਕੋਈ ਕਾਣ ਆ। ਕਮਰੇ 'ਚੋਂ ਬਾਹਰ ਨਿਕਲ ਮੇਰਾ ਖ਼ਸਮ ਪਜਾਮੇ ਵਾਂਗ ਭੁੜਕੀ ਜਾਵੇ।

"ਸਹੁਰੀ ਦੀਏ! ਕਰ ਲਾ ਮਨ ਆਈਆਂ, ਸੌਂਕਣ ਲੈ ਕੇ ਆਉਂ ਤੇਰੀ.....।"

"ਉਹ ਲੈ ਆ ਸੌਂਕਣ..... ਬਣਨਾ-ਜੁੜਨਾ ਤੈਨੂੰ ਉਥੋਂ ਵੀ ਕੁਝ ਨਹੀਂ..... ਤੇਰੇ 'ਚ ਮੁੰਡਿਆਂ ਵਾਲੇ ਕਣ ਹੈ ਨਈਂ।"[6]

ਇਹ ਔਰਤ ਦਾ ਮਰਦ ਉਤੇ ਸਭ ਤੋਂ ਵੱਡਾ ਹਮਲਾ ਹੈ। ਕਹਾਣੀ ਦਾ ਅੰਤਲਾ ਖੰਡ ਔਰਤ ਦੀ ਸ਼ਕਤੀ ਦਾ ਵਾਹਕ ਹੈ। ਇਹ ਖੰਡ ਕਲਾਤਮਕ ਅਤੇ ਦ੍ਰਿਸ਼ਟੀਗਤ ਪੱਖੋਂ ਬਹੁਤ ਮਹੱਤਵਪੂਰਨ ਹੈ। ਇਸ ਖੰਡ ਵਿਚਲਾ ਬਿਰਤਾਂਤ ਬੋਲੀਆਂ ਦੇ ਰੂਪ ਵਿਚ ਦੋ ਧਿਰੀ ਸੰਵਾਦ ਹੈ। ਅਸਲ ਵਿਚ ਇਹ ਸੰਵਾਦ ਦੋਹਾਂ ਜੀਵਨ ਦ੍ਰਿਸ਼ਟੀਆਂ ਦਾ ਹੈ। ਇਸ ਦੀਆਂ ਉਦਾਹਰਣਾਂ ਹੇਠਾਂ ਦਰਜ ਦੋ ਬੋਲੀਆਂ ਵਿਚ ਦੇਖੀਆਂ ਜਾ ਸਕਦੀਆਂ ਹਨ।

ਨਨਾਣ: "ਸਤਿ ਦੇ ਬਚਨ ਵਿਚ ਪੁੜੀਆਂ
ਅਸਾਂ ਤੈਨੂੰ ਨਈਓਂ ਰੱਖਣਾ
ਤੇਰੀ ਨਾੜ ਨਾੜ ਵਿਚ ਕੁੜੀਆਂ
ਭਰਜਾਈ: ਸਤਿ ਦੇ ਬਚਨ ਵਿਚ ਪੁੜੀਆਂ
ਤੇਰੇ ਵੀਰ ਘਰ ਨਈਓਂ ਵਸਣਾ
ਉਹਦੇ ਕਣ ਕਣ ਦੇ ਵਿਚ ਕੁੜੀਆਂ।"[7]

ਚੰਨਪ੍ਰੀਤ ਦਾ ਇਕ ਜ਼ਾਹਰਾ ਵਿਰੋਧ ਔਰਤ ਦੀ ਸਸ਼ੱਕਤੀਕਰਨ ਦਾ ਪ੍ਰਤੀਕ ਹੀ ਨਹੀਂ ਸਗੋਂ ਮਰਦ ਦੀ ਸੱਤਾ ਨੂੰ ਵਿਗਿਆਨਕ ਆਧਾਰ ਉਤੇ ਦਿੱਤੀ ਚੁਣੌਤੀ ਹੈ। ਇਸ ਤਰ੍ਹਾਂ ਸਰਘੀ ਦੀਆਂ ਕਹਾਣੀਆਂ ਦੀ ਪ੍ਰਤਿਰੋਧੀ ਧੁਨੀ ਇਸ ਕਹਾਣੀ ਵਿਚ ਕਲਾਤਮਕ ਸੰਗਠਨ ਵਿਚ ਢਲਕੇ ਪੇਸ਼ ਹੁੰਦੀ ਹੈ।

ਇਸ ਸੰਗ੍ਰਹਿ ਦੀਆਂ ਤਿੰਨ ਕਹਾਣੀਆਂ ਟੈਨਸ਼ਨ ਤੋਂ ਮੁਕਤੀ ਵਲ ਸਫ਼ਰ ਕਰਦੀਆਂ ਹਨ। ਇਹ ਬਾਹਰਮੁਖੀ ਘਟਨਾਵਾਂ ਜਾਂ ਵਿਵਸਥਾ ਵਿਚ ਪਈਆਂ ਵਿਸੰਗਤੀਆਂ ਤੋਂ ਮੁਕਤੀ ਨਾਲ ਜੁੜੀਆਂ ਹੋਈਆਂ ਸੁਖਾਂਤਭਾਵੀ ਅੰਤ ਵਿਚ ਖ਼ਤਮ ਹੁੰਦੀਆਂ ਹਨ। ਇਥੇ ਸਰਘੀ ਕਿਸੇ ਵਿਵਸਥਾ ਦੇ ਟਕਰਾਅ ਵਿਚੋਂ ਜਿੱਤ-ਹਾਰ ਦੀ ਥਾਂ ਸਹਿਜਤਾ ਵਲ ਮੁੜਦੀ ਹੈ। ਇਹ ਸਹਿਜਤਾ ਭਾਰਤੀ ਦਰਸ਼ਨ ਦਾ ਸਥਾਈ ਗੁਣ ਹੈ। ਇਸ ਦਾਰਸ਼ਨਿਕ ਚਿੰਤਨ ਕਰਕੇ ਹੀ ਅਸੀਂ ਜੀਵਨ ਨੂੰ ਮੁਕਤੀ ਨਾਲ ਜੋੜਦੇ ਹਾਂ ਅਤੇ ਸਾਡੀ ਕਹਾਣੀ, ਅੰਤ ਭਲੇ ਦਾ ਭਲਾ, ਦੀ ਰੂੜੀ ਉਤੇ ਟਿਕ ਜਾਂਦੀ ਹੈ। ਇਸੇ ਕਰਕੇ ਅਸੀਂ ਸਦਾ-ਚਿਤ-ਅਨੰਦ ਦੀ ਕਲਪਨਾ ਕਰਦੇ ਹਾਂ। ਇਹ ਮੁਕਤੀ ਅਤੇ ਪੁਨਰ ਸਿਰਜਣਾ ਜਨਮ ਦੇ ਰੂਪ ਵਿਚ ਜੀਵਨ ਦੇ ਸੁਖਾਂਤਭਾਵੀ ਅੰਤ ਦੀ ਪਰਿਕਲਪਨਾ ਕਰਦੇ ਹਾਂ। ਤਿੰਨ ਕਹਾਣੀ ਰਾਡ, ਬਰਸੇ ਮੇਘ ਅਤੇ ਜਿਸ ਦਿਹਾੜੇ ਮੇਰਾ ਹਰਿਆ ਸੀ, ਮਨੁੱਖੀ ਜੀਵਨ ਦੇ ਬੁਨਿਆਦੀ ਸਵਾਲਾਂ ਨੂੰ ਮੁਖਾਤਿਬ ਹੁੰਦੀਆਂ ਹਨ। 'ਰਾਡ' ਕਹਾਣੀ ਇਕ ਦਰਦਨਾਕ ਘਟਨਾ ਦੇ ਆਮ ਔਰਤ ਉਤੇ ਪਏ ਪ੍ਰਭਾਵ ਨੂੰ ਚਿਤਵਦੀ ਹੈ। ਇਸ ਕਹਾਣੀ ਦੀ ਪਾਤਰ ਨਾਰੀ

ਉਤੇ ਹੋਏ ਅੱਤਿਆਚਾਰ ਦੀਆਂ ਘਟਨਾਵਾਂ ਵਿਚੋਂ ਆਪਣੇ ਪਰਿਵਾਰ ਨਾਲ ਭਵਿੱਖ ਵਿਚ ਕਲਪਿਤ ਰੂਪ ਵਿਚ ਵਾਪਰਨ ਵਾਲੀਆਂ ਸੰਭਾਵਿਤ ਘਟਨਾਵਾਂ ਉਤੇ ਅਧਾਰਿਤ ਹੈ। ਉਹ ਆਪਣੇ ਗੁਆਂਢ ਤੋਂ ਲੈ ਕੇ ਦੂਰ ਸ਼ਹਿਰ ਵਿਚ ਵਾਪਰੀਆਂ ਘਟਨਾਵਾਂ ਕਾਰਨ ਮਾਨਸਿਕ ਰੋਗੀ ਹੋ ਜਾਂਦੀ ਹੈ। ਦੀਪਾਂ ਇਹ ਘਟਨਾਵਾਂ ਬਾਰੇ ਮੀਡੀਆ ਵਿਚ ਚਲਦੀਆਂ ਖ਼ਬਰਾਂ ਤੋਂ ਪ੍ਰਭਾਵਿਤ ਹੁੰਦੀ ਹੈ ਅਤੇ ਆਪਣੇ ਵਿਹਾਰ ਵਿਚ ਉਹਨਾਂ ਘਟਨਾਵਾਂ ਉਤੇ ਪ੍ਰਤੀਕਰਮ ਕਰਦੀ ਹੈ। ਉਸਦੀ ਸਹੇਲੀ ਡਾ. ਨਵਜੋਤ ਉਸਦੀ ਏਸ ਸੰਕਟ ਤੋਂ ਮੁਕਤੀ ਦਾ ਸਾਧਨ ਬਣਦੀ ਹੈ। ਦੀਪਾਂ ਨੂੰ ਬਿਜਲਈ ਮੀਡੀਆ ਉਤੇ ਚਲਦੀਆਂ ਕੁੜੀਆਂ ਉਤੇ ਹੋਈਆਂ ਅੱਤਿਆਚਾਰ ਦੀਆਂ ਘਟਨਾਵਾਂ ਆਪਣੇ ਨਾਲ ਹੋਈਆਂ ਲਗਦੀਆਂ ਹਨ। ਇਸ ਲਈ ਉਹ ਜਦੋਂ ਵੀ ਘਰੋਂ ਬਾਹਰ ਜਾਂਦੀ ਹੈ ਉਸਦੀ ਗ਼ੈਰ-ਹਾਜ਼ਰੀ ਵਿਚ ਉਸਨੂੰ ਆਪ ਵੀ ਸੁਰੱਖਿਅਤ ਨਹੀਂ ਲਗਦਾ। ਇਸੇ ਲਈ ਏਹ ਵਰ੍ਹਿਆਂ ਤੋਂ ਕੰਮ ਕਰਦੇ ਨੌਕਰ ਨੂੰ ਘਰੋਂ ਕੱਢ ਦਿੱਤੀ ਹੈ। ਇਸਦਾ ਹੱਲ ਉਸਨੂੰ ਜਿਹਨਾ ਵਿਧੀਆਂ ਵਿਚੋਂ ਲੱਭਦਾ ਹੈ ਉਹ ਵੀ ਬਿਜਲਈ ਮੀਡੀਏ ਦਾ ਅਸਰ ਹੈ। ਅਸਲ ਵਿਚ ਸਮੱਸਿਆ ਉਸਦੀ ਮਨੋ-ਵਿਗਿਆਨਕ ਹੈ। ਜਿਹੜੀ ਰਾਡ ਘਟਨਾ ਦੇ ਕੇਂਦਰ ਵਿਚ ਉਹ ਡਰ ਬਣਕੇ ਉਸਦੇ ਅਵਚੇਤਨ ਵਿਚ ਬੈਠ ਜਾਂਦੀ ਹੈ। ਡੂੰਘੇ ਸਾਹ ਲੈਣ ਦੀ ਪ੍ਰਕਿਰਿਆ ਉਸਦੇ ਡਰ 'ਚੋਂ ਮੁਕਤੀ ਦਾ ਬਾਇਸ ਬਣਦੀ ਹੈ। "ਮੈਂ ਕਾਹਲੀ ਨਾਲ 'ਲਾਜਵੰਤੀ' ਕੋਲ ਜਾਂਦੀ ਹਾਂ.....ਲੋਹੇ ਦੀ ਇਕ ਭਾਰੀ ਰਾਡ ਨੇ ਉਸ ਬੂਟੇ ਨੂੰ ਮਿੱਧਿਆ ਹੋਇਆ ਸੀ। ਮੈਨੂੰ ਨਿਰਭੈਅ ਯਾਦ ਆਉਂਦੀ ਹੈ.....ਪਰ ਰਾਡ ਤੋਂ ਡਰ ਨਹੀਂ ਲਗਦਾ..... ਮੈਂ ਇਕ ਝਟਕੇ ਨਾਲ ਰਾਡ ਨੂੰ ਘਰ ਤੋਂ ਬਾਹਰ ਵਗਾਹ ਮਾਰਦੀ ਹਾਂ..... ਕੁਝ ਚਿਰ ਬਾਅਦ ਮੈਂ 'ਲਾਜਵੰਤੀ ਨੂੰ ਵੇਖਦੀ ਹਾਂ..... ਉਹ ਹੁਣ ਪੂਰੀ ਤਰ੍ਹਾਂ ਖਿੜ ਚੁਕੀ ਹੈ..... ਖਿੜੀ ਲਾਜਵੰਤੀ ਨੂੰ ਵੇਖ ਮੈਂ ਆਪ ਹੀ ਖਿੜ ਜਾਂਦੀ ਹਾਂ.....ਹੁਣ ਮੇਰੇ ਘਰ ਫੁੱਲ ਹੀ ਫੁੱਲ ਹਨ..... ਕੋਈ ਰਾਡ ਨਹੀਂ।"[8] ਇਸ ਕਹਾਣੀ ਦੀ ਵਸਤੂ ਦਾ ਸਰੋਤ ਭਾਵੇਂ ਮੀਡੀਆ ਹੈ ਪਰੰਤੂ ਇਸ ਦੌਰ ਦੀਆਂ ਖ਼ਬਰਾਂ ਮਨੁੱਖੀ ਮਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ, ਇਸਦਾ ਪ੍ਰਗਟਾਵਾ ਇਸ ਕਹਾਣੀ ਵਿਚ ਵਧੀਆ ਹੋਇਆ ਹੈ। ਦੂਜੀ ਕਹਾਣੀ 'ਬਰਸੇ ਮੇਘ' ਖੋਜ ਨਾਲ ਜੁੜੇ ਵਿਸ਼ੇ ਅਤੇ ਇਸ ਨਾਲ ਸੰਬੰਧਿਤ ਵਰਤਾਰੇ ਵਿਚ ਔਰਤ ਦੀ ਹੋਂਦ ਦਾ ਮਸਲਾ ਅਤੇ ਰਿਸ਼ਤਿਆਂ ਦੀ ਵਿਆਕਰਣ ਅਤੇ ਉਸ 'ਚੋਂ ਉਪਜੀ ਮਾਨਸਿਕਤਾ, ਕਹਾਣੀ ਦੇ ਕਥਾਨਕ ਉਤੇ ਫੈਲੀ ਹੋਈ ਹੈ। ਲਿਟਰੇਚਰ ਦਾ ਪ੍ਰੋਫੈਸਰ ਸ਼ਿਵਦੇਵ ਅਤੇ ਰੂਹਮੀਤ ਦੇ ਰਿਸ਼ਤੇ ਦੀ ਮਕੈਨਿਕਸ ਨੂੰ ਬਹੁਤ ਸੂਖ਼ਮ ਢੰਗ ਨਾਲ ਕਥਾ ਬਿਰਤਾਂਤ ਦਾ ਹਿੱਸਾ ਬਣਾਇਆ ਹੋਇਆ ਹੈ। ਇਸ ਵਿਚ ਪ੍ਰੋਫੈਸਰ ਸ਼ਿਵਦੇਵ ਦਾ ਜੀਵਨ ਪ੍ਰਾਪਤੀ ਅਤੇ ਅਪ੍ਰਾਪਤੀ ਵਿਚਕਾਰ ਲਮਕਿਆ ਹੋਇਆ ਹੈ। ਪ੍ਰੋ. ਸ਼ਿਵ ਸਾਹਿਤ ਵਿਚੋਂ ਪੈਦਾ ਹੋਏ ਸੁਪਨਿਆਂ ਨੂੰ ਵਾਸਤਵਿਕ ਸੰਸਾਰ ਵਿਚੋਂ ਲੱਭਦਾ ਹੈ। ਇਹ ਲੱਭਤ ਅਤੇ ਆਦਰਸ਼ ਸਾਹਿਤ ਦੀ ਵਸਤ ਹਨ, ਜੀਵਨ ਦੀ ਵਾਸਤਵਿਕਤਾ ਨਹੀਂ। ਸ਼ਿਵਦੇਵ ਅਤੇ ਰੂਹਮੀਤ ਵਿਚਲਾ ਉਮਰ ਦਾ ਅੰਤਰ, ਉਹ ਸੋਚਦਿਆਂ ਡਕਾਰ ਜਾਂਦਾ ਹੈ। ਇਹਨਾਂ ਸੰਬੰਧਾਂ ਪਿੱਛੇ ਸੱਤਾ ਦੇ ਵੱਖੋ-ਵੱਖਰੇ ਕੇਂਦਰ ਹਨ, ਜਿਹਨਾਂ ਦੇ ਸਿਰ ਉਤੇ ਪ੍ਰੋ. ਸ਼ਿਵ ਮਨਚਾਹੀਆਂ ਚੀਜ਼ਾਂ ਅਤੇ ਵਿਕਅਤੀਆਂ ਦੀ ਪ੍ਰਾਪਤੀ ਕਰਦਾ ਹੈ। ਰੂਹੀ ਨਾਲ ਜਾਂਦਿਆਂ ਉਸਦਾ ਰਿਸ਼ਤਾ ਗਿਆਨ ਅਤੇ ਕੁਰਸੀ ਦੀ ਸੱਤਾ ਨਾਲ ਜੁੜਿਆ ਹੋਇਆ ਹੈ। ਸਾਂਝਾ ਪੇਪਰ ਪੇਸ਼ ਕਰਦੇ ਸਮੇਂ ਰੂਹੀ ਦਾ ਸਵੈ ਜਾਗਦਾ ਹੈ। ਪਰੰਤੂ ਪ੍ਰਾਪਤੀ ਅਤੇ ਕਲਪਨਾ ਦੇ ਸਾਕਾਰੀਕਰਨ ਵਿਚਲਾ ਅੰਤਰ ਕਹਾਣੀ ਦੀਆਂ ਕਈ ਸੂਖ਼ਮ ਪਰਤਾਂ ਵਲ ਇਸ਼ਾਰਾ ਕਰਦਾ ਹੈ। ਸ਼ਿਵ ਅਤੇ ਰੂਹਮੀਤ ਸੈਮੀਨਾਰ ਉਤੇ

ਪੇਪਰ ਪੇਸ਼ ਕਰਨ ਤੋਂ ਬਾਅਦ ਇਕੱਲਿਆਂ ਰਾਤ ਗੁਜ਼ਾਰਦੇ ਹਨ। ਸ਼ਿਵ ਰੂਹੀ ਨੂੰ ਬੱਦਲ ਬਣਕੇ ਘੇਰਨਾ ਚਾਹੁੰਦਾ ਹੈ ਪਰ ਰੂਹੀ ਉਸ ਸਾਹਮਣੇ ਚੁਣੌਤੀ ਰੱਖਦੀ ਹੈ ਕਿ ਮੇਰੀ ਧਰਤ ਦੇ ਹਾਣ ਦਾ ਹੋ ਸਕੇਂਗਾ ?" ਇਥੇ ਸਰਘੀ ਕਾਮਨਾ ਨੂੰ ਤ੍ਰਿਸ਼ਨਾ ਵਿਚ ਬਦਲ ਕੇ ਸਚਾਈ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ। ਜਿਥੇ ਉਮਰ ਦਰਾਜ ਸ਼ਿਵ ਹਾਰ ਜਾਂਦਾ ਹੈ। ਇਸ ਵਿਚ ਮਰਦ ਦੀ ਨਹੀਂ ਤ੍ਰਿਸ਼ਨਾ ਦੀ ਹਾਰ ਹੁੰਦੀ ਹੈ ਜਿਸਨੂੰ ਉਹ ਸੱਤਾ ਦੇ ਸਹਾਰੇ ਹਵਾ ਦੇ ਰਿਹਾ ਸੀ। ਇਹ ਸਥਿਤੀ ਕਹਾਣੀ ਦੀ ਕਲਾਤਮਕ ਸਿਖ਼ਰ ਹੈ ਜਿਹੜੀ ਬਿਰਤਾਂਤ ਨੂੰ ਕਾਮਕ ਭਾਸ਼ਾਈ ਲਫ਼ਾਜ਼ੀ ਤੋਂ ਮੁਕਤ ਰੱਖਦੀ ਹੈ। "ਚਿੱਟੇ ਕੱਪੜਿਆਂ 'ਚ ਉਹ ਸਾਰੀ ਦੀ ਸਾਰੀ ਪਾਰਦਰਸ਼ੀ ਹੋ ਗਈ.....ਉਹ ਉਸੇ ਅਵਸਥਾ 'ਚ ਮੇਰੇ ਕੋਲ ਆ ਕੇ ਬੋਲੀ....."ਮੇਰੇ ਮੇਘ ਮੇਰੇ ਤੇ ਬਰਸ' ਸਿਰ ਤੋਂ ਪੈਰਾਂ ਤਕ ਉਹ ਪਿਆਰ ਹੀ ਪਿਆਰ ਸੀ.....ਉਹਦੇ ਇਸ ਰੂਪ ਤੋਂ ਮੈਂ ਘਬਰਾ ਗਿਆ.....ਉਹਦੇ ਜਿਸਮ ਤਕ ਪਹੁੰਚਦਾ ਹੱਥ ਇਕ ਛਿਣ ਲਈ ਸੁੰਗੜਿਆ.....ਦੂਜੇ ਛਿਣ ਮੇਰੇ ਅੰਦਰ ਖੱਬੇ ਪਾਸੇ ਬੈਠੀ ਔਰਤ ਮਸ਼ਖ਼ਰੀ ਕਰਨ ਲੱਗ ਪਈ।

"ਮੇਰੇ ਮੇਘ ਮੇਰੀ ਰੂਹ ਦਾ ਰੱਜ ਬਣ।" ਮੇਰੇ ਤੋਂ ਕੋਈ ਹੁੰਗਾਰਾ ਨਾ ਦੇ ਹੋਇਆ..... ਮੈਂ ਬੱਦਲ ਬਣ ਗਿਆ ਸਾਂ.....ਪਰ ਅੰਨਾ, ਬੋਲਾ ਹੋਇਆ.....ਮੇਰੇ ਕੋਲੋਂ ਬਰਸਿਆ ਨਾ ਗਿਆ..... ਪਰ ਪਾਟ ਜ਼ਰੂਰ ਗਿਆ ਸੀ..... ਮੈਂ ਉਹਦੇ ਸਾਰੇ ਅੱਥਰੂ ਜੀਰ ਲੈਣਾ ਚਾਹੁੰਦਾ ਸਾਂ.... ਮੈਂ ਉਹਦੇ ਮੋਢੇ 'ਤੇ ਸਿਰ ਰੱਖ ਆਪਣੇ ਆਪ ਨੂੰ ਸਾਵਾਂ ਕਰਨਾ ਚਾਹੁੰਦਾ ਸੀ..... ਪਰ ਮੇਰੇ ਕੋਲੋਂ ਇੰਝ ਦਾ ਕੁਝ ਵੀ ਨਾ ਹੋਇਆ..... ਤੇ ਮੈਂ ਆਪਣਾ ਠਰਿਆ ਜਿਸਮ ਲੈ ਕੇ ਕਮਰੇ ਤੋਂ ਬਾਹਰ ਹੋ ਗਿਆ।"[9] 'ਜਿਸ ਦਿਹਾੜੇ ਮੇਰਾ ਹਰਿਆ ਨੀ' ਬਹੁਤ ਸੂਖ਼ਮ ਅਤੇ ਦਾਰਸ਼ਨਿਕ ਕਹਾਣੀ ਹੈ। ਇਹ ਕਹਾਣੀ ਜੀਵਨ ਦੀ ਗਤੀਸ਼ੀਲਤਾ ਨਾਲ ਪੁਨਰ-ਜਨਮ ਦੇ ਵਿਸ਼ਵਾਸ ਨਾਲ ਜੁੜੀ ਹੋਈ ਹੈ। ਲੈਫਟੀਨੈਂਟ ਕਾਨਵਦੀਪ ਸਿੰਘ ਇਕ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ। ਇਸ ਮੌਤ ਦੀ ਖ਼ਬਰ ਵੀ ਈਕਰਾ ਕਾਸ਼ਵ ਦੀ ਮਾਂ ਤੋਂ ਕੁਝ ਸਮਾਂ ਲੁਕੋ ਕੇ ਰੱਖਦੀ ਹੈ ਪਰੰਤੂ ਜਦੋਂ ਇਹ ਭੇਦ ਖੁਲ੍ਹਦਾ ਹੈ ਤਾਂ ਪਰਿਵਾਰ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਪਰ ਮੌਤ ਤੋਂ ਇਕ ਮਹੀਨੇ ਬਾਅਦ ਉਸ ਪਰਿਵਾਰ ਵਿਚ ਨਵੇਂ ਜੀਅ ਦੇ ਆਉਣ ਦੀ ਆਸ ਦੀ ਖ਼ਬਰ ਆਉਂਦੀ ਹੈ। ਭਾਰਤੀ ਦਰਸ਼ਨ ਦਾ ਇਹ ਤੱਤ ਜੀਵਨ ਦੀ ਗਤੀਸ਼ੀਲਤਾ ਨਾਲ ਜੁੜਿਆ ਹੈ। ਇਸ ਤਰ੍ਹਾਂ ਸਰਘੀ ਇਸ ਕਹਾਣੀ ਨੂੰ ਸੁਖਾਂਤਭਾਵੀ ਅੰਤ ਵਿਚ ਢਾਲ ਕੇ ਪਾਠਕ ਨੂੰ ਭਾਰ ਮੁਕਤ ਕਰ ਦਿੰਦੀ ਹੈ।

ਇਸ ਸੰਗ੍ਰਹਿ ਦੀ ਸਰਿਸ਼ਕ ਕਹਾਣੀ 'ਆਪਣੇ ਆਪਣੇ ਮਰਸੀਏ' ਸਮੁੱਚੀਆਂ ਕਹਾਣੀਆਂ ਦੇ ਥੀਮ ਦੇ ਆਰ-ਪਾਰ ਫੈਲੀ ਹੋਈ ਹੈ। ਇਹ ਕਹਾਣੀ ਦੋ ਔਰਤ ਪਾਤਰਾਂ ਚੰਨੀ ਅਤੇ ਨਿੰਦੀ ਰਾਹੀਂ ਕਿਰਿਆਸ਼ੀਲ ਹੁੰਦੀ ਹੈ। ਇਹ ਦੋਵੇਂ ਔਰਤਾਂ ਸੰਕਟਾਂ 'ਚੋਂ ਨਿਕਲ ਕੇ ਆਪਣੇ ਆਪਣੇ ਜੀਵਨ ਜਿਊਣ ਦੇ ਰਸਤੇ ਤਲਾਸ਼ਦੀਆਂ ਹਨ। ਇਹ ਕਹਾਣੀ ਔਰਤ ਦੇ ਖੁਦਮੁਖਤਿਆਰ ਬਿੰਬ ਨੂੰ ਆਪਣੇ ਸਿਰਜਤ ਮੁੱਲਾਂ ਉਤੇ ਉਸਾਰਦੀਆਂ ਹਨ। ਇਹ ਕਹਾਣੀ ਬਿਰਤਾਂਤ ਵਿਧੀ ਤੋਂ ਵੀ ਵਿਲੱਖਣ ਹੈ। ਇਸ ਤਰ੍ਹਾਂ ਇਹ ਸਮੁੱਚਾ ਸੰਗ੍ਰਹਿ ਸਰਘੀ ਦੇ ਸਿਰਜਣੀ ਵਰਤਾਰੇ ਦੀ ਨਿਸ਼ਾਨਦੇਹੀ ਕਰਦਾ ਹੈ।

ਸਰਘੀ ਆਧੁਨਿਕ ਪੰਜਾਬੀ ਕਥਾ-ਜਗਤ ਦੀ ਅਜਿਹੀ ਸਿਰਜਕ ਹੈ ਜਿਹੜੀ ਨਾਰੀ ਕਹਾਣੀ ਦੇ ਰਾਹੀਂ ਸਮੁੱਚੀ ਸਮਕਾਲੀ ਪੰਜਾਬੀ ਕਹਾਣੀ ਨੂੰ ਅੱਗੇ ਤੋਰਦੀ ਹੈ। ਅਸਲ ਵਿਚ ਉਸਦੀ ਕਹਾਣੀ ਪ੍ਰਤਿਰੋਧ ਦੀ ਕਹਾਣੀ ਹੈ। ਪ੍ਰਤਿਰੋਧ ਸਰਘੀ ਦੀ ਸਿਰਜਣਕਾਰੀ ਦੀ ਪ੍ਰਮੁੱਖ

ਚੂਲ ਹੈ। ਉਸਦੀ ਕਹਾਣੀ ਦੀ ਕਥਾ-ਵਸਤੂ ਨਾਰੀ ਵੇਦਨਾ ਤੋਂ ਲੈ ਕੇ ਮਨੁੱਖੀ ਵੇਦਨਾ ਵਲ ਨੂੰ ਸਫ਼ਰ ਕਰਦੀ ਹੈ। ਉਸਦਾ ਭਾਸ਼ਾਈ ਪੈਟਰਨ ਲੋਕ ਮੁਹਾਵਰੇ ਰਾਹੀਂ ਪਾਤਰਾਂ ਦੇ ਵਿਹਾਰ ਦੀ ਤਸਵੀਰਕਸ਼ੀ ਕਰਦਾ ਹੈ। ਉਹ ਅਜਿਹਾ ਕਰਦੀ ਹੋਈ ਸਹਿਜ ਰਹਿੰਦੀ ਹੈ। ਮੁਹਾਵਰਿਆਂ ਦੀ ਵਰਤੋਂ ਕਹਾਣੀ ਵਿਚ ਪੜ੍ਹਨਯੋਗਤਾ ਪੈਦਾ ਕਰਦੀ ਹੈ। ਉਸਦੇ ਪਾਤਰਾਂ ਦਾ ਵਿਹਾਰਕ ਕਾਰਜ ਖੇਤਰ ਸਥਾਨਕਤਾ ਤੋਂ ਲੈ ਕੇ ਪਰਵਾਸ ਤਕ ਫੈਲਿਆ ਹੋਇਆ ਹੈ। ਉਹ ਕਥਾ ਦੀ ਉਸਾਰੀ ਕਰਕੇ ਘਟਨਾਵਾਂ ਦੀ ਜੜਤ ਤੋਂ ਲੈ ਕੇ ਬਿਰਤਾਂਤਕ ਪੈਟਰਨ ਵਿਚ ਕਈ ਤਜ਼ਰਬੇ ਕਰਦੀ ਹੈ। ਉਹ ਉਤਮ-ਪੁਰਖੀ ਬਿਰਤਾਂਤ ਤੋਂ ਲੈ ਕੇ ਨਯ-ਪੁਰਖੀ ਬਿਰਤਾਂਤ ਵਿਧੀ ਅਤੇ ਔਰਤ ਅਤੇ ਮਰਦ ਦੇ ਅਨੁਭਵ ਨੂੰ ਪੂਰੀ ਸਮਰੱਥਾ ਨਾਲ ਗਲਪੀ ਸੰਗਠਨ ਦਾ ਹਿੱਸਾ ਬਣਾਉਂਦੀ ਹੈ। ਇਹੀ ਉਸਦੀ ਸਿਰਜਣਕਾਰੀ ਦੀ ਵੱਖਰਤਾ ਹੈ। ਉਹ ਇਸ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਥਾਕਾਰੀ ਦੀ ਪਰੰਪਰਾ ਵਿਚ ਨਿੱਗਰ ਵਾਧਾ ਕਰਦੀ ਹੈ।

**ਹਵਾਲੇ ਅਤੇ ਟਿੱਪਣੀਆਂ:**


1. ਸਰਘੀ, ਆਪਣੇ ਆਪਣੇ ਮਰਸੀਏ, ਪੰਨਾ 44
2. ਉਹੀ , ਉਹੀ, ਪੰਨਾ 74
3. ਉਹੀ, ਉਹੀ, ਪੰਨਾ 81
4. ਉਹੀ, ਉਹੀ, ਪੰਨਾ 25
5. ਉਹੀ, ਉਹੀ, ਪੰਨਾ 101
6. ਉਹੀ, ਉਹੀ, ਪੰਨਾ 108
7. ਉਹੀ, ਉਹੀ, ਪੰਨਾ 111
8. ਉਹੀ, ਉਹੀ, ਪੰਨਾ 38
9. ਉਹੀ, ਉਹੀ, ਪੰਨਾ 95



*ਤ੍ਰੈਮਾਸਿਕ 'ਪਵਚਨ' ਪਿਛਲੇ 21 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**Rajnish Bahadur Singh**

Ac. no. 30568250112 IFSC SBIN0008301

STATE BANK OF INDIA,

Harbans Nagar Branch Jalandhar

## ਵਨੀਤਾ ਦੀਆਂ ਕਵਿਤਾਵਾਂ

### ਸੁਣ ! ਫੈਜ਼ ਅਹਿਮਦ ਫੈਜ਼ !

ਸੁਣ, ਫੈਜ਼ ਅਹਿਮਦ ਫੈਜ਼ ਤੇ ਵੇਖ
ਖੇਤਾਂ ਦੇ ਪੁੱਤਾਂ ਦੇ ਪੈਰਾਂ ਦੀ
ਧਰਤੀ ਤੇ ਵੱਜਦੀ ਧਮਕ ਨਾਲ
ਹਰ ਪਲ ਹਾਕਮਾਂ ਦੀ ਨੀਂਦ ਉੱਖੜਦੀ ਪਈ ਏ
ਕਿਸਾਨਾਂ ਦੇ ਨਾਅਰਿਆਂ ਦੀ ਗੂੰਜ ਨਾਲ
ਅੰਬਰ ਵਿਚ ਹਨੇਰੀ ਝੁੱਲਦੀ ਪਈ ਏ
ਅਹਲ-ਏ-ਹੁਕਮ ਦੇ ਸਿਰ ਤੇ ਵੰਗਾਰ
ਬਿਜਲੀ ਵਾਂਗ ਕੜਕਦੀ ਪਈ ਏ
ਮਿੱਟੀ ਨਾਲ ਮਿੱਟੀ ਹੋਈ ਮਿੱਟੀ ਦਾ ਜੋਸ਼
'ਕਰੋਨਿਆਂ', 'ਡਰੋਨਿਆਂ' ਨੂੰ ਜਿੱਚ ਕਰਦਾ ਈ
ਜਿੱਧਰ ਵੇਖੋ, ਦੂਰ ਦੂਰ ਹਰੀਆਂ ਪੱਗਾਂ
ਦੇ ਬਰਾਬਰ ਹੀ ਹਰੀਆਂ ਚੁੰਨੀਆਂ ਦਾ ਸੈਲਾਬ
ਯੱਖ ਰਾਤਾਂ ਵਿਚ ਪੀਲੇ ਪਰਚਮ ਦਾ ਇਨਕਲਾਬ
ਸਭ ਖੱਫਣ ਝੋਲਿਆਂ 'ਚ ਪਾ ਲਿਆਏ ਨੇ,
ਤੇ ਮੋਹ ਦੀਆਂ ਤੰਦਾਂ ਘਰੀਂ ਛੱਡ ਆਏ ਨੇ
ਭੁੱਖ ਨੰਗ ਖ਼ਿਲਾਫ਼ ਹੱਕ ਸੱਚ ਦੀ ਇਸ ਜੰਗ ਲਈ
ਸਭ ਫਸੀਲਾਂ ਲੰਘ ਆਏ ਨੇ
ਫੈਜ! ਜੋ ਕਦੇ ਤੂੰ ਸੋਚਿਆ ਸੀ
ਕਦੇ ਆਪਣੇ ਤਸੱਵਰ 'ਚ ਲਿਆਂਦਾ ਸੀ
ਜਿਸ ਦੇ ਵਾਅਦੇ ਦੀ ਤੈਨੂੰ ਉਡੀਕ ਸੀ
'ਹਮ ਭੀ ਦੇਖੇਂਗੇ' ਜੋ ਤੂੰ ਐਲਾਨਿਆ ਸੀ
ਦੇਖ ਫੈਜ਼! ਆ ਗਿਆ ਈ ਉਹ ਦਿਨ
ਜਿਸ ਚਾਹਤ ਦੀ ਉਡੀਕ ਵਿਚ
ਕਾਮਰੇਡ ਤਾਂ ਦਿਲ ਢਾਲ ਬੈਠੇ ਸਨ
ਚੰਗੇ ਦਿਨਾਂ ਦੀ ਉਡੀਕ ਦਾ ਮਖੌਲ ਉਡਾਂਦੇ ਸਨ
ਟਿੱਚਰਾਂ ਕਰਦੇ ਤੇ ਟਾਹਰਾਂ ਮਾਰਦੇ ਸਨ
ਕਿ ਭੁੱਲ ਜਾਉ ਉਹ ਦਿਨ, ਉਹ ਸਮਾਂ
ਇਸ ਤਰ੍ਹਾਂ ਦਾ ਸਬਕ ਪੜ੍ਹਦੇ ਸਨ
ਮੈਂ ਤਾਂ ਕਹਿੰਦੀ ਹਾਂ ਫੈਜ਼ ਸਮਝਾ ਉਨ੍ਹਾਂ ਨੂੰ

ਗਰੀਬੀ ਤੇ ਭੁੱਖ ਤੋਂ ਵੱਡਾ ਨਹੀਂ ਕੋਈ ਕਹਿਰ
ਤੂੰ ਸਭ ਸਿਆਣਪਾਂ ਭੁਲਾਅ ਉੱਪਰ ਉਠ ਜਾਂਦਾ ਸੀ
ਅੱਜ, ਉਹਨਾਂ ਦਾ ਦਾਵਾਨਲ ਹੀ ਨਹੀਂ
ਉਹਨਾਂ ਦੇ ਪੁਰਖੇ ਵੀ ਕਬਰਾਂ 'ਚੋਂ ਉੱਠ ਖਲੋਤੇ ਨੇ
ਹਕੂਮਤਾਂ ਦੇ ਤਾਂ ਕੀ ਸਾਰੇ ਜੱਗ ਦੇ
ਥੰਮ ਵਾਰੋ ਵਾਰੀ ਹਿੱਲਣ ਲੱਗ ਪਏ ਨੇ
ਜੋ ਘਟਦਾ ਪਿਆ, ਉਸਨੂੰ ਵੇਖ ਫੈਜ਼ ਆ ਕੇ
ਸਾਹਿਰ, ਮੁਕਤੀ ਬੋਧ ਤੇ ਪਾਸ਼ ਨੂੰ ਨਾਲ ਬੁਲਾ ਕੇ
ਸਾਹਿਰ ਪੁੱਛਦਾ ਹੁੰਦਾ ਸੀ ਕਈ ਵਾਰ
'ਦਬੇਗੀ ਕਬ ਤੱਕ ਆਵਾਜ਼-ਏ-ਆਦਮ ?
ਕਹਾਂ ਤੱਕ ਹੈ ਤੁਮਹਾਰੇ ਜ਼ੁਲਮ ਮੇਂ ਦਮ ?'
'ਹਮ ਭੀ ਦੇਖੇਂਗੇ'
"ਚਾਂਦ ਕਾ ਮੂੰਹ ਟੇਢਾ ਹੈ!" ਕਿਹਾ ਸੀ ਮੁਕਤੀ ਬੋਧ ਨੇ
ਕਿਤੇ ਜ਼ਰੂਰੀ ਹੈ ਟਾਕਰਾ ਉਹਨਾਂ ਟੇਢਾਂ ਦਾ
ਜੋ ਸਬੰਧਾਂ ਨੂੰ ਕਰਦੀਆਂ ਨੇ ਬਦਸੂਰਤ
ਆਪਣਾ ਪਾਸ਼ ਤਾਂ ਕਹਿੰਦਾ ਰਹਿੰਦਾ ਸੀ
ਲੜਣ ਤੋ ਬਿਨਾਂ ਗੁਜ਼ਾਰਾ ਨਹੀਂ ਕੋਈ,
ਜਾਂ ਫੇਰ ਕਿਸੇ ਵੀਰੂ ਨੂੰ ਬਕਰੀਆਂ ਦਾ ਮੂਤ
ਨਹੀਂ ਪੀਣਾ ਪਵੇਗਾ ਤਾਂ ਨਾ ਮੰਨ ਲੈਣਾ
ਕਿ ਸਭ ਉਲਟ ਪੁਲਟ ਥਾਂ ਸਿਰ ਹੈ
ਜਦ ਤਾਜ ਡੋਲਣ ਲੱਗ ਪੈਣਗੇ,
ਸਿੰਘਾਸਣ ਉਲਟ ਹੀ ਜਾਣਗੇ
ਉਦੋਂ ਹੀ ਨਾਨਕ ਦੇ ਬੀਜੇ ਬੀਜ
ਫ਼ਸਲਾਂ ਬਣ ਟਹਿਕਣ ਮਹਿਕਣਗੇ
ਫੈਜ਼, ਸਾਹਿਰ, ਪਾਸ਼ ਨੇ ਜੋ ਚਾਹੇ
ਉਹ ਨਸੀਬ ਹਰੇਕ ਦੇ ਹੋ ਜਾਣਗੇ
ਸਰ੍ਹੋਂ ਦੀ ਮਹਿਕ, ਗੰਨੇ ਦੀ ਟਹਿਕ
ਖੇਤਾਂ ਨੂੰ ਵਿਆਹੁਲੀਆਂ ਵਾਂਗ ਸ਼ਿੰਗਾਰ ਕੇ
ਸੂਰਜ, ਚੰਦ, ਤਾਰਿਆਂ ਨਾਲ ਪ੍ਰਣਾ ਦੇਵੇਗੀ
ਹੋ ਜਾਵੇਗਾ, ਸਭ ਕੁਝ ਸਭ ਦਾ
ਤੇ ਜੇਲ੍ਹ ਵਿਚ ਤਾੜੇ ਫੈਜ਼ ਨੂੰ ਲੱਗੇਗਾ
ਸਬਾ ਨੂੰ ਛੱਡ ਕੇ ਸੁਬ੍ਹਾ ਕਿਤੇ ਨਹੀਂ ਜਾਵੇਗੀ

## ਜੰਗ ਵਿਚ

ਜੰਗ ਵਿਚ ਕਵਿਤਾ ਕੁਝ ਨਹੀਂ ਕਰਦੀ
ਕੇਵਲ ਵੇਖਦੀ ਹੈ

ਸੁਣਦੀ ਹੈ
ਤੇ ਸੋਚਦੀ ਹੈ
ਮਹਿਸੂਸ ਕਰਦੀ ਹੈ ਬੜੀ ਸ਼ਿੱਦਤ ਨਾਲ
ਉਸ ਤਬਾਹੀ ਨੂੰ
ਜੋ ਹੁੰਦੀ ਖ਼ਤਰਨਾਕ ਹਥਿਆਰਾਂ ਨਾਲ

ਪਰ
ਹਥਿਆਰ ਨਹੀਂ ਹੁੰਦੇ ਖ਼ਤਰਨਾਕ
ਭਾਵੇਂ ਕਰਦੇ ਉਹ ਅੰਤਾਂ ਦੀ ਤਬਾਹੀ
ਹਥਿਆਰ ਤਾਂ ਮਹਿਜ਼ ਧਾਤੂ ਹਨ
ਰਸਾਇਣ ਹਨ...ਪਰਮਾਣੂ ਹਨ

ਜਾਂ ਅਜਿਹਾ ਹੋਰ ਬਹੁਤ ਕੁਝ
ਜੰਗ ਵਿਚ ਹਥਿਆਰ ਤੋਂ ਵੱਧ ਖ਼ਤਰਨਾਕ ਹੁੰਦੀ ਹੈ
ਮੱਥੇ ਦੀ ਸੋਚ
ਅੱਖ ਵਿਚ ਬਰਬਾਦੀ
ਤਬਾਹੀ ਉਪਰ
ਜਿੱਤ ਦਾ ਜਸ਼ਨ
ਵਿਚਾਰਾਂ 'ਚ ਤਬਾਹੀ ਦਾ
ਆਤੰਕਤਾ ਦਾ ਜਹਾਦ
ਹਰਾਉਣ ਦਾ ਸੁਆਦ
ਅਜਿਹੇ ਸਮਿਆਂ 'ਚ ਕਵਿਤਾ
ਬੇਬਸ ਆਪਣੇ ਮਿੱਧੇ ਫੁੱਲਾਂ ਦੀਆਂ
ਕੀਮਾ ਹੋਈਆਂ ਅਸਥੀਆਂ
ਤਲੀ ਤੇ ਚੁੱਕ ਧਰਦੀ
ਸੰਗੀਨ ਸਾਹਵੇਂ/ਬਰੂਦ ਸਾਹਵੇਂ/ਖਰੂਦ ਸਾਹਵੇਂ
***

## ਪੂੰਜੀਵਾਦ

ਅਜਿਹੀ ਵਾਸ਼ਿੰਗ ਮਸ਼ੀਨ
ਜੋ ਧੁਲਾਈ ਕਰਦੀ ਹੈ
ਤੇ ਨਾਲੇ ਸਫ਼ਾਈ ਵੀ
ਇਕ ਆਪਣੇ ਖੋਲ 'ਚ
ਰਲਾ ਕੇ ਗਲੋਬ
ਦਿੰਦੀ ਸੁੱਖ ਅਰਾਮ
ਇਹ ਤਾਂ ਕੱਪੜੇ ਹੀ ਭਾਂਤ-ਭਾਂਤ ਦੇ
ਹੁੰਦੇ ਉਸ ਖੋਲ ਅੰਦਰ ਗੁੱਥਮ ਗੁੱਥਾ
ਉਲਝਦੇ ਇਕ ਦੂਜੇ ਸੰਗ
ਉਹ ਪਾਰਖੂ ਜਾਣਦਾ
ਕਿਵੇਂ ਇਨ੍ਹਾਂ ਦਾ ਕਰਨਾ ਨਿਪਟਾਰਾ
ਉਹ ਜਾਣਦਾ ਕਿਵੇਂ ਭਾਂਤ-ਭਾਂਤ ਦੇ
ਕੱਪੜਿਆਂ ਦਾ ਕਰਨਾ ਨਿਤਾਰਾ
ਉਹਨਾਂ ਦੇ ਰੰਗ-ਢੰਗ, ਟੈਕਸਚਰ
ਜਾਣਦਾ ਸਭਨਾਂ ਦੀ ਵਿਚਾਰਧਾਰਾ

## ਸ਼ਾਇਰ ਔਰਤਾਂ

ਹਾਂ ਅਸੀਂ ਸ਼ਾਇਰ ਔਰਤਾਂ
ਦਿਮਾਗ 'ਚੋਂ ਨਹੀਂ ਲਿਖਦੀਆਂ
ਬੁੱਧ-ਬਿਬੇਕ ਨੂੰ
ਦਿਲ ਦੀ ਕਲਮ 'ਚੋਂ
ਛੋਹਦੀਆਂ ਹਾਂ
ਬਹੁਤ ਸਾਰੀਆਂ ਕਿਤਾਬਾਂ ਪੜ੍ਹ
ਗਿਆਨ ਨਹੀਂ ਘੱਟਦੀਆਂ
ਸਾਗ ਘੋਟਦਿਆਂ, ਚਾਟੀ ਰਿੜਕਦੀਆਂ
ਕਿਰਤੀ ਔਰਤਾਂ, ਮਜ਼ਦੂਰ ਔਰਤਾਂ,
ਗ੍ਰਹਿਸਤੀ ਤੇ ਕੰਮਕਾਜੀ ਔਰਤਾਂ
ਮਹਿਸੂਸਦੀਆਂ, ਬੋਲਦੀਆਂ
ਪੜ੍ਹਦੀਆਂ-ਲਿਖਦੀਆਂ
ਕਾਇਨਾਤ ਦੀ ਕਿਤਾਬ

ਪਰੰਪਰਾ ਦੀ ਸੂਈ ਦੇ
ਨੱਕੇ 'ਚੋਂ ਲੰਘਦੀਆਂ
ਗ੍ਰਹਿਸਤੀ ਦਾ ਭਾਰ ਢੋਹਦੀਆਂ
ਰਿਸ਼ਤਿਆਂ ਨੂੰ ਸੰਭਾਲਦੀਆਂ
ਮਮਤਾ ਨੂੰ ਪੁਚਕਾਰਦੀਆਂ
ਨਫਰਤਾਂ ਨੂੰ ਹੂੰਝਦੀਆਂ
ਪਿਆਰ ਨੂੰ ਖਿਲਾਰਦੀਆਂ
ਆਦਿ ਇਲਮ ਦੀਆਂ
ਜਨਮਦਾਤੀਆਂ ਔਰਤਾਂ ਹਾਂ
ਅਸੀਂ ਮੂਰਖ ਅਨਪੜ੍ਹ ਔਰਤਾਂ
ਅਸੀਂ ਭਲਾ ਇਤਿਹਾਸ-ਭੂਗੋਲ,
ਸਮਾਜ ਸ਼ਾਸਤਰ, ਦਰਸ਼ਨ,
ਅਰਥ ਸ਼ਾਸਤਰ
ਜਾਂ ਨੀਤੀ ਸ਼ਾਸਤਰਾਂ ਵਿਚੋਂ
ਕੀ ਬੋਲਾਂਗੀਆਂ ?
ਅਸੀਂ ਤਾਂ ਇਨ੍ਹਾਂ ਦੀ ਜੂਨ ਹੰਢਾਈ
ਦਿਲਾਂ ਦੀ ਕੰਗਾਲੀ ਸਹੀ
ਇਸਦੀ ਦਲਦਲ ਵਿਚ ਦਬੀਆਂ
ਇਨ੍ਹਾਂ 'ਚੋਂ ਕੀ ਬੋਲਾਂਗੀਆਂ
ਫਿਰ ਵੀ ਇਨ੍ਹਾਂ ਦੇ ਚਿੱਕੜ 'ਚੋਂ
ਕਮਲ ਬਣ ਖਿੜੀਆਂ ਹਾਂ
ਸਾਡੀ ਹੂਕ ਹੀ ਸਾਡੀ ਸ਼ਾਇਰੀ
ਸਾਡੀ ਕੂਕ ਹੀ ਸਾਡਾ ਗੀਤ
ਜੋ ਤਮਾਮ ਉਮਰ, ਸਦੀਆਂ
ਕੱਢਦੀ ਭੋਗਦੀ ਰਹੀ ਇਸਦੇ ਕਸੀਦੇ
ਹੁਣ ਅੱਖਰਾਂ ਦੇ ਕਸੀਦੇ ਵੀ
ਅਸੀਂ ਇੰਝ ਹੀ ਕੱਢਦੀਆਂ
ਪਿਰੋਂਦੀਆਂ ਹਾਂ
ਜਿਉਂ ਪੈਸਾ-ਪੈਸਾ ਜੋੜ
ਵੰਡਦੀਆਂ ਹਾਂ ਬਰਕਤਾਂ
ਇੰਝ ਹੀ ਪਲ ਪਲ ਗ੍ਰਹਿਸਤੀ 'ਚੋਂ ਸਮਾਂ ਚੁਰਾ
ਦਿਲ ਦੇ ਜਜ਼ਬਾਤ ਅੱਖਰ ਅੱਖਰ
ਸੁੱਚਤਾ 'ਚ ਪਿਰੋਂਦੀਆਂ ਹਾਂ
ਨਹੀਂ ਜਾਣਦੀਆਂ ਭਾਸ਼ਾ, ਸ਼ੈਲੀ

ਰੂਪ, ਜੁਗਤ ਤੇ ਵਿਧਾ-ਵੁਧਾ
ਪੜ੍ਹ ਸਕੋ ਤਾਂ
ਹੇ ਬੁੱਧੀਜੀਵਓ ਪੜ੍ਹੋ
ਔਰਤਾਂ ਦੀ ਲੇਖਣੀ 'ਚੋਂ
ਉਸ ਅਣਕਹੀ ਨੂੰ
ਇਤਿਹਾਸ 'ਚੋਂ ਛੇਦੀ, ਵਿਛੁੰਨੀ,
ਖੂੰਡੇ ਲਾਈ
ਔਰਤ ਦਾ ਅਣਲਿਖਿਆ ਇਤਿਹਾਸ
ਪੜ੍ਹ ਕੇ ਵੇਖੋ ਜੇ ਬੁੱਧੀਜੀਵੀ ਹੋ ਤਾਂ
ਉਸ ਦੇ ਦਫ਼ਨ ਜਜ਼ਬਾਤ
ਔਰਤਾਂ ਵਾਕਿਫ਼ ਤੁਹਾਡੀ ਬੁੱਧੀ ਦੀ ਹਊ ਤੋਂ
ਚਾਹੇ ਤਾਂ ਬਣ ਸਕਦੀ ਚੰਡੀ
ਜਾਣਦੀ ਲਿਖਤ ਦਾ ਅੰਤਰ
ਦਿਲ ਤੇ ਦਿਮਾਗ਼ ਦੀ
ਬਚੇ ਹੋਏ ਹੋ ਜਦ ਤੱਕ ਹੈ ਉਹ
ਸਰਸਵਤੀ
ਸਮਝ ਕੇ ਵੀ ਨਾਸਮਝ ਬਣ
ਦੇ ਰਹੀ ਚੇਤਾਵਨੀ
ਸੂਝ 'ਚੋਂ ਹੈ ਬੋਲ ਰਹੀ
ਸੰਭਲ ਜਾਓ ਮੇਰੇ ਹੀ ਜਾਇਓ
ਗੱਲ ਕਰੋ ਕੁਝ ਹੋਸ਼ ਦੀ।

## ਅਣਦਿੱਸਦਾ ਸ਼ੱਤਰੂ

ਕਰੋਨਾ ਕਾਰਨ ਮਜਬੂਰ ਹੋਏ ਟੱਬਰ
ਬੈਠਣ ਨੂੰ ਆਪਣੇ ਘਰਾਂ ਦੇ ਅੰਦਰ

ਭੁੱਲ ਹੀ ਗਏ ਸੀ
ਇਕ ਦੂਜੇ ਸੰਗ
ਚੁਰਮੁਰ ਕਰਨਾ
ਕੁੰਨਮੁੰਨ ਕਰਦਾ

ਵੱਸਣ ਲੱਗੇ ਸਨ ਸਾਰੇ ਟੱਬਰ
ਆਪੋ ਆਪਣੇ ਜਹਾਨਾਂ ਅੰਦਰ

ਰਸਮੀ ਮਿਲਣੀਆਂ ਕਰਦੇ ਅਕਰਦੇ
ਹੁੰਦੇ ਘਰਾਂ ਤੋਂ ਸਾਰੇ ਰੁਖ਼ਸਤ
ਮੁੜਦੇ ਤਾਂ ਥਕਾਣ ਦੇ ਪੱਜੀਂ
ਇਕ ਦੂਜੇ ਤੋਂ ਕਤਰਾਉਂਦੇ ਭੱਜਦੇ
ਆਪਣੇ ਆਪਣੇ ਆਹਰਾਂ ਅੰਦਰ

ਚਾਣਚੱਕ
ਰੱਬੀ ਕਹਿਰ ਜਿਹਾ ਕੁਝ ਛਾਇਆ
ਕਿਸੇ ਵੀ ਦੁਸ਼ਮਨ ਦਾ ਭੇਤ ਨਾ ਪਾਇਆ
ਅਜ਼ਰਾਈਲ ਫਰੇਸਤੇ ਸਭ ਨੂੰ ਆਉਣ ਡਰਾਇਆ
ਵਿਸ਼ਵ ਦਿਆਂ ਥੰਮਾਂ ਨੂੰ ਹਿਲਾਇਆ
ਤੱਦ ਸਰਕਾਰਾਂ ਫੁਰਮਾਨ ਫੁਰਮਾਇਆ
ਲੌਂਕ ਡਾਊਨ ਹੋ ਜਾਓ
ਹੋ ਜਾਓ ਲੌਂਕ ਡਾਊਨ
ਵਿਸ਼ਵ ਲੋਚੇ ਸਿਮਟਣਾ ਹੁਣ
ਘਰਾਂ ਦੇ ਅੰਦਰ
ਘਰ ਦੀਆਂ ਕੰਧਾਂ ਹੈਰਤ-ਗੈਰਤ
ਇਹ ਭੁੱਲੇ ਭਟਕੇ ਜੁੜ ਗਏ ਕਿਉਕਰ
ਸੋਸ਼ਲ ਡਿਸਟੈਂਸਿੰਗ ਤੋਂ ਪਹਿਲਾਂ ਵਾਪਰ ਰਹੀ ਸੀ
ਫੈਮਿਲੀ ਡਿਸਟੈਂਸਿੰਗ
ਜੁੜ ਮੁੜ ਗਏ ਹੁਣ ਸਾਰੇ ਟੱਬਰ
ਘਰਾਂ ਦੀ ਚਾਰਦੀਵਾਰੀ ਅੰਦਰ

ਪਰ ਮਨ ਸੋਚੇ ਇਹ ਨਾ ਉਸਦੀ ਫਿਤਰਤ ਬੰਦਿਆਂ
ਕੀ ਇਹ ਜਾਗ੍ਰਿਤੀ

ਕੀ ਇਹ ਚੇਤਨਾ
ਕੀ ਇਹ ਸਜਗਤਾ ਹੈ ਮਨੁੱਖਤਾ ਦੀ 'ਮਨੁੱਖ ਦੇ' ਅੰਦਰ ?

ਜਾਂ
ਕਬਰਸਤਾਨ ਤੱਕ ਯਾਦ ਹੈ ਹੁੰਦੀ
ਪ੍ਰੇਮ ਬਿਰਹਾ ਕੁਰਣਾ ਦੀ ਗਾਥਾ

ਪਰ

ਉਥੋਂ ਹੀ ਧੋਅ ਕੇ ਮੂੰਹ ਹੱਥ
ਮੁੜ ਘਰਾਂ ਤੱਕ ਪਰਤਦਿਆਂ ਤੀਕਰ
ਸ਼ੁਰੂ ਹੋ ਜਾਂਦੇ ਨਵੇਂ ਸ਼ਡਜੰਤਰ ?

## ਉਦਾਸੀ

ਸਕੂਲ ਦੇ ਪੰਡਾਲ ਵਿਚ
ਹੱਥ ਜੋੜ ਅੱਖਾਂ ਬੰਦ ਕਰ
ਰੋਜ਼ ਸਵੇਰੇ ਪ੍ਰਾਥਨਾ ਕਰਦੇ
"ਏ ਮਾਲਿਕ ਤੇਰੇ ਬੰਦੇ ਹਮ
ਐਸੇ ਹੋਂ ਹਮਾਰੇ ਕਰਮ
ਨੇਕੀ ਪਰ ਚਲੇਂ
ਔਰ ਬਦੀ ਸੇ ਟਲੇਂ"

ਕਲਾਸ ਦੇ ਸਬਕ ਤੋਂ ਪਹਿਲਾਂ
ਇਹ ਬੋਲ ਜੀਵਨ ਆਦਰਸ਼ ਬਣੇ
ਇਨ੍ਹਾਂ ਰਾਹਾਂ ਤੇ ਅੱਗੇ ਵਧੇ
ਕਿੰਨੇ ਹੀ ਵਰ੍ਹੇ ਇਸ ਆਸ 'ਚ ਡਬੋਏ
ਪਰ ਬਹੁਤ, ਬਹੁਤ, ਬਹੁਤ- ਉਦਾਸ ਹੋਏ

ਸਾਰੀਆਂ ਤਦਬੀਰਾਂ ਪੁੱਠੀਆਂ ਪਈਆਂ
ਦਿਲ ਦੀਆਂ ਦਿਲ ਦੇ ਵਿਚ ਹੀ ਰਹੀਆਂ
ਬੜਾ ਉਦਾਸ ਕੀਤਾ

ਬੜਾ ਹੀ ਉਦਾਸ ਕੀਤਾ
ਦੇਸ਼ ਭਗਤੀ ਦੇ ਵਿਸ਼ਵਾਸ ਨੇ
ਸਰ ਫਰੋਸ਼ੀ ਦੇ ਜਜ਼ਬਾਤ ਨੇ
ਆਸਥਾ ਦੇ ਦਰਬਾਰ ਨੇ
ਪ੍ਰਚਾਰਕਾਂ ਦੇ ਇੰਦਰਜਾਲ ਨੇ
ਬੜਾ ਉਦਾਸ ਕੀਤਾ

ਬੜਾ ਉਦਾਸ ਕੀਤਾ
ਰਿਸ਼ਤੇਦਾਰੀਆਂ ਦੇ ਵਰਤਾਰਿਆਂ ਨੇ
ਸਿਆਸਤ ਦੇ ਗਲਿਆਰਿਆਂ ਨੇ
ਨੌਕਰੀਆਂ ਦੇ ਹੁਸੀਨ ਖਵਾਬਾਂ ਨੇ

ਬੇਰੋਜ਼ਗਾਰੀਆਂ ਦੀਆਂ ਕਤਾਰਾਂ ਨੇ
ਬੜਾ ਉਦਾਸ ਕੀਤਾ ਹੈ

ਬੜਾ ਹੀ ਉਦਾਸ ਕੀਤਾ ਹੈ
ਵਿਦਿਆ ਦੇ ਵਿਉਪਾਰ ਨੇ
ਇਲਾਜਾਂ ਦੇ ਵਿਉਹਾਰ ਨੇ
ਮੁਖ਼ਤਲਿਫ ਵਿਭਾਗਾਂ ਤੇ ਕਿਰਦਾਰ ਨੇ
ਦੋਸਤੀਆਂ ਦੇ ਨਕਾਬਾਂ ਨੇ
ਬੜਾ ਉਦਾਸ ਕੀਤਾ ਹੈ

ਬੜਾ ਹੀ ਉਦਾਸ ਕੀਤਾ ਹੈ
ਵਿਕਾਸ ਦੀਆਂ ਫੋਕੀਆਂ ਪ੍ਰਗਤੀਆਂ ਨੇ
ਕਿਸਾਨਾਂ ਦੀ ਖੁਦਕਸ਼ੀਆਂ ਨੇ
ਸਮਾਜ ਦੀਆਂ ਕੁਰੀਤੀਆਂ ਨੇ
ਨਿੱਤ ਬਦਲਦੀਆਂ ਨੀਤੀਆਂ ਨੇ
ਬੜਾ ਉਦਾਸ ਕੀਤਾ ਹੈ

ਕੀਤਾ ਹੈ ਬੜਾ ਉਦਾਸ
ਹਵਸ ਦੇ ਬਾਜ਼ਾਰ ਨੇ
ਸੰਚਾਲਕਾਂ ਦੇ ਫ਼ੁਰਮਾਨ ਨੇ
ਤਾਕਤਾਂ ਦੇ ਲੁਆਬ ਨੇ
ਬੜਾ ਉਦਾਸ ਕੀਤਾ ਹੈ

ਬੜਾ ਉਦਾਸ ਕੀਤਾ ਹੈ
ਗੰਧਲੇ ਪਾਣੀਆਂ ਦੇ ਆਜ਼ਾਬ ਨੇ
ਜ਼ਹੀਰਲੇ ਖਾਣ-ਪਕਵਾਨ ਨੇ
ਪ੍ਰਦੂਸ਼ਨ ਹਵਾਵਾਂ ਨੇ
ਸੁੱਕੇ ਦਰਿਆਵਾਂ ਨੇ
ਬੜਾ ਉਦਾਸ ਕੀਤਾ ਹੈ

ਬੜਾ ਹੀ ਉਦਾਸ ਕੀਤਾ ਹੈ
ਨਿੱਤ ਵਹਿਸ਼ੀ ਖ਼ਬਰਾਂ ਨੇ
ਕਲਮਾਂ ਦੇ ਕਤਲਾਂ ਨੇ
ਹਕੂਮਤ ਦੇ ਜ਼ਿੱਦੀ ਰਵੱਈਏ ਨੇ
ਮਾਸੂਮਾਂ ਦੇ ਸਬਰਾਂ ਨੇ
ਭੁੱਖੇ ਤ੍ਰਿਹਾਏ ਟੱਬਰਾਂ ਨੇ

ਫਿਰ ਵੀ ਉਦਾਸੀ
ਹਰ ਵਰ੍ਹੇ ਵਾਂਗ
ਨਿੱਤ ਦੀ ਅਰਦਾਸ ਨਿੱਤ ਦੀ ਰਹਿਰਾਸ ਵਾਂਗ
ਹੱਥ ਜੋੜ ਅੱਖਾਂ ਬੰਦ ਕਰ
ਕਰਦੀ ਹੈ ਅਰਜ਼ੋਈ
ਸ਼ਾਇਦ ਇਹ ਵਰ੍ਹਾ!
ਸ਼ਾਇਦ, ਸ਼ਾਇਦ ਇਹ ਵਰ੍ਹਾ!!

ਮੇਰੇ ਮੌਲਾ! ਰੁੱਤ ਮੌਲੇਗੀ, ਵਕਤ ਬਦਲੇਗਾ?
ਬਦਲ ਦੇ ਵਕਤਾਂ ਨੂੰ ਮੇਰੇ ਸਾਹਿਬੇ ਕਮਾਲ
ਬਦਲ ਦੇ ਮਰੇ ਮੌਲਾ
ਬਦਲ ਦੇ
ਬਦਲ ਦੇ।

## ਵਿਪਨ ਗਿੱਲ ਦੀਆਂ ਕਵਿਤਾਵਾਂ

### ਮੌਸਮ

ਮੇਰੇ ਗੁਲੂਬੰਦ 'ਚੋਂ
ਮਹਿਕ ਰਹੀ ਹੈ
ਸਿਆਲ ਦੀ ਰੁੱਤ
ਠੰਡੀਆਂ ਪੌਣਾਂ ਸਾਹਾਂ 'ਚੋਂ
ਨਿੱਘੇ ਘੁੱਟ ਭਰਦੀਆਂ
ਧੁੱਪਾਂ
ਬਾਰਿਸ਼ ਦਾ ਸਾਰਾ ਪਾਣੀ ਨਹੀਂ ਸੁਕਾਉਂਦੀਆਂ
ਮਨ ਭਿੱਜਿਆ ਰਹਿੰਦਾ
ਸਾਰਾ ਸਾਲ
ਪਿਛਲੇ ਦਿਨੀਂ
ਅੰਬਾਂ ਦੀਆਂ ਗੁਠਲੀਆਂ 'ਚੋਂ
ਨਿੱਕਲ ਆਈਆਂ ਭੂਰੀਆਂ ਲਗਰਾਂ
ਹੌਲੀ ਹੌਲੀ ਰੁੱਖ ਬਣ ਜਾਣਗੇ
ਇਹਨਾਂ ਰੁੱਖਾਂ ਤੇ

ਮੌਸਮ ਆਪਣੀ ਕਵਿਤਾ ਲਿਖਣਗੇ
ਹਰ ਮੌਸਮ
ਸੂਰਜ ਦੇ ਨੇਮਾਂ 'ਚ ਬੱਝਿਆ
ਤੁਰਦਾ ਤੇ ਪਰਤਦਾ
ਕੁਝ ਰੰਗ ਸਮੇਟਦਾ
ਕੁਝ ਬਿਖੇਰ ਦਿੰਦਾ
ਹਰ ਮੌਸਮ ਆਪਣੇ ਘਰ ਪਰਤਦਾ
ਆਪਣੀ ਆਭਾ ਸਮੇਤ
ਤੇ ਕੁਝ ਰੰਗਾਂ ਸਮੇਤ

## ਆਦਮ-ਹਵਾ

ਤੂੰ ਆਦਮ
ਮੈਂ ਹਵਾ
ਅਦਨ ਦਾ ਬਾਗ਼
ਖ਼ਾਹਿਸ਼ਾਂ, ਉਮੰਗਾਂ ਤੇ ਉਤਸੁਕਤਾਵਾਂ ਨਾਲ ਭਰਿਆ
ਮੋਹ ਦੇ ਰੁੱਖਾਂ ਨਾਲ
ਆਦਿ– ਕਾਲੀ ਵੇਲਾਂ ਚਿੰਬੜੀਆਂ ਹੋਈਆਂ
ਤੂੰ ਆਦਮ
ਮਿੱਟੀ ਦਾ ਪੁਤਲਾ
ਆਪਣੇ ਆਕਾ ਦੀਆਂ ਪੁਤਲੀਆਂ ਤੇ ਨੱਚਦਾ
ਉਂਞ ਮੈਂ ਵੀ ਸਾਂ
ਤੇਰੀ ਪੱਸਲੀ ਦੀ ਮਜ਼ਬੂਤ ਹੱਡੀ
ਪਰ ਤੇਰੇ ਜਿਸਮ ਤੋਂ ਵੱਖ ਹੋ ਕੇ
ਹਵਾ ਹੋ ਗਈ ਸੀ
ਮੈਂ ਹਵਾ
ਆਜ਼ਾਦ ਰੂਹ
ਚੰਚਲ ਚਿੱਤ ਸਰਗੋਸ਼ੀਆਂ ਭਰੀ
ਮੌਸਮਾਂ ਦੀ ਰੰਗਤ
ਰੁੱਤਾਂ ਦੀ ਸਿਰਜਕ
ਮੈਂ ਤਰਕ ਸੀ
ਤੂੰ ਮਹਿਜ਼ ਇੱਕ ਬੇਸੁਰਾ ਸਿਧਾਂਤ
ਤੇ ਜਦ ਉਸ ਸਿਧਾਂਤ ਨੇ
ਤਰਕ ਦਾ ਰਸ ਚੱਖਿਆ

ਭਰ ਗਿਆ
ਗਿਆਨ ਤੇ ਸੋਝੀ ਨਾਲ
ਮੈਂ ਤੇ ਤੂੰ
ਬਣੇ ਸਿਰਜਕ ਇਸ ਦੁਨੀਆ ਦੇ
ਪਰ ਆਦਮ
ਕਿੰਜ ਕੱਢਾਂ
ਤੇਰੇ ਜ਼ਿਹਨ 'ਚੋਂ
ਸੋਚ ਤੇਰੀ ਤੇਰੇ ਆਕਾ ਜਿਹੀ
ਹਰ ਸ਼ੈਅ ਨੂੰ ਆਪਣੇ ਅਧੀਨ ਰੱਖਣ ਦੀ
ਉਂਵ ਇਹ ਧਰਤੀ
ਮੇਰੇ ਇਸਤਰੀਤਵ ਦਾ ਵਿਸਤਾਰ ਹੈ
ਤੇ ਤੂੰ
ਮਹਿਜ਼ ਇੱਕ ਬਿੰਦੂ

## ਜ਼ਰੂਰੀ ਹੈ

ਜ਼ਰੂਰੀ ਹੈ
ਧਰਤੀ ਵਾਂਗ ਆਪਣੇ ਆਕਰਸ਼ਨ ਨੂੰ ਭੁੱਲ ਕੇ
ਧੁਰੀ ਨਾਲ ਬੱਝ ਕੇ ਘੁੰਮਣਾ
ਜ਼ਿੰਦਗੀ ਨੂੰ ਬੁਣਨਾ
ਤੇ ਤੰਦਾਂ ਨੂੰ ਉਲਝਣੋਂ ਬਚਾਉਣਾ
ਇਸ ਸੁਲਝੇ ਹੋਏ ਤਾਣੇ ਹੇਠਾਂ
ਉਲਝੀਆਂ ਤੰਦਾਂ ਦੀ
ਖ਼ੂਬਸੂਰਤੀ 'ਚ ਜਿਊਣਾ
ਤੇ ਬਹੁਤ ਜ਼ਰੂਰੀ ਹੈ
ਆਪਣੇ ਅੰਦਰਲੀ ਵੇਲ ਦੀ
ਮਹਿਕ ਨੂੰ ਮਹਿਸੂਸ ਕਰਦੇ ਰਹਿਣਾ
ਤੇ ਸੁੱਕਣੋਂ ਬਚਾਉਣਾ

## ਮੱਕੜੀ

ਮੈਂ
ਜਨਮਜਾਤ ਮੱਕੜੀ ਹਾਂ
ਇੱਕ ਝਟਕੇ ਨਾਲ
ਨਾੜੂ ਤੋਂ ਟੁੱਟ ਕੇ
ਧੁੰਨੀ ਨਾਲ ਆ ਜੁੜੀ
ਮਹੀਨ ਤੰਦਾਂ ਨੂੰ ਵਲ੍ਹੇਟ
ਕਾਇਆ ਬੁਣੀ
ਕਾਇਆ ਅੰਦਰ ਕਾਇਆ ਸਿਰਜੀ
ਮਮਤਾ ਬੁਣੀ
ਬਹੁਤ ਚਾਲਬਾਜ਼ ਹਾਂ
ਆਪਣੇ ਲਈ ਚੱਕਰਵਿਊ
ਤੇ ਤੇਰੇ ਲਈ
ਜ਼ਿੰਦਗੀ ਬੁਣਦੀ ਹਾਂ

## ਵਹਿਣ

ਧਰਮ ਦੀਆਂ ਦੁਕਾਨਾਂ ਕੋਲੋਂ ਲੰਘਦਿਆਂ
ਆਸਥਾ ਦੀ ਧੂਫ਼ ਨੱਕ ਨੂੰ ਚੜ੍ਹਦੀ ਹੈ
ਮੈਂ ਝੱਟ ਚੁੰਨੀ ਨਾਲ ਨੱਕ ਕੱਜ ਲੈਂਦੀ ਹਾਂ
ਘੰਟੀਆਂ, ਟੱਲਾਂ, ਖੜਤਾਲਾਂ ਦਾ ਸ਼ੋਰ
ਕੰਨਾਂ 'ਚ ਚੀਕਦਾ ਹੈ
ਮੈਂ ਤਰਕ ਦੀ ਰੂੰ ਕੰਨਾਂ 'ਚ ਘੁਸੇੜ ਲੈਂਦੀ ਹਾਂ
ਮਾਲਾ ਫੇਰਦੇ ਜਾਪ ਕਰਦੇ ਬੁੱਲ੍ਹਾਂ ਵੱਲ ਤੱਕ
ਮੈਂ ਆਪਣੀ ਬਾਗ਼ੀ ਜੀਭ ਨੂੰ
ਦੰਦਾਂ ਪਿੱਛੇ ਡੱਕ ਦਿੰਦੀ ਹਾਂ
ਸੜਕਾਂ ਪਗਡੰਡੀਆਂ
ਮੈਨੂੰ ਖਿੱਚਾਂ ਪਾਉਂਦੀਆਂ
ਉਚਾਈਆਂ ਦੀ ਸਿਖਰ ਛੂੰਹਦੇ
ਬੱਦਲ ਮੈਨੂੰ ਬੁਲਾਉਂਦੇ ਨੇ
ਮੈਂ ਦਰਿਆ ਦਾ ਵਹਾਅ ਬਣ ਕੇ
ਉੱਥੇ ਜਾਣਾ ਚਾਹੁੰਦੀ ਹਾਂ
ਜਿੱਥੇ ਆਪਣੀ ਆਵਾਜ਼ ਸੁਣ ਸਕਾਂ

## ਨਖ਼ਸਮੀ

(ਅਫ਼ਜ਼ਲ ਤੌਸੀਫ਼ ਦੀ ਕਹਾਣੀ 'ਸੱਤਖ਼ਸਮੀ' ਤੇ ਆਧਾਰਿਤ)
ਉਹ ਤੀਵੀਂ ਨਹੀਂ
ਮੱਛੀ ਹੈ
ਬੇਸੁਆਦੇ ਪੱਥਰ ਚੱਟਦੀ ਹੈ
ਭਟਕਦੀ ਹੈ
ਪਥਰੀਲੀ ਪੁਰਸ਼-ਸੰਵੇਦਨਾ
ਅਛੋਹ ਰਹੀ
ਉਸ ਪਾਰਸ ਦੀ ਕਣੀ ਤੋਂ
ਚੋਰੀ-ਚੋਰੀ ਮੁਰੱਬੇ ਖਾਣੀ
ਉੱਬਲੇ ਛੋਲੇ ਡਕਾਰਨੀ
ਉਂਞ ਜ਼ਿੰਦਗੀ ਦੇ ਸਾਰੇ ਵਲ਼-ਛਲ਼ ਜਾਣਦੀ ਹੈ
ਪਰ ਪਤਾ ਨਹੀਂ
ਕਿੰਜ ਵੜ ਆਉਂਦੇ
ਉਹਦੇ ਘਰ ਦੀ ਚਾਰਦੀਵਾਰੀ 'ਤੇ ਲੱਗੇ ਫਾਟਕ 'ਚੋਂ
ਕੁੱਤੇ, ਬਿੱਲੇ ਤੇ ਪੁਰਸ਼
ਸੱਤਖ਼ਸਮੀ* ਨੂੰ ਨਖ਼ਸਮੀ ਕਰ ਜਾਂਦੇ

*ਅਫ਼ਜ਼ਲ ਤੌਸੀਫ਼ ਦੀ ਕਹਾਣੀ 'ਸੱਤਖ਼ਸਮੀ' ਦੀ ਮੁੱਖ ਪਾਤਰ

## ਹਰਸਿਮਰਤ ਕੌਰ ਦੀਆਂ ਕਵਿਤਾਵਾਂ

ਕਦੇ ਮੰਦਿਰ ਕਦੇ ਮਸਜਿਦ ਤੇ
ਫਿਰ ਮੰਦਿਰ ਬਣਾ ਦਿੰਦੇ
ਕੁੱਝ ਪਾਂਡੇ ਮੌਲਵੀ ਰੱਬ ਨੂੰ ਹੀ
ਖਿਦੋ ਖੂੰਡੀ ਬਣਾ ਦਿੰਦੇ

ਓਹ ਤਾਂ ਦੌੜ ਗਿਆ ਸੀ
ਓਸ ਥਾਂ ਤੋਂ ਆਪ
ਮੁੱਦਤਾਂ ਤੋਂ ਪਵਿੱਤਰ ਕੀਤਾ ਸੀ
ਜਦ ਉਨ੍ਹਾਂ ਲਿਆ ਕੇ ਜਲ ਨੂੰ ਗੰਗਾ ਤੋਂ

ਓਹ ਹੁਣ ਹੱਫ਼ ਗਿਆ ਹੈ
ਥੱਕ ਗਿਆ ਹੈ ਦੌੜ ਦੌੜ ਕੇ

ਅੱਜ ਮੰਦਿਰ ਬਣਾਇਆ ਫਿਰ
ਮਸਜਿਦ ਬਣਾਓਗੇ ਤੁਸੀਂ ਤੋੜ ਤੋੜ ਕੇ

***

ਮੈਂ ਬੂਹੇ, ਬਾਰੀਆਂ ਤੇ ਝੀਤਾਂ
ਸਭ ਕੁੱਝ ਬੰਦ ਕਰ ਲੈਂਦੀ ਹਾਂ
ਤੇਰੀ ਮੈਂ ਯਾਦ ਨੂੰ ਅੰਦਰ
ਆਉਣੋ  ਨਾਂਹ ਕਰ ਦਿੰਦੀ ਹਾਂ

ਤੂੰ ਜੂਠੇ ਬੇਰ ਖਾਧੇ ਨੇ
ਸਵਾਦਾਂ ਨਾਲ ਚੱਖ ਚੱਖ ਕੇ
ਮੈਨੂੰ ਅਗਨੀ ਪ੍ਰੀਖਿਆ ਕਿਉਂ
ਤੂੰ ਦੇਣ ਨੂੰ ਕਹਿੰਦਾ ਏਂ

***

ਮੇਰੇ ਢਿੱਡ 'ਚ ਮਰ ਗਈ ਓਏ
ਹਾਏ ਵੇ ਰੱਬਾ ਮੇਰੀ ਧੀ
ਮੈਂ ਅੱਜ ਵੀ ਤੜਫ ਰਹੀ ਹਾਂ
ਅਪਣੇ ਬਿਸਤਰ 'ਤੇ
ਕੋਈ ਲਿਆ ਕੇ ਰੱਖ  ਜਾਵੇ
ਹਿਮ ਕਲਸ਼ ਮੇਰੇ ਢਿੱਡ ਤੇ
ਮੈਂ ਹਥਨੀ ਨਹੀਂ ਹਾਂ ਕਿ
ਉਤਰ ਜਾਵਾਂਗੀ
ਯਖ਼ ਪਾਣੀਆਂ 'ਚ
ਕੁੱਖ ਠਾਰਨ  ਨੂੰ

***

ਜੇ ਮੈਂ ਨਾ ਜੰਮਾਂ ਰਾਜਾਨ
ਜੇ ਮੈਂ ਹੋਵਾਂ ਨਿਰਸੰਤਾਨ
ਤਾਂ ਕੀ ਬਾਬਾ ਬਾਂਝ  ਕਹੇਂਗਾ
ਜਾਂ ਫਿਰ ਮੰਦੜੇ ਬੋਲ ਕਹੇਂਗਾ

ਤਾਂ ਹੀਂ ਤਾਂ ਮੇਰੀ ਕੁੱਖ ਵਿੱਚ ਮਰ ਗਈ ਮੇਰੀ ਰਾਜ ਕੁਮਾਰੀ
ਰਾਜਨ ਰਾਜਨ ਆਸ ਕਰਨ ਸਭ
ਮੀਆਂ, ਭਾਈ, ਪੁਜਾਰੀ
ਜਿਸ ਖ਼ੂਨ ਤੋਂ ਮੈਂ ਰਾਜਨ ਉਪਜਾਂ
ਆਣ ਤੇ ਉਹ ਮਹਾਂਵਾਰੀ
ਵਰਜਿਤ ਹੋ ਜਾਵੇ ਆਮਦ ਮੇਰੀ ਕਹੇ ਮੰਦਿਰ ਖੜ੍ਹਾ ਪੁਜਾਰੀ
ਮੈਂ ਅਪਵਿੱਤਰ ਮੈਂ ਦੂਸ਼ਿਤ ਹਾਂ
ਮੈਂ ਰਾਜਨ ਜੰਮਨ ਹਾਰੀ
ਮੰਦਿਰ ਦੇ ਏ ਕਰਤਾ ਧਰਤਾ ਇਹ ਕੀ ਤੇਰੇ ਕਾਰੇ
ਦੇਵਦਾਸੀ ਮੈਂ ਬਣ ਮੰਦਿਰ 'ਚ
ਅਪਣੇ ਦਿਨ ਗੁਜ਼ਾਰੇ
ਕਿੱਥੇ ਅਪਣੇ ਰੋਣੇ ਰੋਵਾਂ
ਮੰਦਿਰ, ਮਸਜਿਦ ਜਾਂ ਗੁਰਦਵਾਰੇ
ਜਿੱਥੇ ਸਾਰੇ ਕਾਰ ਵਿਹਾਰ
ਪੁਜਾਰੀ, ਮੀਆਂ, ਭਾਈ ਸਵਾਰੇ
ਸ਼ਬਦ ਗੁਰੂ 'ਚ ਥਾਂ ਨਾ ਕੋਈ
ਨਿਮਾਣੀ ਹੋਰ ਨਿਮਾਣੀ ਹੋਈ
ਅਲਾਪ ਸਕਾਂ ਨਾ ਮੈਂ ਰਾਗ ਕੋਈ
ਮੈਂ ਹਾਜ਼ਿਰ ਹੋ ਕੇ ਵੀ
ਗੈਰਹਾਜ਼ਿਰ ਹੋਈ
ਤੇਰੀ ਅਜ਼ਾਂ ਤੇ ਉੱਠ ਬਹਿੰਦੀ ਹਾਂ
ਕਾਲੇ ਜਾਮੇ 'ਚ ਮੈਂ ਰਹਿੰਦੀ ਹਾਂ
ਨਾ ਮੈਂ ਮਿੱਟੀ ਪਾ ਸਕਾਂ
ਨਾ ਮੈਂ ਹਾਜ਼ਰੀ ਲਾ ਸਕਾਂ
ਵਿੱਛੜੀ ਰੂਹ ਦੇ ਨਾਲ
ਮੀਆਂ, ਮੌਲਵੀ, ਮੁਸਤਫ਼ਾ
ਏਹ ਕੇਹਾ ਮਾਇਆ ਜਾਲ
ਮੈਂ ਤਾਂ ਹਾਂ ਸਨਮਾਨ ਦੀ ਭੁੱਖੀ
ਰਾਜਕੁਮਾਰੀ ਦੇ ਮਾਣ ਦੀ ਭੁੱਖੀ
ਨਾ ਕੁੱਖ ਵਿੱਚ ਇਸ ਮਾਰੋ ਕੋਈ
ਦਾਜ਼ ਦੇ ਭੂਤ ਨੂੰ ਸਾੜੋ ਕੋਈ
ਬੇਪੱਤ ਕਰੇ ਜੇ ਰਾਜਨ ਮੈਨੂੰ
ਪੱਥਰਾਂ ਦੇ ਨਾਲ ਮਾਰੋ ਕੋਈ
***

# ਸਮਕਾਲੀ ਸਾਹਿਤ ਨੂੰ ਵਾਚਦਿਆਂ

**-ਕੁਲਵੰਤ ਸਿੰਘ ਸੰਧੂ**

ਅਸੀਂ ਇਸ ਵਾਰ ਪੁਸਤਕਾਂ ਦੇ ਰਿਵਿਊ ਬਾਰੇ ਨਵਾਂ ਤਜਰਬਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਪਰੰਪਰਾਗਤ ਤਰੀਕੇ ਨਾਲ ਕੀਤੇ ਰਿਵਿਊ ਵਿਚ ਪਾਠਕ ਨੂੰ ਪੁਸਤਕ ਦੇ ਪ੍ਰਕਾਸ਼ਕ ਛਪਣ ਸਾਲ ਆਦਿ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਪੁਸਤਕ ਦੇ ਵਿਸ਼ੇ ਬਾਰੇ ਦੱਸਿਆ ਜਾਂਦਾ ਹੈ ਤਾਂ ਕਿ ਪਾਠਕ ਰਿਵਿਊ ਪੜ੍ਹ ਕੇ ਪੁਸਤਕ ਬਾਰੇ ਜਾਣ ਸਕੇ। ਪਰ ਅਸੀਂ ਇਸ ਨੂੰ ਇਕ ਲੇਖ ਜਾਂ ਕਾਲਮ ਦਾ ਰੂਪ ਦੇਣ ਦੀ ਸੋਚ ਰਹੇ ਹਾਂ ਜਿਸ ਵਿਚ ਨਵੀਆਂ ਪੁਸਤਕਾਂ ਬਾਰੇ ਜਾਣਕਾਰੀ ਤੋਂ ਇਲਾਵਾ ਉਨ੍ਹਾਂ ਨੂੰ ਸਮੁੱਚੇ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਰੱਖ ਕੇ ਵਾਚਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਕਿ ਪਾਠਕ ਨੂੰ ਇਹ ਵੀ ਪਤਾ ਲੱਗ ਸਕੇ ਕਿ ਨਵਾਂ ਸਾਹਿਤ ਕਿਸ ਪ੍ਰਕਾਰ ਦਾ ਰਚਿਆ ਜਾ ਰਿਹਾ ਹੈ ਤੇ ਇਸਦੀ ਸਮੁੱਚੇ ਸਾਹਿਤ ਨੂੰ ਸਮਰਿਧ ਬਣਾਉਣ ਵਿਚ ਕੀ ਭੂਮਿਕਾ ਹੈ। ਜੇਕਰ ਰਿਵਿਊ ਦਾ ਇਹ ਤਰੀਕਾ ਪਾਠਕਾਂ ਨੂੰ ਠੀਕ ਲੱਗਿਆ। ਤਾਂ ਆਉਣ ਵਾਲੇ ਸਮਿਆਂ ਵਿਚ ਇਸ ਨੂੰ ਇਸੇ ਹੀ ਤਰ੍ਹਾਂ ਜਾਰੀ ਰੱਖਿਆ ਜਾਵੇਗੀ।

ਇਸ ਵਾਰ ਰਿਵਿਊ ਲਈ ਚੁਣੀਆਂ ਪੁਸਤਕਾਂ ਨਾਵਲ ਜੋ ਕਿ ਹੇਠ ਲਿਖੇ ਮੁਤਾਬਿਕ ਹਨ। (1) ਧਰਮ ਸਿੰਘ ਕੰਮੇਆਣਾ, ਸਤਲੁਜ ਦੇ ਆਰ ਪਾਰ, ਸਨਾਵਰ ਪਬਲੀਕੇਸ਼ਨਜ਼, ਪਟਿਆਲਾ, 2021, ਕੀਮਤ 150 (2) ਪਰਗਟ ਸਿੰਘ ਸਤੌਜ, ਮੁਹੱਬਤ ਵੇਲਾ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ, 2021, ਕੀਮਤ 180 (3) ਡਾ. ਧਰਮਪਾਲ ਸਾਹਿਲ, ਮਣੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021, ਕੀਮਤ 350 (4) ਅਸ਼ੋਕ ਵਸ਼ਿਸ਼ਟ, ਤੰਦਾਂ, ਨਵਯੁੱਗ ਪਬਲਿਸ਼ਰਜ਼, ਦਿੱਲੀ, 2021, ਕੀਮਤ 700 (5) ਡਾ. ਜਗਜੀਤ ਸਿੰਘ ਕੋਮਲ, ਬੁੰਧੂਕਾਰਾ, ਗ੍ਰੇਸ਼ੀਅਸ ਬੁਕਸ, ਪਟਿਆਲਾ, 2021, ਕੀਮਤ 600 (6) ਮਨਮੋਹਨ ਬਾਵਾ, ਵਿਆਸ ਭੱਟ ਦੀ ਆਤਮ ਕਥਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021, ਕੀਮਤ 425।

ਧਰਮ ਸਿੰਘ ਕੰਮੇਆਣਾ ਪੰਜਾਬੀ ਵਿਚ ਇਕ ਕਵੀ ਤੇ ਗੀਤਕਾਰ ਦੇ ਤੌਰ ’ਤੇ ਜਾਣਿਆ ਜਾਂਦਾ ਹੈ, ਜੋ ਕਿ ਪਿਛਲੇ ਚਾਰ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਪੰਜਾਬੀ ਸਾਹਿਤ ਸਿਰਜਣਾ ਕਰ ਰਿਹਾ ਹੈ, ਪਰ ਪਿਛਲੇ ਕੁਝ ਸਮਿਆਂ ਤੋਂ ਉਹ ਨਾਵਲਕਾਰੀ ਦੇ ਖੇਤਰ ਵਿਚ ਸਰਗਰਮ ਹੈ। ਉਸ ਦਾ ਨਾਵਲ ‘ਸਤਲੁਜ ਦੇ ਆਰ ਪਾਰ’ ਦੇਸ਼ ਵੰਡ ਤੇ ਇਸ ਤੋਂ ਬਾਅਦ ਦੇ ਦੋ ਦਹਾਕਿਆਂ ਦੇ ਪੰਜਾਬ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਕੇਂਦਰੀ ਪਾਤਰ ਫੌਜਾ ਸਿੰਘ ਨੂੰ ਆਪਣਾ ਘਰ ਬਾਰ ਛੱਡ ਕੇ ਵਾਪਸ ਆਉਣਾ ਪੈਂਦਾ ਹੈ। ਉਸਦੇ ਪੁਰਖਿਆਂ ਨੂੰ ਫੌਜ ਵਿਚ ਬਹਾਦਰੀ ਵਿਖਾਉਣ ਕਰਕੇ ਬਾਰ ਵਿਚ ਜ਼ਮੀਨ ਅਲਾਟ ਹੋਈ ਸੀ। ਪੂਰਬੀ ਪੰਜਾਬ ਵਿਚ ਘਰ-ਘਾਟ ਤੇ ਜ਼ਮੀਨ ਹੋਣ ਕਰਕੇ ਉਸ ਨੇ ਵੰਡ ਦਾ ਵਧੇਰੇ ਅਸਰ ਨਹੀਂ, ਪਰ ਫਿਰ ਵੀ ਹੱਥੀਂ ਮਿਹਨਤ ਕਰਕੇ ਬਣਾਈ ਜ਼ਮੀਨ ਤੇ ਦੋਸਤ ਛੱਡ ਕੇ ਆਉਣ ਦਾ ਵਿਗੋਚਾ ਜ਼ਰੂਰ ਹੈ। ਵੰਡ ਤੋਂ ਤਕਰੀਬਨ ਸੱਤ ਦਹਾਕਿਆਂ ਬਾਅਦ ਇਸ ਵੰਡ ਬਾਰੇ ਨਾਵਲ ਲਿਖਣ ਦਾ ਕੋਈ ਵੀ ਮਨੋਰਥ ਨਾਵਲ ਵਿਚੋਂ ਉਜਾਗਰ ਨਹੀਂ ਹੁੰਦਾ ਕਿ ਲੇਖਕ ਉਸ ਵੰਡ ਨੂੰ ਅਜੋਕੇ ਪ੍ਰਸੰਗ ਵਿਚ ਪੇਸ਼ ਕਰਕੇ ਕੀ ਕਹਿਣਾ ਜਾਂ ਦੱਸਣਾ ਚਾਹੁੰਦਾ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਫੌਜਾ ਸਿੰਘ ਦੇ ਜੀਵਨ ਵੇਰਵਿਆਂ ਨੂੰ ਪੇਸ਼ ਕਰਦਾ ਹੈ। ਪਤਨੀ ਦੀ ਮੌਤ ਤੋਂ ਬਾਅਦ ਉਸ ਦੇ ਸਬੰਧ ਘਰ ਦੀ ਨੌਕਰਾਣੀ ਸਰਿਤਾ ਨਾਲ ਬਣਦੇ ਹਨ

ਤੇ ਉਹ ਉਸਦੇ ਬੱਚੇ ਦੀ ਮਾਂ ਵੀ ਬਣਦੀ ਹੈ ਜਿਸ ਦੇ ਨਾਂ ਫੌਜਾ ਸਿੰਘ ਜ਼ਮੀਨ ਵੀ ਲਵਾ ਦੇਂਦਾ ਹੈ। ਇਹ ਘਟਨਾ ਕਿਸਾਨੀ ਸਮਾਜ ਤੇ ਜ਼ਮੀਨ ਨਾਲ ਜੁੜੀਆਂ ਕਦਰਾਂ-ਕੀਮਤਾਂ ਦੇ ਉਲਟ ਵਾਪਰਦੀ ਹੋਣ ਕਰਕੇ ਕਿਸਾਨੀ ਸਮਾਜ ਦਾ ਪ੍ਰਤੀਨਿਧ ਯਥਾਰਥ ਨਹੀਂ ਕਹੀ ਜਾ ਸਕਦੀ ਹੈ ਤੇ ਲੇਖਕ ਦੀ ਸਮਾਜਕ ਯਥਾਰਥ ਦੀ ਸਮਝ ਬਾਰੇ ਵੀ ਸਵਾਲ ਖੜੇ ਕਰਦੀ ਹੈ। ਇਹ ਨਾਵਲ ਦੇਸ਼ ਵੰਡ, ਪੰਜਾਬੀ ਸੂਬਾ ਆਦਿ ਲਹਿਰਾ ਬਾਰੇ ਬਿਨਾਂ ਕੋਈ ਲੇਖਾ-ਜੋਖਾ ਕੀਤੇ ਖ਼ਤਮ ਹੋ ਜਾਂਦਾ ਹੈ।

ਪਰਗਟ ਸਿੰਘ ਸਤੌਜ ਦਾ ਨਾਵਲ 'ਮੁਹੱਬਤ ਵੇਲ਼ਾ' ਕਾਲਜ ਦੀ ਹੋਸਟਲ ਦੀ ਜ਼ਿੰਦਗੀ ਬਾਰੇ ਹੈ। ਨਾਵਲ ਵਿਚ ਵਿਦਿਆਰਥੀਆਂ ਦੀ ਰੋਜ਼ਾਨਾ ਜ਼ਿੰਦਗੀ ਦੇ ਇਕੋ ਜਿਹੇ ਵੇਰਵੇ ਨਾਵਲ ਵਿਚ ਦੁਹਰਾਉ ਪੈਦਾ ਕਰਦੇ ਹਨ। ਦੂਸਰੇ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਹੋਸਟਲ ਜਾਂ ਇਸ ਵਿਚ ਰਹਿਣ ਵਾਲੇ ਵਿਦਿਆਰਥੀ ਸਮਾਜ ਜਾਂ ਭਾਈਚਾਰੇ ਦਾ ਹਿੱਸਾ ਹੀ ਨਾ ਹੋਣ। ਇਕ ਪਾਸੇ ਉੱਚ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਸਮਾਜ ਦਾ ਸਭ ਤੋਂ ਚੇਤੰਨ ਵਰਗ ਮੰਨਿਆ ਜਾਂਦਾ ਹੈ। ਪਰ ਇਸ ਨਾਵਲ ਵਿਚ ਅਜੇਹਾ ਕੋਈ ਵੇਰਵਾ ਨਜ਼ਰ ਨਹੀਂ ਆਉਂਦਾ, ਸਿਵਾਏ ਪਿੰਡ ਦੇ ਨੇੜੇ ਲੱਗਣ ਵਾਲੀ ਫ਼ੈਕਟਰੀ ਦੇ ਵਿਰੋਧ ਵਿਚ ਹੋ ਰਹੇ ਸੰਘਰਸ਼ ਬਾਰੇ। ਇਹ ਨਾਵਲ, ਨਾਵਲ ਦੀਆਂ ਵਿਧਾਈ ਜ਼ਰੂਰਤਾ ਤੇ ਪੂਰਾ ਉਤਰਣ ਤੋਂ ਬਹੁਤ ਪਾਸੇ ਰਹਿ ਜਾਂਦਾ ਹੈ।

ਨਾਵਲ 'ਮਣ੍ਹੇ' ਡਾ. ਧਰਮਪਾਲ ਸਾਹਿਲ ਦੀ ਰਚਨਾ ਹੈ। ਇਸ ਵਿਚ ਲੇਖਕ ਨੇ ਕੰਢੀ ਖੇਤਰ ਦੇ ਵਿਸ਼ੇਸ਼ ਸੱਭਿਆਚਾਰ, ਜੀਵਨ-ਜਾਂਚ ਦੀ ਵਿਲੱਖਣਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬੀ ਵਿਚ ਇਸ ਖਿੱਤੇ ਬਾਰੇ ਬਹੁਤ ਘੱਟ ਸਾਹਿਤ ਮਿਲਦਾ ਹੈ। ਧਰਮਪਾਲ ਤੋਂ ਇਲਾਵਾ ਬਲਬੀਰ ਪਰਵਾਨੇ ਦੀਆਂ ਕੁਝ ਰਚਨਾਵਾਂ ਵਿਚ ਇਸ ਖਿੱਤੇ ਦੀ ਪੇਸ਼ਕਾਰੀ ਤੱਕ ਸੀਮਤ ਰਹਿੰਦਾ ਹੈ ਤਾਂ ਉਹ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਦਾ ਹੈ, ਪਰ ਜਦੋਂ ਇਸ ਖਿੱਤੇ ਤੋਂ ਬਾਹਰ ਫੈਲਦਾ ਹੈ ਤਾਂ ਇਹ ਨਿਰੋਲ ਇਕ ਫਿਲਮੀ ਪਿਆਰ ਕਹਾਣੀ ਬਣ ਕੇ ਰਹਿ ਜਾਂਦਾ ਹੈ। ਚੰਚਲੋ ਤੇ ਕੁੰਜੂ ਦੀ ਪਿਆਰ ਕਹਾਣੀ ਪਹਾੜੀ ਸਮਾਜ ਦੀ ਇਕ ਜਾਣੀ-ਪਛਾਣੀ ਪਿਆਰ ਕਹਾਣੀ ਹੈ। ਜਿਸ ਬਾਰੇ ਗੀਤ ਵੀ ਮਿਲਦੇ ਹਨ। ਪਰ ਨਾਵਲ ਵਿਚਲੀ ਪਿਆਰ ਕਹਾਣੀ ਫਿਲਮੀ ਕਹਾਣੀ ਬਣ ਕੇ ਰਹਿ ਜਾਂਦੀ ਹੈ। ਨਾਵਲ ਵਿਚਲੀਆਂ ਜਗਦੀਸ਼ ਦੀਆਂ ਸਾਜ਼ਿਸ਼ਾਂ ਤੇ ਉਨ੍ਹਾਂ ਬਾਰੇ ਚਾਰਾਜੋਈ ਵੀ ਫਿਲਮੀ ਸੁਭਾਅ ਵਾਲੀ ਹੈ। ਇਹੀ ਸਮੁੱਚਾ ਘਟਨਾ-ਪ੍ਰਬੰਧ ਇਸ ਕਿਰਤ ਦੀ ਮੁੱਢਲੀ ਵਿਲੱਖਣਤਾ ਨੂੰ ਢਾਹ ਲਾਉਣ ਵਾਲਾ ਸਿੰਧ ਹੁੰਦਾ ਹੈ।

ਅਸ਼ੋਕ ਵਸ਼ਿਸ਼ਟ ਦਾ ਨਾਵਲ ਤੰਦਾਂ, ਅਜੋਕੇ ਇਤਹਾਸ ਦੀਆਂ ਦੋ ਵੱਡੀਆਂ ਘਟਨਾਵਾਂ, 1947 ਦੀ ਦੇਸ਼ ਵੰਡ ਤੇ 1984 ਦੇ ਦਿੱਲੀ ਦੰਗਿਆਂ ਦੇ ਆਰ-ਪਾਰ ਫੈਲਿਆ ਨਾਵਲ ਹੈ। ਇਨ੍ਹਾਂ ਦੋਹਾਂ ਘਟਨਾਵਾਂ ਨੇ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਸਭ ਤੋਂ ਵੱਧ ਦੁਖਾਂਤ ਇਹ ਉਨ੍ਹਾਂ ਪਰਿਵਾਰਾਂ ਦਾ ਹੈ, ਜਿਨ੍ਹਾਂ ਨੂੰ ਚਾਰ ਦਹਾਕਿਆਂ ਵਿਚ ਦੋ ਵਾਰ ਘਰੋਂ ਬਾਹਰ ਹੋਣਾ ਪਿਆ ਤੇ ਉਜਾੜੇ ਦਾ ਸਾਹਮਣਾ ਕਰਨਾ ਪਿਆ। ਇਹ ਨਾਵਲ ਪੰਜਾਬੀ ਭਾਈਚਾਰੇ ਦੀ ਹਿੰਮਤ 'ਤੇ ਮਿਹਨਤ ਨੂੰ ਉਭਾਰਦਾ ਹੈ ਕਿ ਕਿਸ ਤਰ੍ਹਾਂ ਉਹ ਦੋਵੇਂ ਵਾਰ ਲੁੱਟੇ-ਪੁੱਟੇ ਜਾਣ ਦੇ ਬਾਵਜੂਦ ਫਿਰ ਪੈਰਾਂ 'ਤੇ ਖੜੇ ਹੋ ਸਕਣ ਦੀ ਸਮਰਥਾ ਰੱਖਦੇ ਹਨ। ਪਰ ਨਾਵਲ ਵਿਚ ਮਨ-ਇੱਛਤ ਘਟਨਾ-ਪ੍ਰਬੰਧ ਤੇ ਯਥਾਰਥ ਸਿਰਜ ਕੇ ਸਮਾਜਕ-ਆਰਥਿਕ ਮਾਹੌਲ ਦੀ ਸਿਰਜਣਕਾਰੀ ਨੂੰ ਪੇਤਲਾ ਕਰਦਾ ਹੈ। ਦੂਸਰੇ, ਲੇਖਕ ਜਦੋਂ ਬੀਤੇ ਦੀਆਂ ਘਟਨਾਵਾਂ ਨੂੰ ਸਿਰਜਦਾ ਹੈ ਤਾਂ ਉਸ ਵਿਚ ਬੇ-ਧਿਆਨੀ ਵਿਚ ਵਰਤਮਾਨ ਘਟਨਾਵਾਂ/

ਹਵਾਲਿਆਂ ਨੂੰ ਵੀ ਪੇਸ਼ ਕਰ ਜਾਂਦਾ ਹੈ, ਜੋ ਕਿ ਨਾਵਲ ਵਿਚ ਪੇਸ਼ ਸਮੇਂ ਨਾਲ ਮੇਲ ਨਹੀਂ ਖਾਂਦੀਆਂ। ਜਿਸ ਕਰਕੇ ਸਥਿਤੀ ਹਾਸੋਹੀਣੀ ਵੀ ਬਣ ਜਾਂਦੀ ਹੈ, ਨਾਵਲ ਵਿਚ ਕਿਸੇ ਵੀ ਸਮੱਸਿਆ ਨੂੰ ਲੰਮੇ ਸਮੇਂ ਵਿਚ ਫੈਲਾਅ ਕੇ ਮਨੁੱਖੀ ਰਿਸ਼ਤਿਆਂ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਨਹੀਂ ਚਿਤਰਿਆ ਗਿਆ। ਹਰ ਸਮੱਸਿਆ ਦਾ ਸਮਾਧਨ ਨਾਲ-ਨਾਲ ਕਰਦਾ ਹੈ ਜਿਸ ਕਰਕੇ ਵੱਡੀਆਂ ਇਤਹਾਸਕ ਘਟਨਾਵਾਂ ਨੂੰ ਲੈਣ ਦੇ ਬਾਵਜੂਦ ਨਾਵਲ ਸਾਧਾਰਣ ਪੱਧਰ ਦੀ ਪੇਸ਼ਕਾਰੀ ਬਣ ਕੇ ਰਹਿ ਜਾਂਦਾ ਹੈ।

ਮਨਮੋਹਨ ਬਾਵਾ ਪੰਜਾਬੀ ਦਾ ਵਖਰੀ ਭਾਂਤ ਦਾ ਨਾਵਲਕਾਰ ਹੈ। ਆਪਣੇ ਘੁਮੱਕੜ ਸੁਭਾਅ ਕਰਕੇ ਉਸ ਕੋਲ ਸਮੁੱਚੇ ਭਾਰਤ ਦੀ ਵਿਭਿੰਨਤਾ ਨੂੰ ਵੇਖਣ/ਮਾਨਣ ਦਾ ਅਨੁਭਵ ਵੀ ਹੈ। ਇਤਹਾਸ ਨੂੰ ਸਮਝਣ ਦਾ ਤਰਕ ਵੀ ਤੇ ਉਸ ਨੂੰ ਗਲਪ ਵਿਚ ਢਾਲ ਕੇ ਪੇਸ਼ ਕਰ ਸਕਣ ਦੀ ਸਮਰਥਾ ਵੀ ਹੈ। ਉਸ ਦਾ ਹਥਲਾ ਨਾਵਲ 'ਵਿਆਸ ਭੱਟ ਦੀ ਆਤਮ ਕਥਾ' ਸਤਵੀਂ ਸਦੀ ਦੇ ਭਾਰਤ ਦੇ ਹਾਲਾਤ ਨੂੰ ਪੇਸ਼ ਕਰਦਾ ਹੈ। ਰਾਜਾ ਹਰਸ਼ਵਰਧਨ ਦਾ ਸਮਾਂ ਇਤਹਾਸ ਵਿਚ ਸਵਰਨ ਨਾਲ ਮੰਨਿਆ ਜਾਂਦਾ ਹੈ। ਉਸ ਨੇ ਆਪਣੀ ਰਾਜ ਕਰਨ ਦੀ ਯੋਗਤਾ ਕਰਕੇ ਇੱਥੇ ਅਮਨ-ਸ਼ਾਂਤੀ ਕਾਇਮ ਕੀਤੀ ਤੇ ਸਿਰਜਣਕਾਰੀ ਦੇ ਖੇਤਰ ਵਿਚ ਵੀ ਵੱਡੀਆਂ ਪ੍ਰਤਿਭਾਵਾਂ ਇਸ ਦੌਰ ਵਿਚ ਪੈਦਾ ਹੋਈਆਂ। ਪਰ ਉਸ ਦੀ ਮੌਤ ਤੋਂ ਬਾਅਦ ਤਖਤ 'ਤੇ ਬੈਠਣ ਵਾਲੇ ਵਾਰਿਸ ਉਸ ਪ੍ਰਤਿਭਾ ਦੇ ਸੁਆਮੀ ਨਹੀਂ ਸਨ। ਪਰ ਆਪਣੀਆਂ ਵਿਸਥਾਰਵਾਦੀ ਅਕਾਖਿਆਵਾਂ ਕਰਕੇ ਉਨ੍ਹਾਂ ਨੇ ਦੇਸ਼ ਨੂੰ ਅਸ਼ਾਂਤੀ ਤੇ ਯੁੱਧ ਵੱਲ ਧੱਕ ਦਿੱਤਾ ਉਨ੍ਹਾਂ ਦੀਆਂ ਇਨ੍ਹਾਂ ਬਿਰਤੀਆਂ ਵਿਚ ਵਾਧਾ ਕਰਨ ਵਾਲੇ ਵੀ ਉਨ੍ਹਾਂ ਦੁਆਲੇ ਜਮ੍ਹਾ ਹੁੰਦੇ ਗਏ। ਰਾਜਾ ਯਸ਼ੋਵਰਮਨ ਦੀ ਸਲਾਹਕਾਰ ਜੁੰਡਲੀ ਉਸਨੂੰ ਵਾਸਤਵਿਕਤਾ ਦੇ ਰੂ-ਬ-ਰੂ ਹੋਣ ਦਾ ਮੌਕਾ ਹੀ ਨਹੀਂ ਦੇਂਦੀ। ਅਜੇਹੇ ਮਾਹੌਲ ਵਿਚ ਵਾਣਭੱਟ ਵਰਗੇ ਸੁਹਿਰਦ ਵਿਅਕਤੀ ਖ਼ੁਸ਼ਾਮਦੀ-ਟੋਲਿਆਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਇਕੱਲੇ ਰਹਿ ਜਾਂਦੇ ਹਨ ਅਜੇਹੇ ਮਾਹੌਲ ਵਿਚ ਸੱਤਾ ਤੇ ਦੇਸ਼ ਜਾਂ ਸਰਕਾਰ ਤੇ ਦੇਸ਼ ਦੀ ਇਕਰੂਪਤਾ ਦਾ ਨਵਾਂ ਪ੍ਰਵਚਨ ਉਸਾਰ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਸੱਤਾ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਦੇਸ਼ ਨੂੰ ਚੁਣੌਤੀ ਦੇਣ ਵਾਲਿਆਂ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਅਜੋਕੇ ਦੌਰ ਵਿਚ ਇਹੀ ਇਸ ਨਾਵਲ ਦੀ ਪ੍ਰਾਸੰਗਿਕਤਾ ਬਣਦੀ ਹੈ। ਕਿਉਂਕਿ ਅਜੋਕੇ ਸਮਿਆਂ ਵਿਚ ਵੀ ਅਜੇਹੇ ਪ੍ਰਵਚਨਾਂ ਨੂੰ ਉਭਾਰਿਆ ਜਾ ਰਿਹਾ ਹੈ।

ਜਗਜੀਤ ਸਿੰਘ ਕੋਮਲ ਮੁੱਖ ਰੂਪ ਵਿਚ ਨਾਟਕਕਾਰ ਹੈ। ਪਰ ਹੁਣ ਉਹ ਆਪਣਾ ਪਹਿਲਾ ਵੱਡ ਅਕਾਤੀ ਨਾਵਲ 'ਧੁੰਧੂਕਾਰਾ' ਲੈ ਕੇ ਪੰਜਾਬੀ ਪਾਠਕਾਂ ਦੇ ਸਾਹਮਣੇ ਪੇਸ਼ ਹੁੰਦਾ ਹੈ। ਲੇਖਕ ਮੁਤਾਬਿਕ ਉਸ ਨੇ ਇਹ ਨਾਵਲ ਅੱਜ ਤੋਂ ਤਕਰੀਬਨ ਚਾਰ ਦਹਾਕੇ ਤੋਂ ਵੱਖ ਸਮਾਂ ਪਹਿਲਾਂ ਲਿਖ ਲਿਆ ਸੀ। ਪਰ ਪਾਠਕਾਂ ਸਾਹਮਣੇ ਇਹ ਨਾਵਲ ਹੁਣ ਆਇਆ ਹੈ ਇਹ ਨਾਵਲ ਨਕਸਲਾਈਟ ਲਹਿਰ ਬਾਰੇ ਹੈ। ਇਹ ਲਹਿਰ ਸੱਤਵੇਂ ਦਹਾਕੇ ਵਿਚ ਹੋਂਦ ਵਿਚ ਆਈ ਸੀ। ਜੋ ਕਾਮਰੇਡ ਮਾਓ ਦੇ ਕਥਨ ਕਿ 'ਸੱਤਾ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ' ਤੋਂ ਪ੍ਰਭਾਵਿਤ ਸੀ। ਇਸ ਲਹਿਰ ਨੇ ਪਰੰਪਰਾਗਤ ਖੱਬੀ ਲਹਿਰ ਨੂੰ ਰੱਦ ਕਰਕੇ ਉਸ ਵਿਚਾਰਧਾਰਾ ਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਪਰ ਅੱਜ ਅਸੀਂ ਵੇਖਦੇ ਹਾਂ ਕਿ ਪੰਜ ਦਹਾਕਿਆਂ ਬਾਅਦ ਇਹ ਲਹਿਰ ਸਭ ਤੋਂ ਵੱਧ ਵਿਚਾਰਧਾਰਾਈ ਵਖਰੇਵਿਆਂ ਦਾ ਸ਼ਿਕਾਰ ਹੋ ਕੇ ਬਹੁਤ ਸਾਰੇ ਧੜਿਆ ਵਿਚ ਵੰਡੀ ਗਈ ਹੈ। ਲੇਖਕ ਨੇ ਆਪਣੇ ਇਸ ਨਾਵਲ ਵਿਚ ਇਸ ਲਹਿਰ ਦਾ ਲੇਖਾ-ਜੋਖਾ ਕਰਨ ਦੀ

ਕੋਸ਼ਿਸ਼ ਕੀਤੀ ਹੈ।

ਲਹਿਰ ਦੇ ਅੰਤਰ ਵਿਰੋਧ ਤੇ ਕਮਜ਼ੋਰੀਆਂ ਨਾਵਲ ਕੇ ਆਰੰਭ ਤੋਂ ਉਜਾਗਰ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਦੋਂ ਵਿਅਕਤੀਗਤ ਕਾਰਣਾਂ ਕਰਕੇ ਜਾਂ ਜ਼ਮੀਨਾਂ ਦੇ ਮਾਲਕ ਬਣਨ ਦੇ ਲਾਲਚ ਹੋਰ ਲੋਕ ਲਹਿਰ ਵਿਚ ਸ਼ਾਮਲ ਹੁੰਦੇ ਸਨ ਇਹ ਸਥਿਤੀ ਵਿਅੰਗਤਮਰ ਹੋ ਨਿਬੜਦੀ ਹੈ ਕਿ ਇਕ ਪਾਸੇ ਲਹਿਰ ਮਾਲਕ ਜਾਗੀਰਦਾਰਾਂ ਦੇ ਖਿਲਾਫ ਸੰਘਰਸ਼ ਦਾ ਐਲਾਨ ਕਰਦੀ ਹੈ ਤੇ ਦੂਸਰੇ ਪਾਸੇ ਮਾਲਕ ਬਣਨ ਦੀ ਕਿਸਾਨਾਂ ਦੀ ਇੱਛਾ ਤੂੰ ਵੀ ਹਵਾ ਦੇਂਦੀ ਹੈ। ਸਮੁੱਚੀ ਲਹਿਰ ਦਾ ਲੇਖਾ-ਜੋਖਾ ਕਰਦਿਆਂ ਲੇਖਕ ਇਹ ਧਾਰਨਾ ਸਥਾਪਿਤ ਕਰਨ ਦਾ ਯਤਨ ਕਰਦਾ ਹੈ ਕਿ ਬਹੁਤ ਸਾਰੇ ਸੁਹਿਰਦ ਵਿਅਕਤੀਆਂ ਦੀਆਂ ਕੁਰਬਾਨੀਆਂ ਤੇ ਸੁਹਿਰਦਤਾ ਦੇ ਬਾਵਜੂਦ ਕੁਝ ਵਿਅਕਤੀਆਂ ਦੇ ਸਾਹਸਿਕ ਰੁਮਾਂਚ, ਸਿਧਾਂਤਕ ਕੱਟੜਤਾ ਤੇ ਵਿਅਕਤੀਗਤ ਕਮਜ਼ੋਰੀਆਂ ਕਾਰਨ ਇਹ ਲਹਿਰ ਸੱਤਾ ਦੇ ਸਮੁੰਦਰ ਵਿਚ ਕੁਝ ਲਹਿਰਾਂ ਪੈਦਾ ਕਰ ਸਕਣ ਤੋਂ ਵਧੇਰੇ ਕੁਝ ਨਾ ਕਰ ਗਈ ਤੇ ਆਪਣੇ ਹੀ ਵਿਚਾਰਧਾਰਕ 'ਧੁੰਧੂਕਾਰੇ' ਦਾ ਸ਼ਿਕਾਰ ਹੋ ਕੇ ਰਹਿ ਗਈ।

ਇਨ੍ਹਾਂ ਹਥਲੇ ਨਾਵਲਾਂ ਦੇ ਅਧਿਐਨ ਤੋਂ ਬਾਅਦ ਸਮੁੱਚੇ ਪੰਜਾਬੀ ਨਾਵਲ ਦੇ ਪ੍ਰਸੰਗ ਵਿਚ ਕੁਝ ਗੱਲਾਂ ਜੋ ਉਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਸਾਡੇ ਵਧੇਰੇ ਨਾਵਲਕਾਰ ਇਸ ਵਿਧਾ ਦੀਆਂ ਸੰਭਾਵਨਾਵਾਂ ਨੂੰ ਵਿਸਥਾਰਨ ਵਿਚ ਕਾਮਯਾਬ ਨਹੀਂ ਹੋ ਸਕੇ। ਨਾਵਲ ਇਕ ਐਸੀ ਸੰਭਾਵਨਾ ਪੂਰਤ ਵਿਧਾ ਹੈ ਜੋ ਕਿਸੇ ਵੀ ਸਮਾਜ ਦਾ ਇਕ ਵਿਸ਼ਾਲ ਦ੍ਰਿਸ਼ ਸਿਰਜ ਸਕਣ ਦੇ ਸਮਰੱਥ ਹੁੰਦੀ ਹੈ। ਪਰ ਸਾਡੇ ਵਧੇਰੇ ਨਾਵਲਕਾਰ ਆਪਣੇ ਸੀਮਤ ਵਿਸ਼ਿਆਂ ਨਾਲ ਵੀ ਇਨਸਾਫ ਕਰਨੋਂ ਖੁੰਝ ਜਾਂਦੇ ਹਨ ਅਤੇ ਸਮਾਜਕ ਸਰੋਕਾਰਾਂ ਪ੍ਰਤੀ ਉਦਾਸੀਨ ਨਜ਼ਰ ਆਉਂਦੇ ਹਨ। ਦੂਸਰੇ, ਕਲਾਤਮਿਕ ਪੱਖੋਂ ਵੀ ਸਾਡੇ ਵਧੇਰੇ ਨਾਵਲਕਾਰ ਬਿਰਤਾਂਤਕਾਰ ਦੇ ਕਾਬਲ ਸਨ ਕਹਾਣੀ ਸੁਣਾਉਣ ਵਾਲੀ ਪੁਰਾਣੀ ਜੁਗਤ ਦੇ ਦੁਆਲੇ ਘੁੰਮਦੇ ਹਨ ਜਿਸ ਕਰਕੇ ਘਟਨਾਵਾਂ ਨੂੰ ਵਿਸਥਾਰਨ ਦੀਆਂ ਸੰਭਾਵਨਾਵਾਂ ਸੀਮਤ ਹੋ ਜਾਂਦੀਆਂ ਹਨ। ਇਸ ਅਧਿਐਨ ਵਿਚ ਸ਼ਾਮਲ ਸਿਰਫ਼ ਆਖਰੀ ਦੋ ਨਾਵਲ ਹੀ ਇਸ ਵਿਧਾ ਨਾਲ ਇਨਸਾਨ ਕਰਦੇ ਨਜ਼ਰ ਆਉਂਦੇ ਹਨ ਹਾਲਾਂਕਿ ਉਹ ਵੀ ਸਮੁੱਚੇ ਪੰਜਾਬੀ ਨਾਵਲ ਦੇ ਪ੍ਰਸੰਗ ਵਿਚ ਕੋਈ ਨਵੀਂ ਪੁਲਾਂਘ ਨਹੀਂ ਪੁੱਟਦੇ।

***


ਪੁਸਤਕ **ਲੰਮੇ ਪੈਂਡਿਆਂ ਦਾ ਪਾਂਧੀ**:ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ। - **ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

ਪੰਨੇ: 320 ਮੁੱਲ: 280/-

## ਪਾਠਕ ਪ੍ਰਕਿਰਿਆ

ਸੰਪਾਦਕ ਸਾਹਿਬ, ਅਦਾਬ 'ਪ੍ਰਵਚਨ' ਦਾ ਲਗਭਗ ਪੰਦਰਾਂ ਸਾਲ ਤੋਂ ਪਾਠਕ ਹਾਂ। ਹਰ ਵਾਰ ਪੜ੍ਹਣ ਤੋਂ ਬਾਅਦ ਲਿਖਣ ਬਾਰੇ ਸੋਚਦਾ ਹਾਂ ਪਰ ਘੌਲ ਹੋ ਜਾਂਦੀ ਹੈ। ਰਜਨੀਸ਼ ਬਹਾਦਰ ਸਿੰਘ ਦੀ ਸੰਪਾਦਕੀ ਅਤੇ 'ਮਿੱਟੀ ਬੋਲ ਪਈ' ਬਾਰੇ ਲੇਖਾਂ ਨੇ ਮਜ਼ਬੂਰ ਕੀਤਾ। ਜਨਾਬ! ਤੁਹਾਡੇ ਪਰਚੇ ਦੀ ਸੰਪਾਦਕੀ ਦਾ ਮੈਂ ਕਾਇਲ ਹਾਂ। ਇਕ ਵਿਸ਼ਾ ਲੈਣਾ ਅਤੇ ਨਿੱਠ ਕੇ ਲਿਖਣਾ। ਇਹ ਸੰਪਾਦਕੀ 'ਪ੍ਰਵਚਨ' ਨੂੰ ਬਾਕੀ ਪੰਜਾਬੀ ਪਰਚਿਆਂ ਨਾਲੋਂ ਵੱਖਰਾ ਕਰਦੀ ਹੈ। ਕਿਸਾਨੀ ਅੰਦੋਲਨ ਬਾਰੇ ਪੱਤਰਕਾਰੀ ਨੁਮਾ ਲੇਖ ਅਤੇ ਕਿਤਾਬਾਂ ਭਾਰ ਦੇ ਹਿਸਾਬ ਨਾਲ ਵਧ ਰਹੀਆਂ ਹਨ। ਤੁਸੀਂ ਕਿਸਾਨੀ ਸੰਘਰਸ਼ ਨੂੰ ਇਕ ਇਤਿਹਾਸਕ ਪਰਿਪੇਖ 'ਚੋਂ ਲਿਖਿਆ ਅਤੇ ਇਸ ਤੋਂ ਪ੍ਰਭਾਵਿਤ ਸਿਰਜਣਕਾਰੀ ਦਾ ਜ਼ਿਕਰ ਕੀਤਾ ਹੈ। ਰਚਨਾ ਦੀਆਂ ਅੰਤਰੀਵ ਪਰਤਾਂ-16 ਅਦੀਬ ਬਲਬੀਰ ਮਾਧੋਪੁਰੀ ਦੇ ਨਾਵਲ ਬਾਰੇ ਨਿੱਠ ਕੇ ਲਿਖਿਆ ਹੈ। ਮੈਂ ਪੜ੍ਹਿਆ। ਇਹ ਨਾਵਲ ਦਲਿਤ ਜੀਵਨ ਦੇ ਬਣੇ ਬਣਾਏ ਫਾਰਮੂਲੇ ਉਤੇ ਹੈ। ਤੁਸੀਂ ਅਖ਼ੀਰ ਵਿਚ ਵਿਚਾਰਧਾਰਾ ਉਤੇ ਸੁਆਲ ਵੀ ਉਠਾਇਆ ਹੈ। ਕਹਾਣੀਆਂ ਤਿੰਨੋ ਠੀਕ ਹਨ, ਜਿਹੋ ਜਿਹੀਆਂ ਲਿਖੀਆਂ ਜਾ ਰਹੀਆਂ ਹਨ। ਆਨੰਦ ਸਾਹਿਬ ਦਾ ਪੁਰਾਣਾ ਲੇਖ ਕਮਾਲ ਹੈ। ਬਾਕੀ ਵੀ ਠੀਕ ਹਨ। ਖੋਜਾਰਥੀਆਂ ਲਈ ਇਹ ਪਰਚਾ ਬਹੁਤ ਵਧੀਆ ਹੈ। ਗਜ਼ਲਾਂ ਬਹੁਤ ਵਧੀਆ ਹਨ। ਇਹਨਾਂ ਵਿਚੋਂ ਇੰਗਲੈਂਡ ਵਿਚ ਲਿਖੀ ਜਾ ਰਹੀ ਗ਼ਜ਼ਲ ਦਾ ਰੰਗ ਉਭਰਦਾ ਹੈ। ਤੁਹਾਡੀ ਟੀਮ ਦੀ ਮਿਹਨਤ ਨੂੰ ਸਲਾਮ।

**-ਪ੍ਰੋ. ਇਕਬਾਲ ਸਿੰਘ**
**ਸ਼ਕਤੀ ਨਗਰ, ਬਠਿੰਡਾ**

ਰਜਨੀਸ਼ ਸਰ, ਨਮਸਕਾਰ, ਸਰ ਮੈਂ ਤੁਹਾਡੀ ਵਿਦਿਆਰਥਣ ਹਾਂ। ਮੈਂ 'ਪ੍ਰਵਚਨ' ਪਿਛਲੇ ਪੰਜ ਸਾਲ ਤੋਂ ਪੜ੍ਹ ਰਹੀ ਹਾਂ। ਮੈਨੂੰ ਪੜ੍ਹਣਾ ਚੰਗਾ ਲਗਦਾ ਹੈ। ਮੈਂ ਕਵਿਤਾ ਲਿਖਦੀ ਹਾਂ। ਜੇ ਭੇਜਾਂ ਤਾਂ ਛਾਪ ਦਿਓਗੇ? ਤੁਹਾਡੇ ਲੇਖ ਤੁਹਾਡੇ ਲੈਕਚਰ ਵਰਗੇ ਹੀ ਹੁੰਦੇ ਹਨ। ਕਹਾਣੀਆਂ ਅਤੇ ਕਵਿਤਾਵਾਂ ਚੰਗੀਆਂ ਲੱਗੀਆਂ। ਪਰਚਾ ਮੈਂ ਚੰਡੀਗੜ੍ਹ ਪੰਜਾਬ ਬੁੱਕ ਸੈਂਟਰ ਤੋਂ ਲੈ ਲੈਂਦੀ ਹਾਂ। ਉਹ ਤੁਹਾਨੂੰ ਜਾਣਦੇ ਹਨ।

**-ਜਸਵਿੰਦਰ ਕੌਰ ਸੰਘਾ**
**ਸੰਨੀ ਇਨਕਲੇਵ ਖਰੜ**

ਸੰਪਾਦਕ ਜੀ, 'ਪ੍ਰਵਚਨ' 83 ਅੰਕ ਦੀ ਸਮੱਗਰੀ ਬਹੁਤ ਵਧੀਆ ਲੱਗੀ। ਆਲੋਚਨਾਤਮਕ ਲੇਖ ਚੰਗੇ ਹਨ। ਜਗਜੀਤ ਸਿੰਘ ਆਨੰਦ ਦੀ ਲਿਖਤ ਅਤੇ ਉਹਨਾਂ ਦੀ ਯਾਦ ਤਾਜ਼ਾ ਕਰ ਦਿੱਤੀ। ਪਰਵਾਨਾ ਮੇਰਾ ਪਸੰਦੀਦਾ ਕਹਾਣੀਕਾਰ ਹੈ। 'ਉਸ ਨੇ ਮਰ ਹੀ ਜਾਣਾ ਸੀ' ਕਹਾਣੀ ਨੇ ਪੰਜਾਬ ਦੀ ਬਰਬਾਦ ਹੁੰਦੀ ਜਵਾਨੀ ਦੀ ਚਿੱਤਰ ਅੱਖਾਂ ਅੱਗੇ ਲਿਆ ਦਿੱਤਾ। ਮਾਧੋਪੁਰੀ ਦੇ ਨਾਵਲ ਬਾਰੇ ਨਿੱਠ ਕੇ ਲਿਖਿਆ ਚੰਗਾ ਲੱਗਾ। ਨਾਵਲ ਪੜ੍ਹਣ ਦੀ ਇੱਛਾ ਜਾਗ ਉਠੀ। ਕਵਿਤਾਵਾਂ ਵਾਲਾ ਹਿੱਸਾ ਵੀ ਠੀਕ ਹੈ।

**-ਸੰਦੀਪ ਸਿੰਘ**
**ਪ੍ਰੇਮ ਨਗਰ, ਅੰਬਾਲਾ**